SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938

ਹਫਤਾਵਾਰੀ
# ਦੇਸ਼ ਦੁਆਬਾ
VOL -10 ISSUE - 28
October 20, 2021
Postal Address
Desh Doaba
5101 Doe Hollow Pl., Antelope, CA-95843
www.deshdoaba.com
www.ambedkartimes.com

Golden State Truck Sales Inc.
ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ
Call : Dharminder Singh
Cell : 530-870-6600
Email: myfuturetruck@gmail.com

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ



ਅਦਾਰਾ 'ਅੰਬੇਦਕਰ ਟਾਈਮਜ਼' ਅਤੇ 'ਦੇਸ਼ ਦੁਆਬਾ' ਵੱਲੋਂ ਦੁਨੀਆਂ ਭਰ 'ਚ ਮਨਾਏ ਜਾ ਰਹੇ ਭਗਵਾਨ ਵਾਲਮੀਕ ਜੀ ਦੇ ਪ੍ਰਗਟ ਦਿਵਸ ਦੀਆਂ ਲੱਖ-ਲੱਖ ਵਧਾਈਆਂ।
***(ਸਬੰਧਤ ਇਸ਼ਤਿਹਾਰ ਦੇਖੋ ਸਫਾ 2 'ਤੇ ਅਤੇ ਲੇਖ-ਖਬਰਾਂ ਅੰਦਰ ਦੇਖੋ)***



ਭਾਰਤ ਦੇ ਦਸਵੇਂ ਰਾਸ਼ਟਰਪਤੀ ਡਾ. ਕੇ. ਆਰ. ਨਰਾਇਣਨ ਨੂੰ ਉਹਨਾਂ ਦੇ ਜਨਮ ਦਿਨ 'ਤੇ ਯਾਦ ਕਰਦਿਆਂ ਅਦਾਰਾ 'ਅੰਬੇਦਕਰ ਟਾਈਮਜ਼' ਅਤੇ 'ਦੇਸ਼ ਦੁਆਬਾ' ਉਹਨਾਂ ਦੇ ਯੋਗਦਾਨ ਨੂੰ ਕੋਟਿ-ਕੋਟਿ ਪ੍ਰਣਾਮ ਕਰਦਾ ਹੈ।

# ਅਮਰੀਕਾ ਨੇ ਇੰਟਰਨੈਸ਼ਨਲ ਟ੍ਰੈਵਲ ਦੀਆਂ ਪਾਬੰਦੀਆਂ ਘਟਾਈਆਂ

**ਵਾਸ਼ਿੰਗਟਨ (ਬਿਊਰੋ)-** ਕੋਰੋਨਾ ਸੰਕਟ ਦੌਰਾਨ ਅਮਰੀਕਾ ਨੇ ਆਪਣੀ ਇੰਟਰਨੈਸ਼ਨਲ ਟ੍ਰੈਵਲ ਪਾਲਿਸੀ 'ਚ ਵੱਡਾ ਬਦਲਾਅ ਕੀਤਾ ਹੈ। ਅਮਰੀਕਾ ਜਾਣ ਵਾਲੇ ਭਾਰਤ ਸਮੇਤ ਦੂਸਰੇ ਦੇਸ਼ਾਂ ਦੇ ਯਾਤਰੀਆਂ ਲਈ ਇਹ ਇਕ ਵੱਡੀ ਖੁਸ਼ਖਬਰੀ ਹੈ। ਅਮਰੀਕਾ ਨੇ ਸ਼ੁੱਕਰਵਾਰ ਨੂੰ ਵਿਦੇਸ਼ ਤੋਂ ਆਉਣ ਵਾਲੇ ਯਾਤਰੀਆਂ ਨੂੰ ਲੈ ਕੇ ਨਵੀਂ ਇੰਟਰਨੈਸ਼ਨਲ ਟ੍ਰੈਵਲ ਪਾਲਿਸੀ ਦਾ ਐਲਾਨ ਕੀਤਾ ਹੈ ਜਿਸ ਤਹਿਤ ਸਿਰਫ਼ ਪੂਰੀ ਤਰ੍ਹਾਂ ਨਾਲ ਕੋਰੋਨਾ ਦਾ ਟੀਕਾ ਲਗਾ ਚੁੱਕੇ ਲੋਕਾਂ ਨੂੰ ਹੀ ਅਮਰੀਕਾ 'ਚ 8 ਨਵੰਬਰ ਤੋਂ ਐਂਟਰੀ ਮਿਲੇਗੀ। ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕੋਰੋਨਾ ਮਹਾਮਾਰੀ ਦੀ ਸ਼ੁਰੂਆਤ 'ਚ ਵਿਦੇਸ਼ੀ ਯਾਤਰੀਆਂ ਦੀ ਅਮਰੀਕਾ 'ਚ ਐਂਟਰੀ ਬੈਨ ਕਰ ਦਿੱਤੀ ਸੀ। ਹੁਣ ਰਾਸ਼ਟਰਪਤੀ ਬਾਇਡਨ ਦੀ ਨਵੀਂ ਨੀਤੀ ਨਾਲ ਭਾਰਤ ਵਰਗੇ ਦੇਸ਼ਆਂ ਦੇ ਲੋਕਾਂ ਨੂੰ ਯਾਤਰਾ ਸਬੰਧੀ ਪਾਬੰਦੀ ਤੋਂ ਰਾਹਤ ਮਿਲ ਗਈ ਹੈ। ਵ੍ਹਾਈਟ ਹਾਊਸ ਦੇ ਪ੍ਰੈੱਸ ਸਕੱਤਰ ਕੇਵਿਨ ਮੁਨੋਜ ਨੇ ਕਿਹਾ ਕਿ ਇਹ ਨਿਯਮ ਕੌਮਾਂਤਰੀ ਹਵਾਈ ਤੇ ਸੜਕ ਯਾਤਰਾ ਦੋਵਾਂ 'ਤੇ ਲਾਗੂ ਰਹੇਗਾ। ਵਿਦੇਸ਼ੀ ਯਾਤਰੀ ਜੋ ਪੂਰੀ ਤਰ੍ਹਾਂ ਨਾਲ ਕੋਰੋਨਾ ਦੇ ਦੋਵੇਂ ਟੀਕੇ ਲਗਾ ਚੁੱਕੇ ਹਨ, ਉਹ 8 ਨਵੰਬਰ ਤੋਂ ਅਮਰੀਕਾ ਦੀ ਯਾਤਰਾ ਕਰ ਸਕਣਗੇ।



ਵਿਦੇਸ਼ੀ ਨਾਗਰਿਕਾਂ ਨੂੰ ਬੋਰਡਿੰਗ ਵੇਲੇ ਟੀਕਾਕਰਨ ਦਾ ਪਰੂਫ਼ ਦੇਣਾ ਪਵੇਗਾ। ਇਸ ਤੋਂ ਇਲਾਵਾ ਫਲਾਈਟ ਦੇ ਤਿੰਨ ਦਿਨਾਂ ਅੰਦਰ ਕੋਰੋਨਾ ਨੈਗੇਟਿਵ ਰਿਪੋਰਟ ਵੀ ਪੇਸ਼ ਕਰਨੀ ਪਵੇਗੀ। ਬਾਇਡਨ ਪ੍ਰਸ਼ਾਸਨ ਦੇ ਕੋਰੋਨਾ ਕੋਆਰਡੀਨੇਟਰ ਜੈਫ ਜਿਏਂਟਸ ਨੇ ਕਿਹਾ ਕਿ ਪੂਰੀ ਤਰ੍ਹਾਂ ਨਾਲ ਵੈਕਸੀਨੇਟਿਡ ਲੋਕਾਂ ਨੂੰ ਕੁਆਰੰਟਾਈਨ ਨਹੀਂ ਹੋਣਾ ਪਵੇਗਾ।

# ਨਹੀਂ ਰਹੇ ਸਾਬਕਾ ਵਿਦੇਸ਼ ਮੰਤਰੀ ਕੋਲਿਨ ਪਾਵੇਲ

**ਫਰਿਜ਼ਨੋ (ਕੈਲੀਫੋਰਨੀਆ) (ਗੁਰਿੰਦਰਜੀਤ ਨੀਟਾ ਮਾਛੀਕੇ)-** ਅਮਰੀਕਾ ਵਿੱਚ ਕੋਰੋਨਾ ਵਾਇਰਸ ਦਾ ਪ੍ਰਕੋਪ ਅਜੇ ਵੀ ਬਰਕਰਾਰ ਹੈ, ਜਿਸ ਕਾਰਨ ਲੋਕ ਆਪਣੀਆਂ ਜਾਨਾਂ ਗਵਾ ਰਹੇ ਹਨ । ਇਸੇ ਪ੍ਰਕੋਪ ਦੇ ਚਲਦਿਆਂ ਅਮਰੀਕਾ ਦੇ ਸਾਬਕਾ ਵਿਦੇਸ਼ ਮੰਤਰੀ ਅਤੇ ਫੋਰ ਸਟਾਰ ਜਨਰਲ ਕੋਲਿਨ ਪਾਵੇਲ ਦੀ ਸੋਮਵਾਰ ਨੂੰ ਕੋਵਿਡ-19 ਦੀਆਂ ਪੇਚੀਦਗੀਆਂ ਕਾਰਨ 84 ਸਾਲ ਦੀ ਉਮਰ ਵਿੱਚ ਮੌਤ ਹੋ ਗਈ ਹੈ। ਕੋਲਿਨ ਪਾਵੇਲ ਵਾਲਟਰ ਰੀਡ ਨੈਸ਼ਨਲ ਮੈਡੀਕਲ ਸੈਂਟਰ ਵਿੱਚ ਇਲਾਜ ਕਰਵਾ ਰਹੇ ਸਨ। ਕੋਲਿਨ ਪਾਵੇਲ, ਜੋ ਅਮਰੀਕਾ ਦੇ ਵਿਦੇਸ਼ ਮੰਤਰੀ ਵਜੋਂ ਸੇਵਾ ਕਰਨ ਵਾਲੇ ਪਹਿਲੇ ਗੈਰ ਗੋਰੇ ਵਿਅਕਤੀ ਸਨ, ਦੀ ਮੌਤ ਬਾਰੇ ਉਹਨਾਂ ਦੇ ਪਰਿਵਾਰ ਨੇ ਸੋਮਵਾਰ ਨੂੰ ਆਪਣੇ ਫੇਸਬੁੱਕ ਪੇਜ 'ਤੇ ਇੱਕ ਪੋਸਟ ਵਿੱਚ ਜਾਣਕਾਰੀ ਦਿੱਤੀ। ਉਨ੍ਹਾਂ ਨੇ ਕਿਹਾ,"ਅਸੀਂ ਇੱਕ ਸ਼ਾਨਦਾਰ ਸ਼ਖ਼ਸੀਅਤ ਅਤੇ ਪਿਆਰ ਕਰਨ ਵਾਲੇ ਪਤੀ, ਪਿਤਾ, ਦਾਦਾ ਅਤੇ ਇੱਕ ਮਹਾਨ ਅਮਰੀਕੀ ਨੂੰ ਗੁਆ ਦਿੱਤਾ ਹੈ।"



ਪਰਿਵਾਰ ਅਨੁਸਾਰ ਕੋਲਿਨ ਨੂੰ ਕੋਵਿਡ -19 ਦੇ ਵਿਰੁੱਧ ਟੀਕਾ ਲਗਾਇਆ ਗਿਆ ਸੀ, ਪਰ ਆਖਰਕਾਰ ਕੋਰੋਨਾ ਦੀਆਂ ਪੇਚੀਦਗੀਆਂ ਨੇ ਉਹਨਾਂ ਦੀ ਜਾਨ ਲੈ ਲਈ।ਉਹਨਾਂ ਦੇ ਪਰਿਵਾਰ ਨੇ ਵਾਲਟਰ ਰੀਡ ਨੈਸ਼ਨਲ ਮੈਡੀਕਲ ਸੈਂਟਰ ਦੇ ਮੈਡੀਕਲ ਸਟਾਫ ਦਾ ਕੋਲਿਨ

SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜ਼ਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms , Citizenship, Spouse/Family Petitions, Study Visas
MANDEEP SANDHU
All Kinds of Immigration Forms/Petitions/Visa
WE OPEN 7-DAYS A WEEK
ਵੀਜ਼ਾ
Note: I am not an Immigration Attorney.
3222 PENELOPE DR. STOCKTON, CA- 95212
(NEAR HWY 99 ON MORADA LANE)
(209-373-3562) msandhu2014@gmail.com


DR. TAKHAR'S FAMILY MEDICINE & URGENT CARE CLINIC
8191 Timberlake Way, Suite # 400, Sacramento, CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM, Saturday 9:00 AM - 4:00 PM & Sunday closed
Dr. Paramjit S Takhar, MD
Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC

BAGGA JEWELERS
916-912-8842, 916-329-8772
SINCE 1996
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।
Sandeep Jony Bagga
6930 65TH STREET # 115 SACRAMENTO CA 95823

MAJESTIC HOMES
RAMESH SUMAN
Broker Realtor
RCS-D
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation (Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539



ਭਗਵਾਨ ਵਾਲਮੀਕ ਜੀ



ਸਤਿਗੁਰ ਗਿਆਨ ਨਾਥ ਜੀ




ਭਗਵਾਨ ਵਾਲਮੀਕ ਤੀਰਥ, ਅੰਮ੍ਰਿਤਸਰ

# ਸ੍ਰਿਸ਼ਟੀਕਰਤਾ ਭਗਵਾਨ ਵਾਲਮੀਕ ਜੀ ਦੇ ਪਵਿੱਤਰ ਪ੍ਰਗਟ ਦਿਵਸ ਦੀਆਂ ਦੁਨੀਆਂ ਭਰ 'ਚ ਬੈਠੀ ਭਗਵਾਨ ਵਾਲਮੀਕ ਨਾਮ ਲੇਵਾ ਸੰਗਤ ਨੂੰ ਲੱਖ-ਲੱਖ ਮੁਬਾਰਕਾਂ ਜੀ

## ਭਗਵਾਨ ਵਾਲਮੀਕ ਜੀ ਦਾ ਪਵਿੱਤਰ ਪ੍ਰਗਟ ਦਿਵਸ 24 ਅਕਤੂਬਰ ਤੋਂ 31 ਅਕਤੂਬਰ 2021 ਤੱਕ 84/86 ਪਰਸੀ ਐਵਨਿਊ, ਯੂਬਾ ਸਿਟੀ ਵਿਖੇ ਬਹੁਤ ਹੀ ਸਤਿਕਾਰ ਤੇ ਸ਼ਰਧਾ ਨਾਲ ਮਨਾਇਆ ਜਾ ਰਿਹਾ ਹੈ ਜੀ



ਪ੍ਰੇਮ ਲਾਲ ਸੌਂਧੀ,
ਚੇਅਰਮੈਨ
530-813-3877




ਸੰਤੋਖ ਸਿੰਘ ਗਿੱਲ,
ਜਨਰਲ ਸਕੱਤਰ
530-740-3056





ਪਲਵਿੰਦਰ ਸਿੰਘ ਸਹੋਤਾ
ਵਾਈਸ ਚੇਅਰਮੈਨ
530-301-0657

ਸਮੂਹ ਸੰਗਤਾਂ ਨੂੰ ਸੱਤੇ ਦਿਨ ਗੁਰੂ ਚਰਨਾਂ ਹਾਜ਼ਰੀਆਂ ਲਗਵਾਉਣ ਦੀ ਬੇਨਤੀ ਕੀਤੀ ਜਾਂਦੀ ਹੈ

## ਮਹਾਂਰਿਸ਼ੀ ਵਾਲਮੀਕ ਸਭਾ ਯੂ. ਐਸ. ਏ. (ਯੂਬਾ ਸਿਟੀ) ਕੈਲੇਫੋਰਨੀਆ
84/86 ਪਰਸੀ ਐਵਨਿਊ, ਯੂਬਾ ਸਿਟੀ (ਕੈਲੇਫੋਰਨੀਆ)

# ਭਗਵਾਨ ਵਾਲਮੀਕ ਜੀ ਪ੍ਰਗਟ ਦਿਵਸ 31 ਅਕਤੂਬਰ ਨੂੰ ਮਨਾਇਆ ਜਾਵੇਗਾ



**ਯੂਬਾ ਸਿਟੀ–** ਮਹਾਂਰਿਸ਼ੀ ਵਾਲਮੀਕ ਸਭਾ ਦੀ ਵਿਸ਼ੇਸ਼ ਮੀਟਿੰਗ ਪ੍ਰਧਾਨ ਜਗਜੀਤ ਸਿੰਘ ਗਿੱਲ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿਚ ਸਰਬਸੰਮਤੀ ਨਾਲ ਫੈਸਲਾ ਕੀਤਾ ਗਿਆ ਕਿ ਭਗਵਾਨ ਵਾਲਮੀਕ ਜੀ ਦਾ ਪਵਿੱਤਰ ਪ੍ਰਗਟ ਦਿਵਸ 24 ਅਕਤੂਬਰ ਤੋਂ 31 ਅਕਤੂਬਰ ਤੱਕ ਮਨਾਇਆ ਜਾਵੇਗਾ। ਪਵਿੱਤਰ ਗ੍ਰੰਥ ਸ੍ਰੀ ਯੋਗ ਵਸ਼ਿਸ਼ਟ ਸਾਹਿਬ ਦੇ ਪਾਠ 17 ਅਕਤੂਬਰ ਨੂੰ ਆਰੰਭ ਕਰ ਦਿੱਤੇ ਗਏ ਹਨ। ਨਿਸ਼ਾਨ ਸਾਹਿਬ ਦੀ ਸੇਵਾ 30 ਅਕਤੂਬਰ 2021 ਦਿਨ ਸ਼ਨਿਚਰਵਾਰ ਨੂੰ ਹੋਵੇਗੀ ਅਤੇ ਪਾਠ ਦੇ ਭੋਗ 31 ਅਕਤੂਬਰ 2021 ਦਿਨ ਐਤਵਾਰ ਨੂੰ ਸਵੇਰੇ 10.30 ਵਜੇ ਪਾਏ ਜਾਣਗੇ। ਭੋਗ ਤੋਂ ਬਾਅਦ ਸ਼ਬਦਗਾਨ, ਕਥਾਵਾਚਕ ਤੇ ਬੁਲਾਰੇ ਸਾਹਿਬਾਨ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਨਗੇ। ਗੁਰੂ ਕੇ ਲੰਗਰ ਅਤੁੱਟ ਵਰਤਣਗੇ। ਸੋ, ਸੰਗਤਾਂ ਦੇ ਚਰਨਾਂ ’ਚ ਬੇਨਤੀ ਹੈ ਕਿ ਗੁਰੂ ਸਾਹਿਬ ਦੇ ਪ੍ਰਗਟ ਦਿਵਸ ਦੀਆਂ ਖੁਸ਼ੀਆਂ ਮਨਾਉਣ ਲਈ ਮੰਦਰ ਆ ਕੇ ਗੁਰੂ ਚਰਨਾਂ ’ਚ ਹਾਜ਼ਰੀਆਂ ਲਗਵਾ ਕੇ ਜੀਵਨ ਸਫਲਾ ਕਰੋ ਜੀ। ਪ੍ਰੈਸ ਨੂੰ ਇਹ ਜਾਣਕਾਰੀ ਸਭਾ ਦੇ ਜਨਰਲ ਸਕੱਤਰ ਸੰਤੋਖ ਸਿੰਘ ਗਿੱਲ ਵੱਲੋਂ ਦਿੱਤੀ ਗਈ।



ਮੈਂ, ਚਮਕੌਰ ਸਾਹਿਬ ਦੇ ਵੱਖ ਵੱਖ ਪਿੰਡਾਂ ਦਾ ਦੌਰਾ ਕੀਤਾ, ਚਮਕੌਰ ਸਾਹਿਬ ਮੇਰਾ ਘਰ ਹੈ, ਅੱਜ ਮੈਂ ਜੋ ਵੀ ਹਾਂ ਇੱਥੋਂ ਦੇ ਲੋਕਾਂ ਦੀ ਬਦੌਲਤ ਹਾਂ। ਮੇਰਾ ਸੁਪਨਾ ਹੈ ਕਿ ਪੰਜਾਬ ਦੇ ਸਾਰੇ ਪਿੰਡਾਂ ਦਾ ਚਹੁੰ-ਪੱਖੀ ਵਿਕਾਸ ਹੋਵੇ, ਜਿਸਦੀ ਸ਼ੁਰੂਆਤ ਚਮਕੌਰ ਸਾਹਿਬ ਤੋਂ ਕਰ ਦਿੱਤੀ ਗਈ ਹੈ ਤੇ ਅੱਜ ਦੂਜੇ ਦਿਨ ਮੋਰਿੰਡਾ ਬਲਾਕ ਦੇ ਪਿੰਡ ਦਤਾਰਪੁਰ, ਕਲਾਰਾਂ, ਸਰਹਾਨਾ, ਲੁਥੇਰੀ, ਅਰਨੌਲੀ, ਕੈਨੌਰ, ਧਨੌਰੀ ਅਤੇ ਢੰਗਰਾਲੀ ਵਿਖੇ ਗ੍ਰਾਂਟ ਚੈੱਕ ਵੰਡੇ ਤੇ ਪਿੰਡ ਵਾਸੀਆਂ ਨੂੰ ਯਕੀਨ ਦਿਵਾਇਆ ਕਿ ਪਿੰਡਾਂ ਦੀ ਨੁਹਾਰ ਬਦਲਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ। (ਮੁੱਖ ਮੰਤਰੀ ਸ. ਚਰਨਜੀਤ ਸਿੰਘ ਚੰਨੀ, ਫੇਸਬੁਕ ਪੇਜ)

# ਭਗਵਾਨ ਵਾਲਮੀਕਿ ਤੀਰਥ ਅਸਥਾਨ ਨਤਮਸਤਕ ਹੋਏ ਮੁੱਖ ਮੰਤਰੀ ਚੰਨੀ

**ਅੰਮ੍ਰਿਤਸਰ–** ਭਗਵਾਨ ਵਾਲਮੀਕਿ ਤੀਰਥ ਵਿਖੇ ਭਗਵਾਨ ਵਾਲਮੀਕਿ ਜੀ ਦੇ ਪ੍ਰਕਾਸ਼ ਦਿਵਸ ਮੌਕੇ ਰਾਜ ਪੱਧਰੀ ਸਮਾਗਮ ਵਿਚ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਵਿਸ਼ੇਸ਼ ਤੌਰ ਉਤੇ ਸ਼ਿਰਕਤ ਕੀਤੀ। ਇਸ ਮੌਕੇ ਸਭ ਤੋਂ ਪਹਿਲਾਂ ਉਹ ਭਗਵਾਨ ਵਾਲਮੀਕਿ ਤੀਰਥ ਵਿਖੇ ਨਤਮਸਤਕ ਹੋਏ। ਉਪਰੰਤ ਉਨ੍ਹਾਂ 25 ਕਰੋੜ ਰੁਪਏ ਦੀ ਲਾਗਤ ਨਾਲ ਤਿਆਰ ਹੋਣ ਵਾਲੇ ਪਨੋਰਮਾ ਦਾ ਨੀਂਹ ਪੱਥਰ ਸਮੇਤ ਕਈ ਹੋਰ ਪ੍ਰਾਜੈਕਟਾਂ ਦਾ ਐਲਾਨ ਕੀਤਾ। ਇਸ ਮੌਕੇ ਰਾਜ ਪੱਧਰੀ ਸਮਾਗਮ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਕਿਹਾ ਕਿ ਹੁਣ ਪੰਜਾਬ ਵਿਚ ਹਰ ਪੱਧਰ ਹੀ ਭਰਤੀ ਬਿਨਾਂ ਰਿਸ਼ਵਤ ਤੋਂ ਹੋਵੇਗੀ ਅਤੇ ਇਸ ਦੇ ਲਈ ਕਿਸੇ ਨੂੰ ਵੀ ਇਕ ਪੈਸਾ ਦੇਣ ਦੀ ਲੋੜ ਨਹੀਂ ਹੈ। ਉਨ੍ਹਾਂ ਐਲਾਨ ਕੀਤਾ ਕਿ ਗੁਰੂ ਨਾਨਕ ਦੇਵ ਵਰਸਿਟੀ ਵਿਚ ਭਾਈ ਜੀਵਨ ਸਿੰਘ ਜੀ ਦੇ ਨਾਂ ਉਤੇ ਇਕ ਚੇਅਰ ਸਥਾਪਤ ਕੀਤੀ ਜਾਵੇਗੀ, ਜਿਸ ਲਈ ਹਰ ਸਾਲ ਪੰਜ ਕਰੋੜ ਰੁਪਏ ਦਿੱਤੇ ਜਾਣਗੇ। ਉਨ੍ਹਾਂ ਕਿਹਾ ਕਿ ਬੇਘਰੇ ਲੋਕਾਂ ਲਈ ਮੇਰਾ ਘਰ ਮੇਰੇ ਨਾਂ ਦੀ ਸਕੀਮ ਸ਼ੁਰੂ ਕੀਤੀ ਜਾਵੇਗੀ, ਜਿਸ ਤਹਿਤ ਬੇਘਰੇ ਲੋਕਾਂ ਨੂੰ ਪੰਜ ਪੰਜ ਮਰਲੇ ਦੇ ਪਲਾਟ ਦਿੱਤੇ ਜਾਣਗੇ। ਉਨ੍ਹਾਂ ਨੇ ਕਿਹਾ ਕਿ ਜਿਹੜੇ ਲੋਕ ਲਾਲ ਲਕੀਰ ਵਾਲੀ ਜ਼ਮੀਨ ਅੰਦਰ ਰਹਿ ਰਹੇ ਹਨ, ਉਨ੍ਹਾਂ ਲੋਕਾਂ ਨੂੰ ਜ਼ਮੀਨ ਦੇ ਮਾਲਕੀ ਹੱਕ ਦਿੱਤੇ ਜਾਣਗੇ ਅਤੇ ਇਸ ਯੋਜਨਾ ਤਹਿਤ ਦੀਵਾਲੀ ਤੋਂ ਪਹਿਲਾਂ ਪਹਿਲਾਂ ਕੰਮ ਕਰਨਾ ਸ਼ੁਰੂ ਕਰ ਦਿੱਤਾ ਜਾਵੇਗਾ। ਇਸ ਦੇ ਨਾਲ ਹੀ ਉਨ੍ਹਾਂ




ਐਲਾਨ ਕੀਤਾ ਕਿ ਸਫਾਈ ਸੇਵਕਾਂ ਨੂੰ ਹਰ ਹਫਤੇ ਹਫ਼ਤਾਵਾਰੀ ਛੁੱਟੀ ਦਿੱਤੀ ਜਾਵੇਗੀ। ਮੁੱਖ ਮੰਤਰੀ ਚੰਨੀ ਨੇ ਅਕਾਲੀਆਂ ਉੱਤੇ ਹਮਲਾ ਕਰਦਿਆਂ ਕਿਹਾ ਕਿ ਉਹ ਪੰਜਾਬ ਦਾ ਖ਼ਜ਼ਾਨਾ ਲੁੱਟ ਕੇ ਖਾ ਗਏ ਹਨ। ਉਨ੍ਹਾਂ ਨੇ ਲੋਕਾਂ ਨੂੰ ਨਸ਼ੇੜੀ ਬਣਾ ਦਿੱਤਾ। ਪੰਜਾਬ ਦੇ ਲੋਕ ਅਕਾਲੀਆਂ ਨੂੰ ਕਦੇ ਵੀ ਮੁਆਫ ਨਹੀਂ ਕਰਨਗੇ ਉਨ੍ਹਾਂ ਕਿਹਾ ਕਿ ਪੰਜਾਬ ਦਾ ਖਜ਼ਾਨਾ ਆਮ ਲੋਕਾਂ ਲਈ ਭਰਿਆ ਹੋਇਆ ਹੈ। ਉਨ੍ਹਾਂ ਸੂਬੇ ਦੇ ਲੋਕਾਂ ਨੂੰ ਭਗਵਾਨ ਵਾਲਮੀਕਿ ਜੀ ਦੇ ਜਨਮ ਦਿਹਾੜੇ ਦੀ ਵਧਾਈ ਦਿੰਦੇ ਹੋਏ ਉਨ੍ਹਾਂ ਵੱਲੋਂ ਦਿੱਤੀਆਂ ਸਿੱਖਿਆਵਾਂ ਉਤੇ ਚੱਲਣ ਲਈ ਕਿਹਾ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਹੁਣ ਆਮ ਜਨਤਾ ਦੀ ਸਰਕਾਰ ਹੈ। ਇਸ ਮੌਕੇ ਸੰਬੋਧਨ ਕਰਦੇ ਹੋਏ ਉਪ ਮੁੱਖ ਮੰਤਰੀ ਓਮ ਪ੍ਰਕਾਸ਼ ਸੋਨੀ, ਪੰਜਾਬ ਵਿਧਾਨ ਸਭਾ ਦੇ ਸਪੀਕਰ ਰਾਣਾ ਕੇਪੀ ਸਿੰਘ, ਕੈਬਨਿਟ ਮੰਤਰੀ ਡਾ ਰਾਜ ਕੁਮਾਰ ਵੇਰਕਾ ਨੇ ਕਿਹਾ ਕਿ ਪੰਜਾਬ ਵਿਚ ਮੁੜ ਮੁੱਖ ਮੰਤਰੀ ਚਰਨਜੀਤ ਚੰਨੀ ਦੀ ਅਗਵਾਈ ਵਿਚ ਕਾਂਗਰਸ ਦੀ ਸਰਕਾਰ ਬਣੇਗੀ। ਅੰਮ੍ਰਿਤਸਰ ਦੇ ਮੇਅਰ ਕਰਮਜੀਤ ਸਿੰਘ ਨੇ ਐਲਾਨ ਕੀਤਾ ਕਿ ਵਾਲਮੀਕਿ ਤੀਰਥ ਆਉਣ ਵਾਲੇ ਸ਼ਰਧਾਲੂਆਂ ਲਈ ਪੰਜਾਹ ਲੱਖ ਦੀ ਲਾਗਤ ਨਾਲ ਇਕ ਸਵਾਗਤੀ ਗੇਟ ਬਣਾਇਆ ਜਾਵੇਗਾ। ਇਸ ਤੋਂ ਇਲਾਵਾ ਨਗਰ ਨਿਗਮ ਪੰਝੀ ਲੱਖ ਰੁਪਏ ਨਾਲ ਵਾਲਮੀਕਿ ਤੀਰਥ ਦਾ ਇਕ ਮਾਡਲ ਤਿਆਰ ਕਰਕੇ ਦੇਵੇਗੀ। ਇਸ ਮੌਕੇ ਐ-ਮਐਲਏ ਪਵਨ ਆਦੀਆ, ਵਿਧਾਇਕ ਤਰਸੇਮ ਸਿੰਘ ਡੀਸੀ, ਵਿਧਾਇਕ ਹਰਪ੍ਰਤਾਪ ਸਿੰਘ ਅਜਨਾਲਾ ਨੇ ਵੀ ਸੰ-ਬੋਧਨ ਕੀਤਾ। ਰਾਜ ਪੱਧਰੀ ਸਮਾਗਮ ਵਿਚ ਹਿੱਸਾ ਲੈਣ ਲਈ ਵੱਡੀ ਗਿਣਤੀ ਸੰਗਤ ਵੀ ਪੁੱਜੀ ਹੋਈ ਸੀ। ਇਸ ਮੌਕੇ ਐਮਪੀ ਗੁਰਜੀਤ ਸਿੰਘ ਔਜਲਾ, ਐਮਪੀ ਮੁਹੰਮਦ ਸਦੀਕ, ਵਿਧ-ਾਇਕ ਸੁਨੀਲ ਦੱਤੀ, ਵਿਧਾਇਕ ਸੰਤੋਖ ਸਿੰਘ ਭਲਾਈਪੁਰ, ਪਨਸੀਡ ਦੇ ਚੇਅਰਮੈਨ ਜੁਗਲ ਕਿਸ਼ੋਰ ਸ਼ਰਮਾ, ਪੰਜਾਬ ਖਾਦੀ ਬੋਰਡ ਦੀ ਚੇਅਰਪਰਸਨ ਮਮਤਾ ਦੱਤਾ, ਜ਼ਿਲ੍ਹਾ ਕਾਂਗਰਸ ਅੰਮਿ-੍ਤਸਰ ਸ਼ਹਿਰੀ ਦੀ ਪ੍ਰਧਾਨ ਜਤਿੰਦਰ ਸੋਨੀਆ, ਸੀਨੀਅਰ ਡਿਪਟੀ ਮੇਅਰ ਰਮਨ ਬਖਸ਼ੀ ਆਦਿ ਮੌਜੂਦ ਸਨ।

# ਭਗਵਾਨ ਵਾਲਮੀਕਿ ਨੇ ਭਾਰਤੀ ਸੰਸਕ੍ਰਿਤੀ ਦੀ ਨੀਂਹ ਰੱਖੀ- ਵੇਰਕਾ

**ਵੇਰਕਾ–** ਵੇਰਕਾ ਦੀ ਪੱਤੀ ਬੱਗੇ ਵਾਲੀ ਵਿਖੇ ਭਗਵਾਨ ਵਾਲਮੀਕਿ ਨੌਜਵਾਨ ਸੇਵਕ ਸਭਾ ਵੱਲੋਂ ਇਲਾਕੇ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਆਦਿ ਕਵੀ ਭਗਵਾਨ ਵਾਲਮੀਕਿ ਜੀ ਦਾ ਜਨਮ ਦਿਵਸ ਬੜੀ ਸ਼ਰਧਾ 'ਤੇ ਧੂਮਧਾਮ ਨਾਲ ਮਨਾਇਆ। ਵਾਲਮੀਕਿ ਸਮਾਜ ਨਾਲ ਸਬੰਧਤ ਭਾਈਚਾਰੇ ਦੀਆਂ ਸੰਗਤਾਂ ਨੇ ਭਗਵਾਨ ਵਾਲਮੀਕਿ ਦੀ ਮਹਿਮਾਂ 'ਚ ਭਜਨ ਗਾਏ। ਭਗਵਾਨ ਵਾਲਮੀਕਿ ਨੌਜਵਾਨ ਸੇਵਕ ਸਭਾ ਦੇ ਸੱਦੇ ਤੇ ਵਿਸ਼ੇਸ਼ ਤੌਰ 'ਤੇ ਧਾਰਮਿਕ ਸਮਾਗਮ 'ਚ ਸ਼ਿਰਕਤ ਕਰਨ ਪਹੁੰਚੇ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਸਾਬਕਾ ਜਨਰਲ ਸਕੱਤਰ ਮਨਜੀਤ ਸਿੰਘ ਵੇਰਕਾ ਤੇ ਕਾਂਗਰਸੀ ਆਗੂ ਜਗਜੀਤ ਸਿੰਘ ਜੱਗਾ ਨੇ ਮੌਜੂਦ ਸੰਗਤ ਨੂੰ ਭਗਵਾਨ ਵਾਲਮੀਕਿ ਦੇ ਜਨਮ ਦਿਨ ਦੀ ਵਧਾਈ ਦਿੰਦੇ ਕਿਹਾ ਕਿ



ਭਗਵਾਨ ਵਾਲਮੀਕਿ ਜੀ ਨੇ ਰਮਾਇਣ ਨੂੰ ਮਾਧਿਆਮ ਬਣਾ ਕੇ ਭਾਰਤੀ ਸੰਸਕ੍ਰਿਤੀ ਦੀ ਐਸੀ ਨੀਂਹ ਰੱਖੀ, ਜਿਸ ਦੀ ਪ੍ਰੇਰਣਾ ਨਾਲ ਸਮੁੱਚੇ ਵਿਸ਼ਵ ਦਾ ਸਮਾਜ ਸੁੱਖ ਸ਼ਾਂਤੀ ਨਾਲ ਆਪਣਾ ਜੀਵਨ ਨਿਰਭਾਹ ਕਰ ਸਕਦਾ ਹੈ। ਸੇਵਕ ਸਭਾ ਵੱਲੋਂ ਮਨਜੀਤ ਸਿੰਘ ਵੇਰਕਾ, ਜਗਜੀਤ ਸਿੰਘ ਜੱਗਾ ਨੂੰ ਸਿਰੋਪਾਓ ਭੇਟ ਕਰ ਕੇ ਸਨਮਾਨਿਤ ਕੀਤਾ।


## Change of Name

I, Sarabjeet Singh Thind
s/o Balkar Singh
Currently Resident of:
3207 W Shields Ave, Apt 147
Fresno, CA-93722, U.S.A.

Now I have changed my name

**From:** Sarabjeet Singh Thind
**To:** Sarabjeet Singh

All concerned kindly note it.


# ਭਗਵਾਨ ਵਾਲਮੀਕਿ ਜੀ ਦੇ ਦਰਸਾਏ ਮਾਰਗ ’ਤੇ ਚੱਲਣ ਲਈ ਪ੍ਰੇਰਿਆ

**ਭਵਾਨੀਗੜ੍ਹ–** ਹਾਮੀ ਮਜ਼ਦੂਰ ਦੇ ਮੁੱਖ ਸਰਪ੍ਰਸਤ ਚਮਨਦੀਪ ਸਿੰਘ ਮਿਲਖੀ ਅਤੇ ਪ੍ਰਧਾਨ ਗੁਰਪ੍ਰੀਤ ਸਿੰਘ ਲਾਰਾ ਬਲਿਆਲ ਨੇ ਅੱਜ ਪਿੰਡ ਖੇੜੀ ਚੰਦਵਾਂ, ਮਾਝੀ, ਰਾਜਪੁਰਾ, ਮੁਨਸ਼ੀਵਾਲਾ, ਨਦਾਮਪੁਰ, ਮੱਟਰਾਂ, ਨਰੈਣਗੜ ਅਤੇ ਰਾਮਪੁਰਾ ਵਿਖੇ ਭਗਵਾਨ ਵਾਲਮੀਕਿ ਜੀ ਦੇ ਜਨਮ ਦਿਹਾੜੇ ਤੇ ਕਰਵਾਏ ਗਏ ਪ੍ਰੋਗਰਾਮਾਂ ਵਿੱਚ ਵਿਸੇਸ਼ ਤੌਰ 'ਤੇ ਹਾਜ਼ਰੀ ਲਗਵਾਈ। ਸਰਪ੍ਰਸਤ ਚਮਨਦੀਪ ਮਿਲਖੀ ਵੱਲੋਂ ਇਨ੍ਹਾਂ ਪਿੰਡਾਂ ਦੀਆਂ ਵਾਲਮੀਕਿ ਕਮੇਟੀਆਂ ਨੂੰ ਆਰਥਿਕ ਸਹਾਇਤਾ ਵੀ ਕੀਤੀ ਗਈ। ਮਿਲਖੀ ਅਤੇ ਗੁਰਪ੍ਰੀਤ ਲਾਰਾ ਨੇ ਸਮਾਜ ਨੂੰ ਭਗਵਾਨ ਵਾਲਮੀਕਿ ਜੀ ਦੇ ਜੀਵਨ ਬਾਰੇ ਵਿਸਥਾਰ ਪੂਰਵਕ ਚਾਨਣਾ ਪਾਉਂਦੇ ਹੋਏ ਉਨ੍ਹਾਂ ਦੇ ਦਿਖਾਏ ਰਸਤੇ ਤੇ ਚੱਲਣ ਲਈ ਪ੍ਰੇਤਿ ਕੀਤਾ। ਸੰਗਤ ਨੂੰ ਸੰਬੋਧਨ ਕਰਦੇ ਹੋਏ ਚਮਨਦੀਪ ਮਿਲਖੀ ਨੇ ਕਿਹਾ ਕਿ ਆਪਣੇ ਸਮਾਜ ਨੂੰ ਇਕ ਮੰਚ ਤੇ ਇਕੱਠਾ ਹੋਣਾ ਚਾਹੀਦਾ ਹੈ ਅਤੇ ਆਪਣੇ ਰਹਿਬਰਾਂ ਦੀ ਯਾਦ ਨੂੰ ਮਨਾਉਣਾ ਚਾਹੀਦਾ ਹੈ। ਉਨ੍ਹਾਂ ਨੇ ਸਮਾਜ ਨੂੰ ਡਾ।ਅੰਬੇਦਕਰ ਦੀ ਵਿਚਾਰਧਾਰਾ ਤੇ ਚੱਲਣ ਦੀ ਪ੍ਰੇਰਨਾ ਦਿੱਤੀ ਅਤੇ ਕਿਹਾ ਕਿ ਆਪਣੇ ਸਮਾਜ ਨੂੰ ਜਾਗਰੂਕ ਹੋਣ ਦੀ ਲੋੜ ਹੈ ਤੇ ਆਪਣੇ ਹੱਕਾਂ ਦੇ ਲਈ ਸੰਘਰਸ਼ ਕਰਨਾ ਚਾਹੀਦਾ ਹੈ। ਅੱਜ ਦੇ ਦਿਹਾੜੇ ਮੌਕੇ ਵੱਖ-ਵੱਖ ਪਿੰਡਾਂ ਦੀਆਂ ਕਮੇਟੀਆਂ ਵੱਲੋਂ ਮਿਲਖੀ ਤੇ ਲਾਰਾ ਨੂੰ ਵਿਸੇਸ਼ ਤੌਰ ਤੇ ਸਨਮਾਨਤ ਕੀਤਾ ਗਿਆ। ਇਸ ਮੌਕੇ ਉਨ੍ਹਾਂ ਨਾਲ ਕੁਲਦੀਪ ਸਿੰਘ ਮੁਨਸ਼ੀਵਾਲਾ, ਕਰਨੈਲ ਸਾਬਕਾ ਸਰਪੰਚ ਰਾਮਪੁਰਾ, ਜੱਗਾ ਨਦਾਮਪੁਰ ਤੋ ਇਲਾਵਾ ਵੱਡੀ ਗਿਣਤੀ ਵਿੱਚ ਲੋਕ ਹਾਜ਼ਰ ਸਨ।




ਗੁਰਿੰਦਰਜੀਤ ਨੀਟਾ ਮਾਛੀਕੇ

ਫਰਿਜ਼ਨੋ (ਕੈਲੀਫੋਰਨੀਆਂ) ਖਬਰਨਾਮਾ / ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ


ਕੁਲਵੰਤ ਧਾਲੀਆਂ

# ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਬਿਲ ਕਲਿੰਟਨ ਨੂੰ ਇਲਾਜ ਉਪਰੰਤ ਹਸਪਤਾਲ ਤੋਂ ਮਿਲੀ ਛੁੱਟੀ

**ਫਰਿਜ਼ਨੋ (ਕੈਲੀ-ਫੋਰਨੀਆ)**- ਅਮਰੀਕਾ ਦੇ ਸਾਬਕਾ ਰਾਸ਼ਟਰ-ਪਤੀ ਬਿਲ ਕਲਿੰਟਨ ਨੂੰ ਐਤਵਾਰ ਨੂੰ ਕੈਲੀਫੋਰਨੀਆ ਦੇ ਇੱਕ ਹਸਪਤਾਲ ਤੋਂ ਯੂਰੋਲੋਜੀਕਲ ਇਨਫੈਕਸ਼ਨ ਦੇ ਇਲਾਜ ਤੋਂ ਬਾਅਦ ਛੁੱਟੀ ਮਿਲ ਗਈ ਹੈ। ਛੁੱਟੀ ਉਪਰੰਤ ਕਲਿੰਟਨ ਆਪਣੀ ਪਤਨੀ ਹਿਲੇਰੀ ਕਲਿੰਟਨ ਦੇ ਨਾਲ ਬਾਂਹ ਫੜ ਕੇ ਕੈਲੀਫੋਰਨੀਆ ਇਰਵਿਨ ਮੈਡੀਕਲ ਸੈਂਟਰ ਤੋਂ ਹੌਲੀ ਹੌਲੀ ਬਾਹਰ ਨਿਕਲੇ।



ਹਸਪਤਾਲ ਦੇ ਡਾਕਟਰਾਂ ਅਨੁਸਾਰ ਉਹਨਾਂ ਦੇ ਬੁਖਾਰ ਅਤੇ ਵਾਈਟ ਬਲੱਡ ਸੈਲਾਂ ਦੀ ਗਿਣਤੀ ਆਮ ਵਾਂਗ ਹੈ। 75 ਸਾਲਾਂ ਕਲਿੰਟਨ ਨੂੰ ਪਿਛਲੇ ਮੰਗਲਵਾਰ ਇਰਵਿਨ ਮੈਡੀਕਲ ਸੈਂਟਰ ਵਿਖੇ ਕੈਲੀਫੋਰਨੀਆ ਯੂਨੀਵਰਸਿਟੀ ਵਿੱਚ ਦਾਖਲ ਕਰਵਾਇਆ ਗਿਆ ਸੀ ਅਤੇ ਉਨ੍ਹਾਂ ਦਾ ਇਲਾਜ ਐਂਟੀਬਾਇਓਟਿਕਸ ਨਾਲ ਕੀਤਾ ਗਿਆ ਸੀ। ਉਹ ਆਪਣੀ ਸਿਹਤਯਾਬੀ ਨੂੰ ਜਾਰੀ ਰੱਖਣ ਲਈ ਐਤਵਾਰ ਸ਼ਾਮ ਨੂੰ ਨਿਊਯਾਰਕ ਦੇ ਸਥਿਤ ਆਪਣੇ ਘਰ ਪਹੁੰਚੇ। ਹਸਪਤਾਲ ਦੇ ਇੱਕ ਬਿਆਨ ਅਨੁਸਾਰ ਕਲਿੰਟਨ ਬਹੁਤ ਹੌਸਲੇ ਵਿੱਚ ਹੈ ਅਤੇ ਪਰਿਵਾਰ ਨਾਲ ਸਮਾਂ ਬਿਤਾ ਰਿਹਾ ਹੈ। ਇਸਦੇ ਇਲਾਵਾ ਕਲਿੰਟਨ ਉਸਦੀ ਸ਼ਾਨਦਾਰ ਦੇਖਭਾਲ ਲਈ ਦਿਲੋਂ ਸ਼ੁਕਰਗੁਜ਼ਾਰ ਹੈ।

## ਫਰਿਜ਼ਨੋ ਵਿੱਚ 100 ਸਾਲਾਂ ਪੁਰਾਣੀ ਲਾਈਟ ਹਾਊਸ ਰਿਕਵਰੀ ਪ੍ਰੋਗਰਾਮ ਦੀ ਇਮਾਰਤ ਨੂੰ ਲੱਗੀ ਅੱਗ

**ਫਰਿਜ਼ਨੋ (ਕੈਲੀਫੋਰਨੀਆ)**- ਫਰਿਜ਼ਨੋ ਦੇ ਡਾਊਨਟਾਊਨ ਵਿੱਚ ਸਥਿਤ ਇੱਕ ਇਤਿਹਾਸਕ ਘਰ ਐਤਵਾਰ ਦੁਪਹਿਰ ਨੂੰ ਅੱਗ ਲੱਗਣ ਕਾਰਨ ਤਬਾਹ ਹੋ ਗਿਆ। ਫਰਿਜ਼ਨੋ ਦੇ ਵੈਨ ਨੇਸ ਐਵੇਨਿਊ ਅਤੇ ਸੈਨ ਜੋਆਕਿਨ ਸਟ੍ਰੀਟ ਦੇ ਨੇੜੇ ਦਾ ਇਹ ਘਰ ਲਾਈਟ ਹਾਊਸ ਰਿਕਵਰੀ ਪ੍ਰੋਗਰਾਮ ਤਹਿਤ ਔਰਤਾਂ ਦੀ ਰਿਹਾਇਸ਼ ਲਈ ਵਰਤਿਆ ਜਾ ਰਿਹਾ ਸੀ।

ਅੱਗ ਲੱਗਣ ਵੇਲੇ ਘਰ ਵਿੱਚ 12 ਲੋਕ ਸਨ, ਜਿਹਨਾਂ ਸਾਰਿਆਂ ਨੂੰ ਸੁਰੱਖਿਅਤ ਬਾਹਰ ਕੱਢਿਆ ਗਿਆ ਸੀ। ਪਰ ਉਹ ਹੁਣ ਬੇਘਰ ਹੋ ਗਏ ਹਨ। ਲਾਈਟ ਹਾਊਸ ਰਿਕਵਰੀ ਪ੍ਰੋਗਰਾਮ ਦੀ ਡਾਇਰੈਕਟਰ ਵਿੱਕੀ ਲੂਨਾ ਅਨੁਸਾਰ ਕਰੀਬ ਇੱਕ ਦਹਾਕੇ ਤੋਂ ਫਰਿਜ਼ਨੋ ਦੇ ਇਸ ਘਰ ਵਿੱਚ ਔਰਤਾਂ ਨੂੰ ਰਿਹਾਇਸ਼ ਦਿੱਤੀ ਜਾ ਰਹੀ ਹੈ ਅਤੇ ਉਨ੍ਹਾਂ ਦੀ ਨਸ਼ਾ ਛੁਡਾਉਣ ਵਿੱਚ ਵੀ ਸਹਾਇਤਾ ਕੀਤੀ ਜਾ ਰਹੀ ਹੈ।

ਫਰਿਜ਼ਨੋ ਫਾਇਰ ਅਨੁਸਾਰ ਇਹ ਇਮਾਰਤ 100 ਸਾਲ ਤੋਂ ਜ਼ਿਆਦਾ ਪੁਰਾਣੀ ਹੈ ਅਤੇ ਇਹ ਵਧੇਰੇ ਜਲਣਸ਼ੀਲ ਹੈ। ਜਦਕਿ ਇਸ ਘਰ ਵਿੱਚ ਅੱਗ ਲੱਗਣ ਦੇ ਕਾਰਨਾਂ ਦੀ ਜਾਂਚ ਕੀਤੀ ਜਾ ਰਹੀ ਹੈ।

## ਕੈਨੇਡਾ: 26 ਅਕਤੂਬਰ ਨੂੰ ਹੋਵੇਗਾ ਨਵੀਂ ਕੈਬਨਿਟ ਦਾ ਸਹੁੰ ਚੁੱਕ ਸਮਾਗਮ

**ਕੈਨੇਡਾ (ਗੁਰਿੰਦਰਜੀਤ ਨੀਟਾ ਮਾਛੀਕੇ)**- ਕੈਨੇਡਾ ਵਿੱਚ ਇਸ ਵੇਲੇ ਰਾਜਨੀਤਕ ਮਾਹੌਲ ਸਰਗਰਮ ਹੈ। ਪਿਛਲੇ ਮਹੀਨੇ 20 ਸਤੰਬਰ ਨੂੰ ਹੋਈਆ ਮੱਧ ਕਾਲੀ ਚੋਣਾਂ ਵਿੱਚ ਜਸਟਿਸ ਟਰੂਡੋ ਵੱਲੋਂ ਜਿੱਤ ਦਰਜ਼ ਕਰਨ ਦੇ ਬਾਅਦ ਉਹਨਾਂ ਦਾ ਨਵਾਂ ਮੰਤਰੀ ਮੰਡਲ ਸਹੁੰ ਚੁੱਕਣ ਜਾ ਰਿਹਾ ਹੈ। ਕੈਨੇਡੀਅਨ ਚੋਣਾਂ ਵਿੱਚ ਸਭ ਤੋਂ ਵੱਧ ਸੀਟਾਂ ਹਾਸਲ ਕਰਕੇ ਮੁੜ ਸੱਤਾ ਵਿਚ ਆਈ ਲਿਬਰਲ ਪਾਰਟੀ ਦੀ ਨਵੀਂ ਕੈਬਨਿਟ 26 ਅਕਤੂਬਰ ਨੂੰ ਸਹੁੰ ਚੁੱਕਣ ਜਾ ਰਹੀ ਹੈ।



ਇਹਨਾਂ ਚੋਣਾਂ ਵਿੱਚ ਜਿੱਤ ਪ੍ਰਾਪਤ ਕਰਕੇ ਲਗਾਤਾਰ ਤੀਜੀ ਵਾਰ ਕੈਨੇਡਾ ਦੇ ਪ੍ਰਧਾਨ ਮੰਤਰੀ ਬਣਨ ਜਾ ਰਹੇ ਜਸਟਿਨ ਟਰੂਡੋ ਇਸ ਵਾਰ ਆਪਣੇ ਮੰਤਰੀ ਮੰਡਲ 'ਚ ਕਈ ਨਵੇਂ ਰਾਜਨੀਤਕ ਚਿਹਰਿਆਂ ਨੂੰ ਸ਼ਾਮਲ ਕਰ ਸਕਦੇ ਹਨ। ਜਿਸ ਤਹਿਤ ਭਾਰਤੀ ਮੂਲ ਦੀ ਅਨੀਤਾ ਆਨੰਦ ਦੀ ਕੈਨੇਡਾ ਦੀ ਰੱਖਿਆ ਮੰਤਰੀ ਬਣਨ ਦੀ ਸੰਭਾਵਨਾ ਵੀ ਹੈ। ਜਸਟਿਨ ਟਰੂਡੋ ਨੇ ਮੰਤਰੀ ਮੰਡਲ ਦੇ ਸਹੁੰ ਚੁੱਕ ਸਮਾਗਮ ਦੀ ਤਰੀਕ ਦਾ ਐਲਾਨ ਕਰਦਿਆਂ ਦੱਸਿਆ ਕਿ ਸਹੁੰ ਚੁੱਕ ਸਮਾਗਮ ਤੋਂ ਬਾਅਦ ਸੰਸਦ ਦੀ ਵਾਪਸੀ 22 ਨਵੰਬਰ ਨੂੰ ਹੋਵੇਗੀ।

# ਟੈਕਸਾਸ: ਰਾਬਰਟ ਈ ਲੀ ਦੀ ਮੂਰਤੀ ਨੂੰ ਨਿੱਜੀ ਰਿਜ਼ੋਰਟ 'ਚ ਕੀਤਾ ਸਥਾਪਿਤ

**ਫਰਿਜ਼ਨੋ (ਕੈਲੀਫੋਰਨੀਆ)**- ਅਮਰੀਕਾ ਦੇ ਕਨਫੈਡਰੇਟ ਜਨਰਲ ਰਾਬਰਟ ਈ ਲੀ ਦੀ ਮੂਰਤੀ ਜਿਸ ਨੂੰ ਚਾਰ ਸਾਲ ਪਹਿਲਾਂ ਡੈਲਾਸ ਸ਼ਹਿਰ ਦੇ ਅਧਿਕਾਰੀਆਂ ਨੇ ਉਸਦੇ ਸਥਾਨ ਤੋਂ ਹਟਾ ਦਿੱਤਾ ਸੀ, ਨੂੰ ਮੁੜ ਟੈਕਸਾਸ ਦੇ ਇੱਕ ਨਿੱਜੀ ਰਿਜ਼ੋਰਟ ਵਿੱਚ ਲਗਾਇਆ ਗਿਆ ਹੈ। ਕਾਂਸੀ ਦੀ ਇਹ ਵਿਸ਼ਾਲ ਮੂਰਤੀ, ਜਿਸ ਵਿੱਚ ਲੀ ਇੱਕ ਘੋੜੇ 'ਤੇ ਸਵਾਰ ਹਨ ਤੇ ਉਸਦੇ ਨਾਲ ਇੱਕ ਹੋਰ ਸਿਪਾਹੀ ਹੈ, ਨੂੰ ਸਾਲ 2017 ਦੇ ਸ਼ੁਰੂ ਵਿੱਚ ਚਾਰਲੋਟਸਵਿਲੇ ਵਿੱਚ ਹੋਈ ਨਸਲੀ ਹਿੰਸਾ ਦੇ ਬਾਅਦ ਸ਼ਹਿਰ ਦੁਆਰਾ ਹਟਾ ਦਿੱਤਾ ਗਿਆ ਸੀ। 2019 ਵਿੱਚ ਇਸ ਮੂਰਤੀ ਨੂੰ ਇੱਕ ਆਨਲਾਈਨ ਨਿਲਾਮੀ ਵਿੱਚ 1.44 ਮਿਲੀਅਨ ਡਾਲਰ



ਵਿੱਚ ਇੱਕ ਲਾਅ ਫਰਮ ਹੋਲਮਜ਼ ਫਰਮ ਪੀ ਸੀ ਨੂੰ ਵੇਚਿਆ ਗਿਆ ਸੀ। ਜਿਸ ਨੂੰ ਹੁਣ ਵਾਈਟ ਟੇਰਲਿੰਗੁਆ, ਟੈਕਸਾਸ ਵਿੱਚ 27,000 ਏਕੜ ਦੇ ਲਾਜਿਤਾਸ ਗੋਲਫ ਰਿਜ਼ੋਰਟ ਵਿੱਚ ਪ੍ਰਦਰਸ਼ਿਤ ਕੀਤਾ ਗਿਆ ਹੈ। ਇਸ ਕਲੱਬ ਦੀ ਮਾਲਕੀ ਡੈਲਾਸ ਦੇ ਅਰਬਪਤੀ ਕੈਲਸੀ ਵਾਰਨ ਦੀ ਹੈ, ਜੋ ਕਿ ਐਨਰਜੀ ਟ੍ਰਾਂਸਫਰ ਪਾਰਟਨਰਜ਼ ਦੇ ਸਹਿ-ਸੰਸਥਾਪਕ ਹਨ।ਕਲਾਕਾਰ ਅਲੈਗਜ਼ੈਂਡਰ ਫਿਮਿਸਟਰ ਪ੍ਰੋਕਟਰ ਦੁਆਰਾ 1935 ਵਿੱਚ ਬਣਾਈ ਗਈ ਇਹ ਮੂਰਤੀ, ਡੈਲਾਸ ਦੇ ਇੱਕ ਸਾਬਕਾ ਨੇਵੀ ਏਅਰ ਸਟੇਸ਼ਨ, ਹੈਨਸਲੇ ਫੀਲਡ ਵਿੱਚ ਨਿਲਾਮ ਹੋਣ ਤੱਕ ਸਟੋਰ ਕੀਤੀ ਗਈ ਸੀ।

# ਟੈਕਸਾਸ 'ਚ ਸਦਨ ਨੇ ਟਰਾਂਸਜੈਂਡਰ ਲੜਕੀਆਂ ਨੂੰ ਮਹਿਲਾ ਖੇਡਾਂ ਤੋਂ ਦੂਰ ਰੱਖਣ ਲਈ ਪਾਈ ਵੋਟ

**ਫਰਿਜ਼ਨੋ (ਕੈਲੀਫੋਰਨੀਆ)**- ਅਮਰੀਕੀ ਸਟੇਟ ਟੈਕਸਾਸ 'ਚ ਹਾਊਸ ਆਫ ਰਿਪ੍ਰੈਜ਼ੈਂਟੇਟਿਵਜ਼ ਨੇ ਵੋਟ ਪਾ ਕੇ ਇੱਕ ਬਿੱਲ ਪਾਸ ਕੀਤਾ ਹੈ, ਜਿਸ ਵਿੱਚ ਟਰਾਂਸਜੈਂਡਰ ਔਰਤਾਂ ਅਤੇ ਲੜਕੀਆਂ ਨੂੰ ਮਹਿਲਾ ਸਕੂਲ ਖੇਡਾਂ ਵਿੱਚ ਭਾਗ ਲੈਣ 'ਤੇ ਪਾਬੰਦੀ ਲਗਾਈ ਗਈ ਹੈ।ਇਸ ਸਬੰਧੀ ਪਹਿਲੀਆਂ ਪਿਛਲੀਆਂ ਤਿੰਨ ਕੋਸ਼ਿਸ਼ਾਂ ਅਸਫਲ ਰਹੀਆਂ ਸਨ, ਪਰ ਹੁਣ ਰਿਪਬਲਿਕਨ ਗਵਰਨਰ ਗ੍ਰੇਗ ਐਬੋਟ ਵੱਲੋਂ ਇਸ ਬਿਲ 'ਤੇ ਦਸਤਖਤ ਕਰਕੇ ਕਾਨੂੰਨ ਵਿੱਚ ਸ਼ਾਮਲ ਕਰਨ ਦੀ ਉਮੀਦ ਹੈ।

ਵੀਰਵਾਰ ਨੂੰ ਸਦਨ ਵੱਲੋਂ ਪਾਸ ਹੋਣ ਦੇ ਬਾਅਦ , ਸੈਨੇਟ ਵੱਲੋਂ ਅਗਲੀ ਕਾਰਵਾਈ ਦੇ ਉਪਰੰਤ ਇਹ ਗਵਰਨਰ ਦੇ ਡੈਸਕ 'ਤੇ ਜਾਵੇਗਾ। ਇਸ ਕਾਰਵਾਈ ਨਾਲ ਟੈਕਸਾਸ ਹੁਣ



ਸੱਤ ਹੋਰ ਰਾਜਾਂ ਨਾਲ ਸ਼ਾਮਲ ਹੋਣ ਲਈ ਤਿਆਰ ਹੈ ਜਿਨ੍ਹਾਂ ਨੇ ਇਸ ਸਾਲ ਇਸੇ ਤਰ੍ਹਾਂ ਦੇ ਕਾਨੂੰਨ ਪਾਸ ਕੀਤੇ ਹਨ, ਜੋ ਕਿ ਟ੍ਰਾਂਸਜੈਂਡਰ ਲੜਕੀਆਂ/ ਔਰਤਾਂ ਨੂੰ ਮਹਿਲਾ ਸਕੂਲ ਖੇਡਾਂ ਵਿੱਚ ਭਾਗ ਲੈਣ ਤੋਂ ਰੋਕਦੇ ਹਨ।

ਜਦਕਿ ਇਸ ਬਿਲ ਦੇ ਆਲੋਚਕਾਂ ਅਨੁਸਾਰ ਇਸ ਗੱਲ ਦਾ ਕੋਈ ਸਬੂਤ ਨਹੀਂ ਹੈ ਕਿ ਟ੍ਰਾਂਸਜੈਂਡਰ ਔਰਤਾਂ ਅਤੇ ਲੜਕੀਆਂ , ਮਹਿਲਾਵਾਂ ਦੀਆਂ ਖੇਡਾਂ ਵਿੱਚ ਹਾਵੀ ਹਨ। ਅਮਰੀਕਾ ਦੀਆਂ ਹੋਰ ਸਟੇਟਾਂ ਜਿਵੇਂ ਕਿ ਅਲਾਬਾਮਾ, ਅਰਕਾਨਸਾਸ, ਫਲੋਰਿਡਾ, ਮਿਸੀਸਿਪੀ, ਮੋਂਟਾਨਾ, ਟੇਨੇਸੀ ਅਤੇ ਪੱਛਮੀ ਵਰਜੀਨੀਆ ਨੇ ਵੀ ਇਸ ਤਰ੍ਹਾਂ ਦਾ ਟ੍ਰਾਂਸਜੈਂਡਰ ਸਪੋਰਟਸ ਕਾਨੂੰਨ ਪਾਸ ਕੀਤਾ ਹੈ।

# ਨਿਊਜ਼ੀਲੈਂਡ 'ਚ ਵਿਰੋਧੀ ਧਿਰ ਦੀ ਸਲਾਹ 'ਤੇ ਸੱਤਾਧਾਰੀ ਧਿਰ ਨੇ ਘਰਾਂ ਦੀ ਪੂਰਤੀ ਲਈ ਨੀਤੀ ਐਲਾਨੀ

**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)**- ਕਿਸੇ ਵੀ ਦੇਸ਼ ਦੀ ਸੱਤਾਧਾਰ ਸਰਕਾਰ ਬਹੁਤ ਘੱਟ ਹੁੰਦਾ ਹੋਵੇਗਾ ਕਿ ਉਹ ਵਿਰੋਧੀ ਧਿਰ ਦੀ ਸਲਾਹ ਮੰਨ ਕੇ ਆਪਣੀ ਨੀਤੀ ਬਣਾਉਂਦੀ ਹੋਵੇ। ਪਰ ਨਿਊਜ਼ੀਲੈਂਡ ਦੀ ਲੇਬਰ ਸਰਕਾਰ ਨੇ ਜਿੱਥੇ ਇਹ ਕਾਰਜ ਕਰਕੇ ਇਤਿਹਾਸਕ ਫੈਸਲਾ ਕੀਤਾ ਹੈ ਉਥੇ ਵਿਰੋਧੀ ਧਿਰ ਨੈਸ਼ਨਲ ਪਾਰਟੀ ਦੀ ਨੇਤਾ ਜੂਡਿਥ ਕੌਲਿਨ ਨੂੰ ਇਸ ਐਲਾਨ ਮੌਕੇ ਬਰਾਬਰ ਖੜ੍ਹਾ ਕਰਨਾ ਪਰਸਪਰ ਸਤਿਕਾਰ ਅਤੇ ਕਾਬਲੀਅਤ ਨੂੰ ਸਵੀਕਾਰ ਕਰਨਾ ਹੈ। ਲੇਬਰ ਪਾਰਟੀ ਤੋਂ ਹਾਊਸਿੰਗ ਮੰਤਰੀ ਮੈਗਨ ਵੂੱਡਜ਼ ਸ਼ਾਮਿਲ ਹੋਈ। ਇਸ ਤੋਂ ਵੀ ਇਹ ਵੀ ਕਈਆਂ ਨੂੰ ਸਿੱਖਿਆ ਮਿਲੇਗੀ ਕਿ ਵਿਰੋਧੀ ਧਿਰ ਤੋਂ ਕੁਝ ਸਿੱਖਿਆ ਵੀ ਜਾ ਸਕਦਾ। ਨਿਊਜ਼ੀਲੈਂਡ 'ਚ ਜੇਕਰ ਤੁਸੀਂ ਰਿਹਾਇਸ਼ ਵਾਸਤੇ ਕੋਈ ਨਵਾਂ ਘਰ ਜਾਂ ਮੌਜੂਦਾ ਘਰਾਂ ਦੇ ਵਿਚ ਹੋਰ ਵਾਧਾ ਕਰਨਾ ਹੋਵੇ ਤਾਂ ਕਈ ਤਰ੍ਹਾਂ ਦੀ ਆਗਿਆ ਸਥਾਨਕ ਕੌਂਸਿਲ ਕੋਲੋਂ ਲੈਣੀ ਹੁੰਦੀ ਹੈ। ਔਕਲੈਂਡ ਖੇਤਰ ਅਤੇ ਹੋਰ ਕਈ ਮਹਾਂਨਗਰਾਂ ਦੇ ਵਿਚ ਘਰਾਂ ਦੀ ਪੂਰਤੀ ਨੂੰ ਲੈ ਕੇ ਲੇਬਰ ਸਰਕਾਰ ਨੇ ਐਲਾਨ ਕੀਤਾ ਹੋਇਆ ਸੀ ਕਿ ਉਹ ਹਰ ਸਾਲ 10,000 ਸਾਲ ਘਰ ਬਣਾਉਣ ਦਾ ਟੀਚਾ ਪੂਰਾ ਕਰੇਗੀ ਅਤੇ ਇਹ 10 ਸਾਲ ਤੱਕ ਚੱਲੇਗਾ। ਇਸ ਤਰ੍ਹਾਂ ਇਕ ਲੱਖ ਘਰ ਬਣਾ ਕੇ ਲੋਕਾਂ ਨੂੰ ਦੇਣੇ ਸਨ ਤਾਂ ਕਿ ਪਹਿਲਾ ਘਰ ਲੈਣ ਵਾਲੇ ਵਾਜ਼ਿਬ ਕੀਮਤ ਉਤੇ ਘਰ ਲੈ ਸਕਣ। ਪਰ ਸਰਕਾਰ ਇਹ ਨਿਸ਼ਾਨਾ ਪੂਰਾ ਨਹੀਂ ਸੀ ਕਰ ਸਕੀ। ਮਸਲਾ ਇਹ ਵੀ ਸੀ ਕਿ ਜ਼ਮੀਨ ਦੀ ਵਰਤੋਂ ਕਰਨ ਵਾਸਤੇ ਪਹਿਲਾਂ ਸਥਾਨਿਕ ਨਗਰ ਕੌਂਸਿਲਾਂ ਤੋਂ ਸਰੋਤ ਸਹਿਮਤੀ (ਰਿਸੋਰਸ ਕਨਟੈਸਟ) ਲੈਣੀ ਪੈਂਦੀ ਸੀ, ਅਤੇ ਇਸ ਵਾਸਤੇ ਮਹੀਨਿਆ ਦਾ ਸਮਾਂ ਲਗ ਜਾਂਦਾ ਸੀ। ਕਈ ਵਾਰ ਆਪਣੇ ਗੁਆਂਢੀ ਤੋਂ ਵੀ ਆਗਿਆ ਲੈਣੀ ਪੈਂਦੀ ਹੁੰਦੀ ਸੀ ਤਾਂ ਹੀ ਲੋਕ ਘਰ ਦੇ ਵਿਚ ਵਾਧਾ ਜਾਂ ਨਵੀਂ ਉਸਾਰੀ ਆਦਿ ਕਰ ਸਕਦੇ ਸਨ। ਕਈ ਵਾਰ ਅਖਬਾਰ ਦੇ ਵਿਚ ਨੋਟਿਸ ਵੀ ਦੇਣਾ ਹੁੰਦਾ ਹੈ ਕਿ ਕਿਸੀ ਨੂੰ ਇਤਰਾਜ ਤਾਂ ਨਹੀਂ। ਇਸ ਮਸਲੇ ਨੂੰ ਲੈ ਕੇ ਵਿਰੋਧੀ ਧਿਰ ਨੈਸ਼ਨਲ ਪਾਰਟੀ ਦੀ ਨੇਤਾ ਸ੍ਰੀਮਤੀ ਜੂਡਿਥ ਕੌਲਿਨ ਨੇ ਜਨਵਰੀ ਮਹੀਨੇ ਲੇਬਰ ਸਰਕਾਰ ਨੂੰ ਸੁਝਾਅ ਪੇਸ਼ ਕੀਤੇ ਸਨ, ਫਿਰ ਅਪ੍ਰੈਲ ਮਹੀਨੇ ਇਸ ਸਬਧੀ ਬਿੱਲ ਪੇਸ਼ ਕੀਤਾ ਗਿਆ ਸੀ। ਜੂਨ ਮਹੀਨੇ ਇਹ ਸੁਝਾਅ ਲੇਬਰ ਪਾਰਟੀ ਨੇ ਆਪਣੀ ਹਾਊਸਿੰਗ ਨੀਤੀ ਦੇ ਵਿਚ ਸ਼ਾਮਿਲ ਕਰਕੇ ਅੱਜ ਇਕ ਸਾਂਝੀ ਹਾਊਸਿੰਗ ਨੀਤੀ ਦਾ ਐਲਾਨ ਕੀਤਾ ਹੈ। ਹੁਣ ਕੁਝ ਮੁੱਢਲੀਆਂ ਸ਼ਰਤਾਂ ਤਹਿਤ ਸੰਭਵ ਕਰਵਾਇਆ ਜਾ ਰਿਹਾ ਹੈ ਕਿ ਉਥੇ ਤਿੰਨ ਮੰਜ਼ਿਲਾਂ ਤੱਕ ਨਵੇਂ ਘਰ ਬਿਨਾਂ ਸਰੋਤ ਸਹਿਮਤੀ (ਰਿਸੌਰਸ ਕਨਟੈਸਟ) ਤੋਂ ਬਣਾਏ ਜਾ ਸਕਣਗੇ, ਪਰ ਇਸ ਦੇ ਲਈ ਨਿਰਧਾਰਤ ਮਾ-ਪਦੰਢ ਚੈਕ ਹੁੰਦੇ ਰਹਿਣਗੇ ਤਾਂ ਕਿ ਉਸ ਇਮਾਰਤ ਨੂੰ ਕੋਡ ਪਾਲਣਾ ਸਰਟੀਫਿਕੇਟ (ਕੋਡ ਆਫ ਕੰਪਲਾਇੰਸ) ਮਿਲ ਸਕੇ। ਕੌਂਸਿਲ ਕੋਲੋਂ ਫਿਰ ਵੀ ਆਗਿਆ ਲੈਣੀ ਪਵੇਗੀ ਅਤੇ ਕੌਂਸਿਲ ਕਿਸੀ ਜਗ੍ਹਾ ਉਤੇ ਠੋਸ ਕਾਰਨ ਦੇ ਕੇ ਉਸਾਰੀ ਨਾ ਕਰਨ ਦਾ ਹੁਕਮ ਵੀ ਦੇ ਸਕਦੀ ਹੈ।

ਨਿਰਧਾਰਤ ਜ਼ਮੀਨ ਦਾ 50% ਹਿੱਸਾ ਛੱਤਣ ਵਾਸਤੇ ਵਰਤਿਆ ਜਾ ਸਕੇਗਾ ਅਤੇ ਤਿੰਨ ਯੂਨਿਟ ਬਣਾਏ ਜਾ ਸਕਣਗੇ। ਮੂਹਰਲੇ ਪਾਸੇ (ਫਰੰਟ ਬਾਊਂਡਰੀ) 2.15 ਮੀਟਰ ਜਗ੍ਹਾ ਅਤੇ ਸਾਈਡ ਉਤੇ 1 ਮੀਟਰ ਜਗ੍ਹਾ ਛੱਡਣੀ ਜ਼ਰੂਰੀ ਹੋਵੇਗੀ। ਇਸ ਸਾਰੀ ਨੀਤੀ ਦਾ ਮਤਲਬ ਇਹ ਨਹੀਂ ਹੋਵੇਗਾ ਕਿ ਹੁਣ ਘਟੀਆ ਇਮਾਰਤਾਂ ਬਨਣੀਆਂ ਸ਼ੁਰੂ ਹੋ ਜਾਣਗੀਆਂ।

# ਫਰਿਜ਼ਨੋ ਵਿਖੇ ਹੋਈ ਰਾਜ ਕਾਕੜੇ ਦੀ ਮਹਿਫ਼ਲ ਯਾਦਗਾਰੀ ਹੋ ਨਿੱਬੜੀ













**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ**

**ਫਰਿਜ਼ਨੋ (ਕੈਲੀਫੋਰਨੀਆਂ)–** ਸਥਾਨਿਕ ਇੰਡੀਆ ਓਵਨ ਰੈਸਟੋਰੈਂਟ ਵਿੱਚ ਅਜ਼ਾਦ ਸਪੋਰਟਸ ਐਂਡ ਕਲਚਰਲ ਕਲੱਬ ਅਤੇ ਵਾਲੀਬਾਲ ਕਲੱਬ ਫਰਿਜ਼ਨੋ ਵੱਲੋਂ ਉੱਘੇ ਗੀਤਕਾਰ, ਗਾਇਕ ਅਤੇ ਫ਼ਨਕਾਰ ਰਾਜ ਕਾਕੜੇ ਦੇ ਗੀਤਾਂ ਦੀ ਸ਼ਾਨਦਾਰ ਮਹਿਫ਼ਲ ਕਰਵਾਈ ਗਈ।

ਇਸ ਮਹਿਫ਼ਲ ਵਿੱਚ ਰਾਜ ਕਾਕੜੇ ਨੇ ਆਪਣੇ ਨਵੇਂ ਪੁਰਾਣੇ ਗੀਤਾਂ ਦੀ ਐਸੀ ਝੜੀ ਲਾਈ ਕਿ ਦਰਸ਼ਕ ਸ਼ਾਹ ਰੋਕਕੇ ਉਸਦੇ ਗੀਤ ਸੁਣ ਰਹੇ ਸਨ ਅਤੇ ਹਰ ਸ਼ੇਅਰ ਤੇ ਆਪ ਮੁਹਾਰੇ ਤਾੜੀਆਂ ਮਾਰ ਰਹੇ ਸਨ। ਰਾਜ ਕਾਕੜੇ ਦੇ ਗੀਤਾਂ ਵਿੱਚ ਪੰਜਾਬ ਦਾ ਦਰਦ ਹੈ। ਉਹ ਲੋਕਾਂ ਚ ਜਾ ਜਾਕੇ ਹੋਕਾ ਦੇ ਰਿਹਾ ਆਪਣੇ ਗੀਤਾ ਰਾਹੀਂ, ਆਪਣੀ ਕਲਮ ਰਾਹੀਂ, ਆਪਣੀਆਂ ਫਿਲਮਾ ਰਾਹੀਂ, 'ਕਿ ਜਾਗੋ ਪੰਜਾਬੀਓ ਸਿਹਕਦੇ ਪੰਜਾਬ ਨੂੰ ਬਚਾ ਬਓ। ਫਰਿਜ਼ਨੋ ਨਿਵਾਸੀਆਂ ਨੇ ਭਰਵੇ ਇਕੱਠ ਵਿੱਚ ਇਸ ਹੋਕੇ ਨੂੰ ਸੁਣਿਆ 'ਤੇ ਰਾਜ ਕਾਕੜੇ ਦੀ ਸ਼ਾਇਰੀ ਨੂੰ ਸਲਾਹਿਆ। ਇਸ ਮੌਕੇ ਬਰਾੜੋ ਮਿਊਜਕ ਕੰਪਨੀ ਦੇ ਪਿੰਦਾ ਕੋਟਲਾ, ਜਗਦੀਪ ਬਰਾੜ ਅਤੇ ਗੁਰਵਿੰਦਰ ਆਦਿ ਨੇ ਰਣਸ਼ੇਰ ਬੱਸੀਆਂ ਦੇ ਨਵੇਂ ਗੀਤ ਇੰਟਰਪੋਲ ਦਾ ਪੋਸਟਰ ਵੀ ਰਲੀਜ਼ ਕੀਤਾ।

ਰਾਜ ਕਾਕੜੇ ਤੋਂ ਬਿਨਾਂ ਲੋਕਲ ਕਲਾਕਾਰ ਬਹਾਦਰ ਸਿੱਧੂ, ਪੱਪੀ ਭਦੌੜ, ਹਰਪ੍ਰੀਤ ਸਿੰਘ ਨੇ ਇੱਕ ਇੱਕ ਗੀਤ ਗਾਕੇ ਮਹਿਫ਼ਲ ਨੂੰ ਹੋਰ ਚਾਰ ਚੰਨ ਲਾਏ। ਇਸ ਮੌਕੇ ਫਰਿਜ਼ਨੋ ਦੀਆਂ ਸਿਰਕੱਢ ਸ਼ਖ਼ਸੀਅਤਾਂ ਪਹੁੰਚੀਆਂ ਹੋਈਆਂ ਸਨ। ਇਸ ਮੌਕੇ ਭਾਰਤ ਅੰਦਰ ਚੱਲ ਰਹੇ ਕਿਸਾਨੀ ਸ਼ਘੰਰਸ਼ ਦੀ ਵੀ ਗੱਲ ਹੋਈ ਅਤੇ ਸਮੂਹ ਹਾਜ਼ਰੀਨ ਨੇ ਤਨੋਂ-ਮੰਨੋ ਧਨੋਂ ਸ਼ਘੰਰਸ਼ ਦੇ ਨਾਲ ਖੜਨ ਦੀ ਵਚਨ-ਬੱਧਤਾ ਪ੍ਰਗਟਾਈ। ਅੰਤ ਰਾਤਰੀ ਦੇ ਸੁਆਦਿਸ਼ਟ ਖਾਣੇ ਨਾਲ ਅਮਿੱਟ ਪੈੜਾ ਛੱਡਦੀ ਇਹ ਮਹਿਫਲ ਯਾਦਗਾਰੀ ਹੋ ਨਿਬੜੀ।

---


SKY TRANSPORT SOLUTIONS

STRIVE FOR MORE

ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ



WE PROVIDE ALL TRUCKING RELATED PERMITS AND SERVICES

SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS
FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

121 E 11th St. Tracy, CA 95376

ਦੇਸ਼ ਦੁਆਬਾ

# ਮਹਾਨ ਵਿਗਿਆਨੀ ਅਲਫਰਡ ਨੋਬਲ

ਅਲਫਰਡ ਨੋਬਲ ਦਾ ਜਨਮ 21 ਅਕਤੂਬਰ 1833 ਨੂੰ ਹੋਇਆ। ਉਸ ਦਾ ਪਿਤਾ ਜੋ ਉਸ ਸਮੇਂ ਧਮਾਕਾਖੇਜ਼ ਵਸਤਾਂ ਦੇ ਰਸਾਇਣਕ ਸਰੂਪ ਦਾ ਅਧਿਐਨ ਕਰ ਰਿਹਾ ਸੀ, ਇਕ ਤੀਖਣ ਬੁੱਧੀ ਅਤੇ ਉੱਦਮੀ ਸੁਭਾਅ ਵਾਲਾ ਸਤਿਕਾਰਤ ਇੰਜੀਨੀਅਰ ਸੀ। ਜਲਦੀ ਹੀ ਉਹ ਪਾਣੀ ਵਿਚ ਚੱਲਣ ਵਾਲੀ ਬਾਰੂਦੀ ਸੁਰੰਗ ਬਣਾਉਣ ਵਿਚ ਸਫ਼ਲ ਹੋ ਗਿਆ। ਇਹ ਅਜਿਹਾ ਹਥਿਆਰ ਸੀ, ਜਿਸ ਨੇ ਤੁਰੰਤ ਵਿਦੇਸ਼ੀ ਸ਼ਕਤੀਆਂ ਦਾ ਧਿਆਨ ਖਿੱਚਿਆ , ਜੋ ਇਸ ਨੂੰ ਆਪਣੇ ਹਥਿਆਰਾਂ ਦੇ ਭੰਡਾਰ 'ਚ ਸ਼ਾਮਲ ਕਰਨਾ ਚਾਹੁੰਦੀਆਂ ਸਨ।

ਅਲਫਰਡ ਦੇ ਪਿਤਾ ਨੂੰ ਆਈਆਂ ਬਹੁਤ ਸਾਰੀਆਂ ਪੇਸ਼ਕਸ਼ਾਂ 'ਚੋਂ ਇਕ ਰੂਸ ਵੱਲੋਂ ਸੀ। ਉਸ ਨੇ ਇਸ ਨੂੰ ਸਵੀਕਾਰ ਕਰ ਲਿਆ ਤੇ ਪੀਟਰਜ਼ਬਰਗ (ਜਿਸ ਨੂੰ ਹੁਣ ਲੈਨਿ-ਨਗਰਾਦ ਕਿਹਾ ਜਾਂਦਾ ਹੈ) ਵਿਖੇ ਚਲਾ ਗਿਆ , ਜਿੱਥੇ ਉਸ ਨੂੰ ਪਾਣੀਦੋਜ਼ ਬਾਰੂਦੀ ਸੁਰੰਗਾਂ ਦੇ ਵੱਡੇ ਪੈਮਾਨੇ 'ਤੇ ਉਤਪਾਦਨ ਲਈ ਇਕ ਅਸਲੇਖਾਨੇ ਵਿਚ ਰਹਿਣਾ ਪਿਆ। ਅਲਫਰਡ ਦੀ ਪੜ੍ਹਾਈ ਸਟਾਕਹੋਮ ਵਿਚ ਸ਼ੁਰੂ ਹੋਈ, ਪੀਟਰਜ਼ਬਰਗ ਵਿਚ ਜਾਰੀ ਰਹੀ ਤੇ ਅਮਰੀਕਾ ਵਿਚ ਪੂਰੀ ਹੋਈ,ਜਿੱਥੇ ਉਸ ਨੂੰ ਮਕੈਨੀਕਲ ਇੰਜੀਨੀਅਰਿੰਗ ਦੀ ਪੜ੍ਹਾਈ ਲਈ ਭੇਜਿਆ ਗਿਆ। ਜਲਦੀ ਹੀ ਰਸਾਇਣ ਵਿਗਿਆਨ ਤੇ ਮਕੈਨਿਕਸ ਵੱਲ ਉਸ ਦਾ ਝੁਕਾਅ ਸਪਸ਼ਟ ਹੋ ਗਿਆ ਤੇ ਲੋਕ ਉਸ ਬਾਰੇ ਇਕ ਨਵੀਂ ਕਿਸਮ ਦੇ ਗੈਸੋਮੀਟਰ (ਗੈਸ ਟੈਂਕ 'ਚੋਂ ਬਾਹਰ ਜਾ ਰਹੀ ਗੈਸ ਮਾਪਣ ਦਾ ਯੰਤਰ) ਤੇ ਪਾਣੀ ਦੀ ਮਾਤਰਾ ਮਾਪਣ ਦੇ ਨਵੇਂ ਯੰਤਰ ਦੇ ਨੌਜਵਾਨ ਈਜਾਦਕਾਰ ਵਜੋਂ ਗੱਲਾਂ ਕਰ ਰਹੇ ਸਨ। ਇਸ ਦੌਰਾਨ ਜਿਨ੍ਹਾਂ ਸੈਨਿਕ ਲੋੜਾਂ ਨੇ ਰੂਸ ਨੂੰ ਅਲਫਰਡ ਦੇ ਪਿਤਾ ਦੀਆਂ ਸੇਵਾਵਾਂ ਪ੍ਰਾਪਤ ਕਰਨ ਲਈ ਮਜਬੂਰ ਕੀਤਾ ਸੀ, ਉਹ ਪ੍ਰਭਾਵੀ ਨਾ ਰਹੀਆਂ। ਜਿਹੜੇ ਇਨਕਲਾਬਾਂ ਨੇ ਯੂਰਪ ਨੂੰ ਇੰਨੇ ਸਾਲਾਂ ਤੋਂ ਸਤਾਇਆ ਹੋਇਆ ਸੀ, ਨੈਪੋਲੀਅਨ ਦੇ ਪਤਨ ਤੋਂ ਬਾਅਦ ਉਨ੍ਹਾਂ ਦਾ ਚੱਕਰ ਪੂਰਾ ਹੋ ਚੁੱਕਾ ਸੀ ਤੇ ਪੀਟਰਜ਼ਬਰਗ ਵਿਚ ਬਾਰੂਦੀ ਸੁਰੰਗਾਂ ਬਣਾਉਣੀਆਂ ਤੇ ਇਨ੍ਹਾਂ ਨੂੰ ਬਣਾਉਣ ਵਾਲੇ ਕਾਰਖਾਨੇ ਨੂੰ ਬੰਦ ਕਰਨ ਦਾ ਫ਼ੈਸਲਾ ਕੀਤਾ ਗਿਆ। ਨੋਬਲ ਪਰਿਵਾਰ ਅੱਗੇ ਸਵੀਡਨ ਵਿਚ ਵਾਪਸ ਆਉਣ ਅਤੇ ਆਪਣੇ ਦੇਸ਼ ਵਿਚ ਮੁੜ ਆਪਣਾ ਕੰਮ ਸ਼ੁਰੂ ਕਰਨ ਤੋਂ ਇਲਾਵਾ ਹੋਰ ਕੋਈ ਚਾਰਾ ਨਹੀਂ ਸੀ। ਆਪਣੇ ਭਰਾ ਤੇ ਪਿਤਾ ਦੇ ਸਹਿਯੋਗ ਨਾਲ ਹੁਣ ਅਲਫਰਡ ਨੋਬਲ ਨੇ ਸਨਅਤੀ ਪੱਧਰ 'ਤੇ ਨਾਈਟਰੋ-ਗਲਿਸਰਿਨ ਦੀ ਇਕ ਸਕੀਮ 'ਤੇ ਕੰਮ ਕਰਨਾ ਸ਼ੁਰੂ ਕੀਤਾ। ਇਸ ਚੀਜ਼ ਦੀ ਖੋਜ ਸੰਨ 1847 ਵਿਚ ਇਕ ਇਤਾਲਵੀ, ਐਸਕੇਨੀਓ ਸੋਬਰੇਰੋ (1812-88) ਵੱਲੋਂ ਕੀਤੀ ਗਈ ਸੀ ਜਿਸ ਨੇ ਬਾਅਦ ਵਿਚ ਖੇਤੀ ਅਤੇ ਖਾਣ-ਖੁਦਾਈ ਵਿਚ ਡਾਇਨਾਮਾਈਟ ਦੀ ਵਰਤੋਂ ਵਿਕਸਤ ਕਰਨੀ ਸੀ ਪਰ ਇਸ ਧਮਾਕਾਖੇਜ਼ ਵਸਤੂ 'ਤੇ ਕੰਮ ਕਰਨ ਵਿਚ ਛੁਪੇ ਖ਼ਤਰੇ ਕਾਰਨ ਕੋਈ ਵੀ ਨਾਈਟਰੋ-ਗਲਿਸਰਿਨ ਨੂੰ ਸਨਅਤੀ ਪੱਧਰ 'ਤੇ ਪੈਦਾ ਕਰਨ 'ਚ ਸਫ਼ਲ ਨਹੀਂ ਸੀ ਹੋ ਸਕਿਆ । ਪ੍ਰਯੋਗ ਕਾਫ਼ੀ ਅੱਗੇ ਪਹੁੰਚ ਚੁੱਕੇ ਸਨ ਤੇ ਇੰਜ ਲੱਗ ਰਿਹਾ ਸੀ ਕਿ ਸਫ਼ਲਤਾ ਨੇੜੇ-ਤੇੜੇ ਹੈ ਪਰ ਇਕ ਹਾਦਸੇ ਨੇ ਸਾਰੇ ਪਰਿਵਾਰ ਨੂੰ ਅਫਸੋਸ-ਗ੍ਰਸਤ ਕਰ ਦਿੱਤਾ। ਨਵੀਂ ਵਰਕਸ਼ਾਪ ਹਾਲੇ ਸ਼ੁਰੂ ਹੀ ਹੋਈ ਸੀ ਕਿ ਭਿਆਨਕ ਧਮਾਕੇ 'ਚ ਕਈ ਵਿਅਕਤੀ ਮਾਰੇ ਗਏ ਤੇ ਅਲਫਰਡ ਦਾ ਭਰਾ ਮਰਨ ਵਾਲਿਆਂ 'ਚੋਂ ਇਕ ਸੀ। ਸਹਿਯੋਗ ਤੇ ਧਨ ਦੀ ਕਮੀ ਕਾਰਨ ਅਲਫਰਡ ਹੁਣ ਗੰਭੀਰ ਸੰਕਟ 'ਚ ਸੀ। ਉਸ ਨੂੰ ਬਹੁਤ ਹੌਸਲੇ ਦੀ ਲੋੜ ਸੀ। ਜੇ ਉਸ ਨੇ ਆਪਣੇ ਪ੍ਰਯੋਗ ਜਾਰੀ ਰੱਖਣੇ ਸਨ ਤਾਂ ਉਸ ਨੂੰ ਕਿਸੇ ਅਜਿਹੇ ਸਥਾਨ 'ਤੇ ਕੰਮ ਕਰਨਾ ਪੈਣਾ ਸੀ, ਜਿੱਥੇ ਉਸ ਦੇ ਕੰਮ ਕਾਰਨ ਕਿਸੇ ਦੂਜੇ ਦੀ ਜਾਨ ਨੂੰ ਖ਼ਤਰਾ ਨਾ ਹੋਵੇ। ਸੋ ਉਸ ਨੇ ਇਕ ਕਿਸ਼ਤੀ ਭਾੜੇ 'ਤੇ ਲਈ ਤੇ ਆਪਣੀ ਨਾਟੀਟਰੋ-ਗਲਿਸਰਿਨ ਉਸ ਪਾਣੀ 'ਤੇ ਤੈਰਦੀ ਫਿਰਦੀ ਪ੍ਰਯੋਗਸ਼ਾਲਾ 'ਚ ਲੈ ਗਿਆ। ਖ਼ੁਸ਼ਕਿਸਮਤੀ ਨਾਲ ਇੱਥੇ ਕੁਝ ਵੀ ਮੰਦਭਾਗਾ ਨਹੀਂ ਵਾਪਰਿਆ। ਨਤੀਜੇ ਇੰਨੇ ਚੰਗੇ ਸਨ ਕਿ ਅਲਫਰਡ ਨੇ ਜਲਦੀ ਹੀ ਦੋ ਫੈਕਟਰੀਆਂ ਖੋਲ੍ਹ ਲਈਆਂ-ਇਕ ਜਰਮਨੀ 'ਚ ਅਤੇ ਦੂਜੀ ਸਵੀਡਨ 'ਚ ਪਰ ਇਹ ਖ਼ਦਸ਼ਾ ਹਮੇਸ਼ਾ ਕਾਇਮ ਰਿਹਾ ਕਿ ਕਿਸੇ ਵੀ ਸਮੇਂ ਦੁਬਾਰਾ ਫਿਰ ਧਮਾਕਾ ਉਸ ਦਾ ਸਾਰਾ ਕਾਰੋਬਾਰ ਠੱਪ ਕਰ ਸਕਦਾ ਹੈ। ਇਸ ਦੇ ਮੱਦੇਨਜ਼ਰ ਅਲਫਰਡ ਨਾਈਟਰੋ-ਗਲਿਸਰਿਨ ਵਿਚ ਕੋਈ ਅਜਿਹਾ ਪਦਾਰਥ ਮਿਲਾਉਣਾ ਚਾਹੁੰਦਾ ਸੀ, ਜੋ ਅਕਿਰਿਆਸ਼ੀਲ ਹੋਣ ਦੇ ਨਾਲ-ਨਾਲ ਮਿਲਣਸ਼ੀਲ ਵੀ ਹੋਵੇ। ਨਾਈਟਰੋ-ਗਲਿਸਰਿਨ ਨੂੰ ਇਸ ਤਰ੍ਹਾਂ ਬਦਲ ਕੇ ਅਲਫਰਡ ਨੇ ਬਹੁਤ ਸੁਰੱਖਿਅਤ ਧਮਾਕਾਖੇਜ਼ ਤਿਆਰ ਕਰ ਲਿਆ। ਇਸ ਦਾ ਨਾਂ ਡਾਇਨਮਿਕ ਰੱਖਿਆ ਗਿਆ , ਜੋ 10 ਸਤੰਬਰ 1867 ਨੂੰ ਪੇਟੈਂਟ ਕਰਵ-ਾਇਆ ਗਿਆ ਤੇ ਜਿਸ ਦੀ ਜਲਦੀ ਹੀ ਸੰਸਾਰ ਭਰ ਵਿਚ ਹਥਿਆਰ ਨਿਰਮਾਤਾਵਾਂ ਵੱਲੋਂ ਵਰਤੋਂ ਹੋਣ ਲੱਗੀ। ਇਸ ਦੀ ਖੋਜ ਨੇ ਭਾਰੀ ਦਿਲਚਸਪੀ ਪੈਦਾ ਕੀਤੀ। ਸਪਸ਼ਟ ਤੌਰ 'ਤੇ ਇਸ ਦੀ ਵਰਤੋਂ ਸੜਕਾਂ ਬਣਾਉਣ, ਖਾਣਾਂ ਦੀ ਖੁਦਾਈ ਤੇ ਰੇਲ ਮਾਰਗ ਵਿਛਾਉਣ ਵੇਲੇ ਹੋਣ ਲੱਗੀ।ਜਦ ਉਸ ਦੀਆਂ ਖੋਜਾਂ ਨੂੰ ਹਾਲੇ ਫ਼ਲ ਲੱਗਣ ਹੀ ਲੱਗੇ ਸਨ, ਜਿਨ੍ਹਾਂ ਨੇ ਉਸ ਨੂੰ ਆਪਣੇ ਸਮੇਂ ਦੇ ਸਭ ਤੋਂ ਅਮੀਰ ਵਿਅਕਤੀਆਂ 'ਚੋਂ ਇਕ ਬਣਾ ਦੇਣਾ ਸੀ ਤਾਂ ਫਰਾਂਸ ਵਿਚ ਨੋਬਲ ਵਿਰੋਧੀ ਮੁਹਿੰਮ ਸ਼ੁਰੂ ਕਰ ਦਿੱਤੀ ਗਈ। ਕੁਝ ਸਿਆਸਤਦਾਨਾਂ ਤੇ ਸਨਅਤਕਾਰਾਂ ਨੇ ਉਸ ਵੱਲੋਂ ਯੁੱਧ ਦੀ ਭਿਅੰਕਰਤਾ ਵਿਚ ਵਾਧਾ ਕੀਤੇ ਜਾਣ ਲਈ ਸਖ਼ਤ ਆਲੋਚਨਾ ਕੀਤੀ। ਉਹ ਭੁੱਲ ਗਏ ਕਿ ਐਲਪਸ ਪਰਬਤ ਦੇ ਹੇਠ ਬਣੀਆਂ ਸਿੰਪਲਨ ਤੇ ਸੈਨ ਗੋਟਹਾਰਡ ਸੁਰੰਗਾਂ ਜਿਨ੍ਹਾਂ 'ਚੋਂ ਇਕ ਬਾਰਾਂ ਮੀਲ ਤੇ ਦੂਜੀ ਲਗਪਗ ਦਸ ਮੀਲ ਲੰਮੀ ਸੀ, ਡਾਇਨਾਮਾਈਟ ਦੀ ਸਹਾਇਤਾ ਤੋਂ ਬਿਨਾਂ ਬਣ ਹੀ ਨਹੀਂ ਸਨ ਸਕਦੀਆਂ। ਉਨ੍ਹਾਂ ਨੇ ਇਹ ਸਭ ਕੁਝ ਨਜ਼ਰਅੰਦਾਜ਼ ਕਰਦਿਆਂ ਨੋਬਲ ਦੇ ਇਸ ਜਵਾਬ ਦਾ ਮਜ਼ਾਕ ਉਡਾਇਆ। ਫਿਰ ਸਾਲ 1891 ਦੀ ਇਕ ਸਵੇਰ ਨੂੰ ਜਦ ਅਲਫਰਡ ਨੋਬਲ ਪੈਰਿਸ ਵਿਚ ਸੀ, ਉਸ ਨੂੰ ਅਖ਼ਬਾਰਾਂ ਦੀਆਂ ਸੁਰਖ਼ੀਆਂ 'ਚ ਆਪਣੀ ਹੀ ਮੌਤ ਦੀ ਖ਼ਬਰ ਪੜ੍ਹ ਕੇ ਬਹੁਤ ਅਚੰਭਾ ਹੋਇਆ। ਜਿਸ ਗੱਲ ਨੇ ਉਸ ਨੂੰ ਸਭ ਤੋਂ ਵੱਧ ਦੁੱਖ ਪਹੁੰਚਾਇਆ, ਉਹ ਸੀ ਫਰਾਂਸ ਦੀ ਸਾਰੀ ਪ੍ਰੈੱਸ ਦੁਆਰਾ ਉਸ ਦੇ ਜੀਵਨ ਭਰ ਦੇ ਕੰਮ ਬਾਰੇ ਕੀਤੀਆਂ ਗਈਆਂ ਚੁਭਵੀਆਂ ਟਿੱਪਣੀਆਂ। ਇਕ ਅਖ਼ਬਾਰ ਨੇ ਉਸ ਨੂੰ 'ਦੁਸ਼ਟ ਪ੍ਰਤਿਭਾ ਦਾ ਮਾਲਕ' ਕਿਹਾ, ਦੂਜੇ ਨੇ ਉਸ ਨੂੰ 'ਤਬਾਹੀ ਦਾ ਸਵੈ-ਸਿੱਖਿਅਤ ਮਾਹਰ' ਗਰਦਾਨਿਆ। ਸਭ ਅਖ਼ਬਾਰਾਂ ਨੇ ਇਸ ਗੱਲ 'ਤੇ ਭਾਰੀ ਰਾਹਤ ਦਾ ਪ੍ਰਗਟਾਵਾ ਕੀਤਾ ਕਿ ਆਖ਼ਰਕਾਰ ਇਹ ਮਨੁੱਖ, ਜਿਸ ਨੇ ਆਪਣਾ ਜੀਵਨ ਯੁੱਧਾਂ ਨੂੰ ਉਤਸ਼ਾਹਿਤ ਕਰਨ ਤੇ ਆਪਣੇ ਸਾਥੀ ਮਨੁੱਖਾਂ ਨੂੰ ਤਬਾਹੀ ਦੇ ਕੰਢੇ 'ਤੇ ਲਿਆਉਣ ਲਈ ਸਮਰਪਿਤ ਕੀਤਾ ਸੀ। ਆਖ਼ਰਕਾਰ ਇਸ ਸੱਭਿਅਕ ਸੰਸਾਰ ਤੋਂ ਦਫਾ ਹੋ ਗਿਆ ਹੈ। ਇਹੋ ਜਿਹੀ ਹਿੰਸਾਤਾਮਕ ਭਾਵਨਾ ਉਸ ਲਈ ਬਰਦਾਸ਼ਤ ਤੋਂ ਬਾਹਰ ਸੀ। ਆਪਣੇ ਵਿਰੁੱਧ ਫਰਾਂਸ ਵਿਚ ਪੈਦਾ ਹੋਈ ਨਫ਼ਰਤ ਦੀ ਲਹਿਰ ਦਾ ਸਾਹਮਣਾ ਕਰਨ ਦੀ ਥਾਂ ਨੋਬਲ ਨੇ ਦੇਸ਼ ਛੱਡਣ ਅਤੇ ਇਟਲੀ ਦੀ ਇਕ ਸ਼ਾਂਤਮਈ ਤੇ ਛੋਟੀ ਜਿਹੀ ਸਮੁੰਦਰੀ ਆਰਾਮਗਾਹ ਸੈਨ ਰੇਮੋ ਵਿਚ ਕੰਮ ਕਰਨ ਦਾ ਫ਼ੈਸਲਾ ਕੀਤਾ। ਇੱਥੇ ਉਸ ਨੇ ਰਸਾਇਣ ਵਿਗਿਆਨ ਤੇ ਭੌਤਿਕ ਵਿਗਿਆਨ ਦੇ ਹੋਰ ਖੇਤਰਾਂ ਵਿਚ ਕਈ ਨਵੀਆਂ ਖੋਜਾਂ ਕੀਤੀਆਂ ਪਰ ਉਹ ਇਸ ਆਰਾਮਗਾਹ ਵਿਚ ਵੀ ਲੋਕਾਂ ਦੀ ਨਫ਼ਰਤ ਤੋਂ ਬਚ ਨਾ ਸਕਿਆ। ਅਲਫਰਡ ਨੂੰ ਪਤਾ ਸੀ ਕਿ ਉਹ ਬਹੁਤ ਲੰਮਾ ਸਮਾਂ ਜੀਵਿਤ ਨਹੀਂ ਰਹੇਗਾ ਤੇ ਉਹ ਸੱਚਮੁੱਚ ਸੰਨ 1896 ਵਿਚ ਇਸ ਸੰਸਾਰ ਤੋਂ ਕੂਚ ਕਰ ਗਿਆ। ਆਪਣੇ ਜੀਵਨ ਦੇ ਇਸ ਆਖ਼ਰੀ ਸਾਲ ਵਿਚ ਉਸ ਨੇ ਆਪਣੇ ਜੀਵਨ ਦਾ ਸਭ ਤੋਂ ਮਹਾਨ ਫ਼ੈਸਲਾ ਲਿਆ। ਆਪਣੀ ਵਸੀਅਤ ਤਿਆਰ ਕਰਦੇ ਸਮੇਂ ਉਸ ਨੇ ਕਾਫ਼ੀ ਸਾਰਾ ਧਨ ਅਲੱਗ ਰੱਖ ਕੇ ਨੋਬਲ ਟਰੱਸਟ ਦੀ ਸਥਾਪਨਾ ਕਰ ਦਿੱਤੀ ਜਿਸ 'ਚੋਂ ਪ੍ਰਸਿੱਧ ਨੋਬਲ ਪੁਰਸਕਾਰ ਦਿੱਤੇ ਜਾਂਦੇ ਹਨ। ਹਰ ਸਾਲ ਪੰਜ ਨੋਬਲ ਪੁਰਸਕਾਰ ਦਿੱਤੇ ਜਾਂਦੇ ਹਨ ਤੇ ਚੋਣ ਕਰਨ ਸਮੇਂ ਉਮੀਦਵਾਰ ਦੀ ਰਾਸ਼ਟਰੀਅਤਾ ਨੂੰ ਕੋਈ ਅਹਿਮੀਅਤ ਨਹੀਂ ਦਿੱਤੀ ਜਾਂਦੀ।

**- ਪ੍ਰੋ. ਅੱਛਰੂ ਸਿੰਘ**

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

# ਨੌਜਵਾਨ ਪੀੜ੍ਹੀ ਨੂੰ ਲੋਕਤੰਤਰ ਦੀਆਂ ਸੰਸਥਾਵਾਂ, ਪ੍ਰੀਕਿਰਿਆਵਾਂ ਅਤੇ ਤਰੀਕਿਆਂ ਤੋਂ ਜਾਣੂ ਕਰਵਾਉਣਾ ਜ਼ਰੂਰੀ: ਓਮ ਬਿਰਲਾ ਲੋਕ ਸਭਾ ਸਪੀਕਰ

## ਬਾਬਾ ਸਾਹਿਬ ਨੇ ਕਦਰਾਂ ਕੀਮਤਾਂ ਨੂੰ ਜੋੜ ਕੇ ਪ੍ਰਾਚੀਨ ਸੱਭਿਅਤਾ ਨੂੰ ਇੱਕ ਆਧੁਨਿਕ ਦੇਸ਼ 'ਚ ਬਦਲਣ ਲਈ ਨਰੋਏ ਸੰਵਿਧਾਨ ਦਾ ਨਿਰਮਾਣ ਕੀਤਾ: ਸਾਂਸਦ ਮਨੀਸ਼ ਤਿਵਾੜੀ

ਆਜ਼ਾਦੀ ਤੋਂ ਬਾਅਦ 75 ਸਾਲਾਂ ਦੀ ਯਾਤਰਾ 'ਚ ਸਾਡਾ ਲੋਕਤੰਤਰ ਨਿਰੰਤਰ ਸਸ਼ਕਤ ਹੋਇਆ ਹੈ। ਨੌਜਵਾਨ ਪੀੜ੍ਹੀ ਨੂੰ ਲੋਕਤੰਤਰ ਦੀਆਂ ਸੰਸਥਾਵਾਂ, ਪ੍ਰੀਕਿਰਿਆਵਾਂ ਅਤੇ ਤਰੀਕਿਆਂ ਤੋਂ ਜਾਣੂ ਕਰਵਾਉਣਾ ਵੀ ਮਹੱਤਵਪੂਰਨ ਹੈ। ਯੂਥ ਪਾਰਲੀਮੈਂਟ ਵਰਗੇ ਉਦਮਾਂ ਦੇ ਮਾਧਿਅਮ ਰਾਹੀਂ ਨੌਜਵਾਨ ਪੀੜ੍ਹੀ ਨੂੰ ਲੋਕਤੰਤਰਿਕ ਮੁੱਲਾਂ ਅਤੇ ਆਦਰਸ਼ਾਂ ਤੋਂ ਜਾਣੂ ਕਰਵਾਉਣਾ ਆਸਾਨ ਹੋ ਜਾਂਦਾ ਹੈ, ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਲੋਕ ਸਭਾ ਸਪੀਕਰ ਸ਼੍ਰੀ ਓਮ ਬਿਰਲਾ ਨੇ ਕੀਤਾ। ਇਸ ਮੌਕੇ ਉਹ ਚੰਡੀਗੜ੍ਹ ਯੂਨੀਵਰਸਿਟੀ ਘੜੂੰਆਂ ਵੱਲੋਂ ਕਰਵਾਏ ਜਾ ਰਹੀ ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਨੈਸ਼ਨਲ ਯੂਥ ਪਾਰਲੀਮੈਂਟ ਦੇ ਉਦਘਾਟਨੀ ਸਮਾਗਮ ਨੂੰ ਸੰਬੋਧਨ ਕਰ ਰਹੇ ਸਨ। ਇਸ ਦੌਰਾਨ ਸਾਂਸਦ ਸ਼੍ਰੀ ਮਨੀਸ਼ ਤਿਵਾੜੀ, ਸੰਸਦ ਮੈਂਬਰ ਸ਼੍ਰੀ ਰਿਤੇਸ਼ ਪਾਂਡੇ ਅਤੇ ਹਰਿਆਣਾ ਦੇ ਕਿਰਤ ਵਿਭਾਗ ਦੇ ਵਧੀਕ ਮੁੱਖ ਸਕੱਤਰ ਡਾ. ਰਾਜਾ ਸ਼ੇਖਰ ਵੁੰਦਰੂ (ਆਈ.ਏ.ਐਸ) ਵਿਸ਼ੇਸ਼



ਮਹਿਮਾਨ ਵਜੋਂ ਮੌਜੂਦ ਸਨ।

ਜ਼ਿਕਰਯੋਗ ਹੈ ਕਿ ਚੰਡੀਗੜ੍ਹ ਯੂਨੀਵਰਸਿਟੀ ਵੱਲੋਂ ਦੇਸ਼ ਦੇ ਨੌਜਵਾਨਾਂ ਨੂੰ ਸਾਡੇ ਲੋਕਤੰਤਰ ਅਤੇ ਸੰਵਿਧਾਨ ਨਾਲ ਜੋੜਨ ਦੇ ਉਦੇਸ਼ ਨਾਲ ਦੋ ਰੋਜ਼ਾ ਨੈਸ਼ਨਲ ਯੂਥ ਪਾਰਲੀਮੈਂਟ ਦਾ ਆਯੋਜਨ ਕਰਵਾਇਆ ਜਾ ਰਿਹਾ ਹੈ। ਯੂਥ ਸੰਸਦ 'ਚ ਭਾਰਤ ਦੇ ਸਾਰੇ ਰਾਜਾਂ ਤੋਂ ਵਿਦਿਆਰਥੀ ਹਿੱਸਾ ਲੈ ਕੇ ਇੱਕ ਮੰਚ 'ਤੇ ਦੇਸ਼ ਦੇ ਮੌਜੂਦਾ ਮੁੱਦਿਆਂ 'ਤੇ ਵਿਚਾਰ ਚਰਚਾ ਕਰਨ ਦੇ ਨਾਲ-ਨਾਲ ਆਪਣੇ ਵਿਚਾਰਾਂ ਦੀ ਸਾਂਝ ਪਾਉਣਗੇ। ਯੂਥ ਪਾਰਲੀਮੈਂਟ ਦੇ ਪਹਿਲੇ ਰਾਊਂਡ ਲਈ ਦੇਸ਼ ਦੀਆਂ 317 ਯੂਨੀਵਰਸਿਟੀਆਂ ਤੋਂ 1940 ਵਿਦਿਆਰਥੀ ਭਾਗ ਲੈਣਗੇ ਜਦਕਿ ਦੂਜੇ ਰਾਊਂਡ ਲਈ 120 ਯੂਨੀਵਰਸਿਟੀਆਂ ਦੇ 190 ਤੋਂ ਵੱਧ ਵਿਦਿਆਰਥੀ ਸ਼ਿਰਕਤ ਕਰਨਗੇ ਅਤੇ ਆਖਰੀ ਰਾਊਂਡ ਨੂੰ ਚਾਰ ਸੈਸ਼ਨਾਂ 'ਚ ਵੰਡਿਆ ਜਾਵੇਗਾ। ਇਸ ਮੌਕੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਲੋਕ ਸਭਾ ਦੇ ਸਪੀਕਰ ਓਮ ਬਿਰਲਾ ਨੇ ਕਿਹਾ ਕਿ ਅਜਿਹੀਆਂ ਚਰਚਾਵਾਂ ਅਤੇ ਸੰਵਾਦ ਲੋਕਤੰਤਰ ਦੀ ਸਭ ਤੋਂ ਵੱਡੀ ਸ਼ਕਤੀ ਹੈ।ਸਾਡਾ ਦੇਸ਼ ਦੁਨੀਆਂ ਦੀ ਸਭ ਤੋਂ ਪ੍ਰਾਚੀਨ ਲੋਕਤੰਤਰਿਕ ਪ੍ਰਣਾਲੀ ਵਾਲਾ ਦੇਸ਼ ਹੈ ਜਦਕਿ ਸਾਡੀ ਜੀਵਨ ਸ਼ੈਲੀ, ਸਾਡੀ ਸੋਚ ਅਤੇ ਸਾਡੇ ਕੰਮਾਂ ਵਿੱਚ ਸਾਡਾ ਲੋਕਤੰਤਰ ਵਸਦਾ ਹੈ। ਉਨ੍ਹਾਂ ਕਿਹਾ ਕਿ ਬਾਬਾ ਸਾਹਿਬ ਬੀ.ਆਰ ਅੰਬੇਦਕਰ ਅਤੇ ਹੋਰ ਮਹਾਨ ਸਖ਼ਸ਼ੀਅਤਾਂ ਦੁਆਰਾ ਤਿਆਰ ਕੀਤੇ ਸਾਡੇ ਸੰਵਿਧਾਨ ਨੇ ਇੱਕ ਮਜ਼ਬੂਤ ਸੰਘੀ ਰਾਜ ਦੀ ਨੀਂਹ ਰੱਖਣ ਦੇ ਨਾਲ-ਨਾਲ ਨਾਗਰਿਕਾਂ ਲਈ ਅਧਿਕਾਰਾਂ ਅਤੇ ਕਰਤੱਬਾਂ ਦੀ ਇੱਕ ਆਦਰਸ਼ ਰੂਪਰੇਖਾ ਵੀ ਤਿਆਰ ਕੀਤੀ ਹੈ।ਉਨ੍ਹਾਂ ਦੱਸਿਆ ਕਿ ਸਮਾਜ ਅਤੇ ਵਿਸ਼ੇਸ਼ ਤੌਰ 'ਤੇ ਨੌਜਵਾਨ ਪੀੜ੍ਹੀ ਨੂੰ ਸੰਵਿਧਾਨ ਪ੍ਰਤੀ ਜਾਗਰੂਕ ਕਰਨ ਲਈ ਵਿਸ਼ੇਸ਼ ਕੇ.ਵਾਈ.ਸੀ ਪ੍ਰੋਗਰਾਮ ਵੀ ਚਲਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਲੋਕਤੰਤਰ ਦੀ ਮੂਲ ਭਾਵਨਾ ਸੰਵਾਦ, ਬਹਿਸ ਅਤੇ ਵਿਚਾਰ ਵਟਾਂਦਰਾ ਹੈ ਅਤੇ ਸਾਡੇ ਲੋਕਤੰਤਰ 'ਚ ਸਾਰੇ ਹਿੱਤਧਾਰਕਾਂ ਨੂੰ ਆਪਣੇ ਵਿਚਾਰ ਪ੍ਰਗਟਾਉਣ ਦਾ ਅਧਿਕਾਰ ਹੈ।ਉਨ੍ਹਾਂ ਕਿਹਾ ਕਿ ਦੇਸ਼ ਦਾ ਭਵਿੱਖ ਨੌਜਵਾਨਾਂ ਸ਼ਕਤੀ 'ਤੇ ਨਿਰਭਰ ਕਰਦਾ ਹੈ। ਸਾਡੀ ਨੌਜਵਾਨ ਸ਼ਕਤੀ 'ਚ ਅਥਾਂਹ ਊਰਜਾ, ਜੋਸ਼ ਅਤੇ ਉਤਸ਼ਾਹ ਹੈ ਜੋ ਆਪਣੀ ਰਚਨਾਤਮਕ ਸੋਚ ਸਦਕਾ ਰਾਸ਼ਟਰ ਨਿਰਮਾਣ 'ਚ ਯੋਗਦਾਨ ਪਾ ਸਕਦੇ ਹਨ। ਰਾਸ਼ਟਰੀ ਯੁਵਾ ਸੰਸਦ 'ਚ ਭਾਗ ਲੈਣ ਵਾਲੇ ਵਿਦਿਆਰਥੀਆਂ ਨੂੰ ਵਧਾਈ ਦਿੰਦੇ ਹੋਏ ਸ਼੍ਰੀ ਮਨੀਸ਼ ਤਿਵਾੜੀ ਨੇ ਕਿਹਾ ਕਿ ਡਾ. ਭੀਮ ਰਾਓ ਨੂੰ ਸਮਰਪਿਤ ਰਾਸ਼ਟਰੀ ਯੁਵਾ ਸੰਸਦ ਵਿਦਿਆਰਥੀਆਂ ਲਈ ਮਹੱਤਵਪੂਰਨ ਸਾਬਤ ਹੋਵੇਗੀ। ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਨੇ ਵਿਸ਼ਵ ਦੇ ਬਹੁਤ ਸਾਰੇ ਦੇਸ਼ਾਂ ਦੀਆਂ ਕੁੱਝ ਕਦਰਾਂ ਕੀਮਤਾਂ ਨੂੰ ਜੋੜ ਕੇ ਪ੍ਰਾਚੀਨ ਸੱਭਿਅਤਾ ਨੂੰ ਇੱਕ ਆਧੁਨਿਕ ਦੇਸ਼ ਵਿੱਚ ਬਦਲਣ ਲਈ ਇੱਕ ਨਰੋਆ ਸੰਵਿਧਾਨ ਬਣਾਇਆ ਅਤੇ ਭਾਰਤ ਦੀ ਸੰਸਦੀ ਪ੍ਰਣਾਲੀ ਵੀ ਵਿਵਸਥਾ ਕੀਤੀ। ਇਸ ਪ੍ਰਣਾਲੀ ਵਿੱਚ ਵਿਧਾਨ ਸਭਾ, ਕਾਰਜਪਾਲਿਕਾ ਅਤੇ ਨਿਆਂਪਾਲਿਕਾ ਇਕਸੁਰਤਾ ਵਿੱਚ ਕੰਮ ਕਰ ਸਕਦੀਆਂ ਹਨ, ਤਾਂ ਜੋ ਅਧਿਕਾਰ ਦੀ ਕੋਈ ਵੀ ਦੁਰਵਰਤੋਂ ਨਾ ਕਰ ਸਕੇ। ਉਨ੍ਹਾਂ ਕਿਹਾ ਕਿ ਵਿਸ਼ਵ ਪੱਧਰ 'ਤੇ ਲੋਕਤੰਤਰ ਦਾ ਆਪਣਾ ਇਤਿਹਾਸ ਹੈ।
ਆਧੁਨਿਕ ਭਾਰਤ ਦੇ ਨਿਰਮਾਤਾ ਡਾ. ਭੀਮ ਰਾਓ ਅੰਬੇਦਕਰ, ਜਵਾਹਰ ਲਾਲ ਨਹਿਰੂ ਅਤੇ ਹੋਰ ਗਿਆਨਵਾਨ ਅਤੇ ਦੂਰਦਰਸ਼ੀ ਸਖ਼ਸ਼ੀਅਤਾਂ ਸਨ, ਜਿਨ੍ਹਾਂ ਨੇ ਦੇਸ਼ ਵਾਸ਼ੀਆਂ ਨੂੰ ਆਧੁਨਿਕ ਰਾਸ਼ਟਰ ਦੇ ਸੰਕਲਪ ਨੂੰ ਸਮਝਾਉਣ ਲਈ ਬ੍ਰਿਟਿਸ਼ ਜੇਲ੍ਹਾਂ 'ਚ ਕਈ ਦਹਾਕੇ ਬਿਤਾਏ। ਉਨ੍ਹਾਂ ਕਿਹਾ ਕਿ ਅੱਜ ਇਹ ਸਮਝਣ ਦੀ ਲੋੜ ਹੈ ਕਿ ਕਿਵੇਂ ਸਾਡੇ ਦਾਰਸ਼ਨਿਕ ਅਤੇ ਗਿਆਨਵਾਨ ਨੇਤਾ ਪ੍ਰਾਚੀਨ ਸੱਭਿਅਤਾ ਨੂੰ ਆਧੁਨਿਕ ਭਾਰਤ ਵਿੱਚ ਬਦਲਣਾ ਚਾਹੁੰਦੇ ਸਨ।ਉਨ੍ਹਾਂ ਨੇ ਭਾਰਤ ਦੀ ਆਜ਼ਾਦੀ ਤੋਂ ਪਹਿਲਾਂ ਜਾਂ ਬਾਅਦ 'ਚ ਅੰਗਰੇਜ਼ਾਂ ਦੁਆਰਾ ਬਣਾਈਆਂ ਇਮਾਰਤਾਂ ਨੂੰ ਢਾਹੁਣ ਬਾਰੇ ਨਹੀਂ ਸੋਚਿਆ ਸੀ, ਕਿਉਂਕਿ ਉਨ੍ਹਾਂ ਦਾ ਉਦੇਸ਼ ਲੋਕਾਂ ਨੂੰ ਸਹੀ ਮਾਰਗ 'ਤੇ ਲਿਆ ਕੇ ਇੱਕ ਆਧੁਨਿਕ ਭਾਰਤ ਦਾ ਨਿਰਮਾਣ ਕਰਨਾ ਸੀ। ਸ਼੍ਰੀ ਤਿਵਾੜੀ ਨੇ ਕਿਹਾ ਕਿ ਬਦਕਿਸਮਤੀ ਨਾਲ ਉਨ੍ਹਾਂ ਗਿਆਨਵਾਨ ਵਿਅਕਤੀਆਂ ਦੀ ਦ੍ਰਿਸ਼ਟੀ ਪਿਛਲੇ ਕੁੱਝ ਦਹਾਕਿਆਂ ਤੋਂ ਮੱਧਮ ਹੋ ਗਈ ਹੈ। ਵਰਤਮਾਨ ਵਿੱਚ ਰਾਜਨੀਤੀ ਵਿੱਚ ਦਲ ਬਦਲਣ ਦਾ ਰੁਝਾਨ ਵਧ ਗਿਆ ਹੈ, ਇਸਦੇ ਲਈ ਕੁੱਝ ਉਚਿਤ ਕਦਮ ਚੁੱਕਣ ਦੀ ਜ਼ਰੂਰਤ ਹੈ।ਉਨ੍ਹਾਂ ਕਿਹਾ ਕਿ 1985 ਵਿੱਚ ਦਲ-ਬਦਲ ਵਿਰੋਧੀ ਕਾਨੂੰਨ ਸ਼੍ਰੀ ਰਾਜੀਵ ਗਾਂਧੀ ਵੱਲੋਂ ਪਾਸ ਕੀਤਾ ਗਿਆ ਸੀ, ਜਿਸ ਅਨੁਸਾਰ ਸਦਨ ਦੇ ਸਪੀਕਰ ਨੂੰ ਮੈਂਬਰਾਂ ਦੀ ਅਯੋਗਤਾ ਬਾਰੇ ਫੈਸਲੇ ਲੈਣ ਦੀ ਸ਼ਕਤੀ ਦਿੱਤੀ ਗਈ ਸੀ।ਉਨ੍ਹਾਂ ਕਿਹਾ ਕਿ ਇਸ ਵੇਲੇ ਸੰਸਦ ਮੈਂਬਰ ਲੋਕਾਂ ਅਤੇ ਕਾਰਜਪਾਲਿਕਾ ਦੇ ਵਿਚਕਾਰ ਸਿਰਫ਼ ਮੱਧ ਪੁਰਸ਼ ਦੀ ਭੂਮਿਕਾ ਨਿਭਾ ਰਿਹਾ ਹੈ।ਇਸਦਾ ਮੁੱਢਲਾ ਕੰਮ ਰਾਜ ਅਤੇ ਦੇਸ਼ ਲਈ ਬਿਹਤਰ ਕਾਨੂੰਨ ਬਣਾਉਣਾ ਹੈ, ਜੋ ਪੂਰੀ ਤਰ੍ਹਾਂ ਖ਼ਤਮ ਹੋ ਗਿਆ ਹੈ। ਇਸ ਦੌਰਾਨ ਉਨ੍ਹਾਂ ਆਂਗਣਵਾੜੀ ਵਰਕਰਾਂ ਦੀਆਂ ਸੇਵਾਵਾਂ ਨੂੰ ਸਲਾਮ ਕਰਦਿਆਂ ਸ਼੍ਰੀ ਰਿਤੇਸ਼ ਪਾਂਡੇ ਕਿਹਾ ਕਿ ਆਂਗਣਵਾੜੀ ਵਰਕਰਾਂ ਸਿਹਤ, ਪੋਸ਼ਣ ਅਤੇ ਮਰਦਮਸ਼ੁਮਾਰੀ ਵਰਗੇ ਤਿੰਨ-ਤਿੰਨ ਵਿਭਾਗਾਂ ਲਈ ਸੇਵਾਵਾਂ ਨਿਭਾਉਂਦੀਆਂ ਹਨ, ਪਰ ਉਨ੍ਹਾਂ ਦਾ ਮਿਹਨਤਾਨਾਂ ਸਤਿਕਾਰਯੋਗ ਨਹੀਂ ਹੈ, ਜਿਸ 'ਤੇ ਵਿਚਾਰ ਕਰਨ ਦੀ ਲੋੜ ਹੈ। ਇਸ ਦੌਰਾਨ ਉਨ੍ਹਾਂ ਜਲਵਾਯੂ ਪਰਿਵਰਤਨ ਵਰਗੇ ਪੇਚੀਦਾ ਮੁੱਦਿਆਂ 'ਤੇ ਵਿਚਾਰ ਕਰਨ ਦੀ ਲੋੜ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਇਹ ਮੁੱਦਾ ਸਮੁੱਚੇ ਵਿਸ਼ਵ ਲਈ ਚਿੰਤਾ ਦਾ ਵਿਸ਼ਾ ਹੈ। ਉਨ੍ਹਾਂ ਸਿਹਤ ਅਤੇ ਸਿੱਖਿਆ ਵਰਗੇ ਖੇਤਰਾਂ ਨੂੰ ਵੋਟ ਮੁੱਦੇ




ਬਣਾਉਣ ਦੀ ਲੋੜ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਲੋਕ ਇਨ੍ਹਾਂ ਮੁੱਦਿਆਂ ਪ੍ਰਤੀ ਜਾਗਰੂਕ ਹੋਣ। ਉਨ੍ਹਾਂ ਕਿਹਾ ਕਿ ਅਸੀਂ ਜਿਸ ਸਮਾਜ 'ਚ ਰਹਿ ਰਹੇ ਹਾਂ ਉਥੇ ਭਵਿੱਖ 'ਚ ਵੱਡੀਆਂ ਚਣੌਤੀਆਂ ਸਾਹਮਣੇ ਆਉਣਗੀਆਂ ਜਦਕਿ ਵਿਦਿਆਰਥੀ ਆਪਣੇ ਦਾਇਰੇ ਨੂੰ ਵਧਾ ਕੇ ਲੋਕਾਂ ਨੂੰ ਜਾਗਰੂਕ ਕਰਨ 'ਚ ਵੱਡੀ ਭੂਮਿਕਾ ਨਿਭਾ ਸਕਦੇ ਹਨ। ਉਨ੍ਹਾਂ ਕਿਹਾ ਕਿ ਦੇਸ਼ 'ਚੋਂ ਅਸਮਾਨਤਾਵਾਂ ਖ਼ਤਮ ਕਰਨ ਲਈ ਬਾਬਾ ਸਾਹਿਬ ਨੇ ਅਹਿਮ ਭੂਮਿਕਾ ਨਿਭਾਈ। ਵਿਧਾਨ ਸਭਾ ਅਤੇ ਲੋਕ ਸਭਾ 'ਚ ਲੋਕ ਆਵਾਜ਼ ਨੂੰ ਬੁਲੰਦ ਕਰਨ ਵਾਲੇ ਨਿਯਮਾਂ ਸਬੰਧੀ ਵਿਦਿਆਰਥੀਆਂ ਨੂੰ ਜਾਣਕਾਰੀ ਦਿੰਦਿਆਂ ਸਾਂਸਦ ਸ਼੍ਰੀ ਪਾਂਡੇ ਨੇ ਕਿਹਾ ਕਿ ਨਿਯਮ-51 ਵਿਧਾਇਕਾਂ ਅਤੇ ਸੰਸਦ ਮੈਂਬਰਾਂ ਲਈ ਵੱਡਾ ਔਜ਼ਾਰ ਹੈ ਜੋ ਲੋਕਾਂ ਦੇ ਮੁੱਦਿਆਂ ਨੂੰ ਸਦਨ 'ਚ ਉਜਾਗਰ ਕਰਨ ਦਾ ਮੌਕਾ ਦਿੰਦਾ ਹੈ। ਇਸ ਤੋਂ ਇਲਾਵਾ ਖੇਤਰ ਦੇ ਭਖਵੇਂ ਮੁੱਦਿਆਂ ਨੂੰ ਸਦਨ 'ਚ ਪਹਿਲ ਦੇ ਆਧਾਰ 'ਤੇ ਚੁੱਕਣ ਲਈ ਨਿਯਮ-53 ਸੱਭ ਤੋਂ ਪ੍ਰਭਾਵਸ਼ਾਲੀ ਹੈ, ਜਿਸ ਸਬੰਧੀ ਸਪੀਕਰ ਦੀ ਆਗਿਆ ਨਾਲ ਸਦਨ ਦੇ ਸਮੁੱਚੇ ਦਿਨ ਦੀ ਕਾਰਵਾਈ ਸਬੰਧਿਤ ਮੁੱਦੇ 'ਤੇ ਕੀਤੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਲੋਕ ਸਭਾ 'ਚ ਜਾ ਕੇ ਸਾਂਸਦ ਦੀ ਜ਼ੁੰਮੇਵਾਰੀ ਵੱਧ ਜਾਂਦੀ ਹੈ, ਸਿਰਫ਼ ਖੇਤਰੀ ਮੁੱਦਿਆਂ ਤੋਂ ਇਲਾਵਾ ਰਾਸ਼ਟਰੀ ਮੁੱਦਿਆਂ ਨੂੰ ਚੁੱਕਣ ਲਈ ਉਸਦਾ ਦਾਇਰਾ ਵੱਧ ਜਾਂਦਾ ਹੈ। ਛੋਟੇ ਤੋਂ ਲੈ ਕੇ ਵੱਡੇ ਮੁੱਦਿਆਂ ਨੂੰ ਉਜਾਗਰ ਕਰਨ ਲਈ ਲੋਕ ਸਭਾ ਮਹੱਤਵਪੂਰਨ ਮੰਚ ਹੈ, ਇਸਦਾ ਸਤਿਕਾਰ ਬਣਾਈ ਰੱਖਣਾ ਸਾਡੇ ਫਰਜ਼ ਹੋਣਾ ਚਾਹੀਦਾ ਹੈ।

ਇਸ ਮੌਕੇ ਬੋਲਦਿਆਂ ਡਾ. ਰਾਜਾ ਸ਼ੇਖਰ ਵਾਂਦਰੂ (ਆਈ.ਏ.ਐਸ) ਨੇ ਕਿਹਾ ਕਿ ਚੋਣ ਪ੍ਰਣਾਲੀ ਵਿੱਚ ਫਸਟ ਪਾਸਟ ਦਿ ਪੋਸਟ ਸਿਸਟਮ ਬਾਰੇ ਗੱਲ ਕਰਦਿਆਂ ਕਿਹਾ ਕਿ ਇਸ ਵੇਲੇ ਵੋਟਾਂ ਦਾ ਕੋਈ ਏਕੀਕਰਨ ਨਹੀਂ ਹੈ, ਚੁਣੇ ਜਾਣ ਲਈ ਆਗੂ ਵੋਟਾਂ ਨੂੰ ਵੰਡਣ ਦੀ ਕੋਸ਼ਿਸ਼ ਕਰੇਗਾ। ਉਨ੍ਹਾਂ ਕਿਹਾ ਕਿ ਅਸੀਂ ਵੇਖਦੇ ਹਾਂ ਕਿ ਕਈ ਵਾਰ ਕੋਈ ਪਾਰਟੀ ਸਿਰਫ਼ 28 ਫ਼ੀਸਦੀ ਵੋਟਾਂ ਹਾਸਲ ਕਰਨ ਦੇ ਬਾਵਜੂਦ ਜਿੱਤ ਦਰਜ ਕਰਦੀ ਹੈ, ਜਦੋਂ ਕਿ ਇਸ ਦਾ ਦੂਜਾ ਪੱਖ ਇਹ ਹੈ ਕਿ ਬਾਕੀ ਲੋਕ ਉਸ ਪਾਰਟੀ ਦੇ ਪੱਖ 'ਚ ਨਹੀਂ ਹਨ।

ਉਨ੍ਹਾਂ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਾਨੂੰ ਚੋਣ ਪ੍ਰਣਾਲੀ ਅਤੇ ਇਸ ਨਾਲ ਜੁੜੇ ਸਾਰੇ ਪਹਿਲੂਆਂ ਬਾਰੇ ਮੁੜ ਵਿਚਾਰ ਕਰਨਾ ਚਾਹੀਦਾ ਹੈ ਅਤੇ ਇਹ ਵੇਖਣਾ ਹੋਵੇਗਾ ਕਿ ਸੰਸਦ ਪ੍ਰਣਾਲੀ ਕਿਵੇਂ ਕੰਮ ਕਰ ਰਹੀ ਹੈ।


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

## ਕੈਲੀਫੋਰਨੀਆ ਖਬਰਨਾਮਾ (ਹੁਸਨ ਲੜੋਆ ਬੰਗਾ)

# ਕੋਵਿਡ ਮਹਾਮਾਰੀ ਮਾਮਲੇ ਵਿਚ ਰਾਸ਼ਟਰ ਦੀ ਦਿਸ਼ਾ ਸਹੀ ਪਰੰਤੂ ਰਹਿੰਦੇ ਅਮਰੀਕੀਆਂ ਲਈ ਵੈਕਸੀਨ ਲਵਾਉਣ ਜਰੂਰੀ-ਬਾਈਡਨ

## 5 ਤੋਂ 12 ਸਾਲਾਂ ਦੇ ਬੱਚਿਆਂ ਲਈ ਵੈਕਸੀਨ ਛੇਤੀ ਲੱਗੇਗੀ

**ਸੈਕਰਾਮੈਂਟੋ 15 ਅਕਤੂਬਰ–** ਰਾਸ਼ਟਰਪਤੀ ਜੋ ਬਾਈਡਨ ਨੇ ਕਿਹਾ ਹੈ ਕਿ ਕੋਵਿਡ ਮਹਾਮਾਰੀ ਮਾਮਲੇ ਵਿਚ ਅਮਰੀਕਾ ਸਹੀ ਦਿਸ਼ਾ ਵੱਲ ਵਧ ਰਿਹਾ ਹੈ ਪਰੰਤੂ ਰਹਿੰਦੇ 6160 ਕਰੋੜ ਲੋਕਾਂ ਲਈ ਕੋਵਿਡ-19 ਵੈਕਸੀਨ ਲਵਾਉਣੀ ਜਰੂਰੀ ਹੈ। ਵਾਇਟ ਹਾਊਸ ਵਿਚ ਕੋਵਿਡ ਮਹਾਮਾਰੀ ਬਾਰੇ ਗੱਲ ਕਰਦਿਆਂ ਰਾਸ਼ਟਰਪਤੀ ਨੇ ਕਿਹਾ ਕਿ ਵੈਕਸੀਨ ਬਹੁਤ ਕਾਰਗਰ ਹੈ ਤੇ ਇਹ ਵੈਕਸੀਨ ਦਾ ਹੀ ਸਿੱਟਾ ਹੈ ਕਿ ਦੇਸ਼ ਭਰ ਵਿਚ ਕੋਵਿਡ-19 ਦੇ ਮਾਮਲੇ ਘਟੇ ਹਨ ਤੇ ਹਸਪਤਾਲਾਂ ਵਿਚ ਮਰੀਜ਼ਾਂ ਦੀ ਗਿਣਤੀ ਘਟੀ ਹੈ। ਉਨਾਂ ਕਿਹਾ ਕਿ "ਇਹ ਪ੍ਰਗਤੀ ਅਹਿਮ ਹੈ ਪਰੰਤੂ ਕਾਫੀ ਨਹੀਂ ਹੈ। ਹੁਣ ਸਮਾਂ ਅਵੇਸਲੇ ਹੋਣ ਦਾ ਨਹੀਂ ਹੈ। ਸਾਨੂੰ ਬਹੁਤ ਕੁਝ ਕਰਨਾ ਪਵੇਗਾ। ਕੋਵਿਡ ਮਾਮਲੇ ਵਿਚ ਅਸੀਂ ਅਹਿਮ ਪੜਾਅ ਵਿਚ ਪੁੱਜ ਗਏ ਹਾਂ ਜਿਥੇ ਸਾਨੂੰ ਵਧੇਰੇ ਚੌਕਸੀ ਦੀ ਲੋੜ ਹੈ।" ਬਾਈਡਨ ਨੇ ਕਿਹਾ ਕਿ ਸਾਨੂੰ ਅਗੇ ਵਧਣਾ ਪਵੇਗਾ ਤੇ ਰਹਿੰਦੇ ਅਮਰੀਕੀਆਂ ਨੂੰ ਵੈਕਸੀਨ ਲਵਾਉਣੀ ਪਵੇਗੀ। ਰਾਸ਼ਟਰਪਤੀ ਨੇ ਕਿਹਾ ਕਿ ਉਸ ਦਾ ਪ੍ਰਸ਼ਾਸਨ ਵੈਕਸੀਨ ਬਾਰੇ ਫੈਲਾਈ ਜਾ ਰਹੀ ਗਲਤ ਜਾਣਕਾਰੀ ਵਿਰੁੱਧ ਨਿਰੰਤਰ ਲੜਾਈ ਲੜ ਰਿਹਾ ਹੈ ਤੇ ਅਮਰੀਕੀਆਂ ਨੂੰ ਵੈਕਸੀਨ ਦੀ ਸੁਰੱਖਿਆ ਤੇ ਕਾਰਗਰਤਾ ਬਾਰੇ ਸਹੀ ਤੇ ਠੋਸ ਜਾਣਕਾਰੀ ਦੇ ਰਿਹਾ ਹੈ। ਬਾਈਡਨ ਨੇ ਜੋਰ ਦੇ ਕੇ ਕਿਹਾ ਕਿ ਸਕੂਲਾਂ ਨੂੰ ਸੁਰੱਖਿਅਤ ਢੰਗ ਨਾਲ ਖੋਲਣ ਦੀ ਲੋੜ ਹੈ ਜਿਸ ਵਾਸਤੇ ਕੋਵਿਡ ਟੀਕਾਕਰਣ ਜਰੂਰੀ ਹੈ। ਉਨਾਂ ਕਿਹਾ ਕਿ ਫਾਈਜ਼ਰ ਤੇ ਬਾਇਓਨਟੈਕ ਨੇ 5 ਤੋਂ 11 ਸਾਲਾਂ ਦੇ ਬੱਚਿਆਂ ਲਈ ਕੋਵਿਡ-19 ਵੈਕਸੀਨ ਬਾਰੇ



ਅੰਕੜੇ ਸ਼ੁਰੂਆਤੀ ਜਾਂਚ ਲਈ ਐਫ ਡੀ ਏ ( ਫੂਡ ਐਂਡ ਡਰੱਗ ਐਡਮਿਨਿਸਟ੍ਰੇਸ਼ਨ) ਨੂੰ ਦੇ ਦਿੱਤੇ ਹਨ। ਪ੍ਰਵਾਨਗੀ ਮਿਲਣ ਉਪਰੰਤ ਅਸੀਂ ਬੱਚਿਆਂ ਦੇ ਟੀਕਾਕਰਣ ਲਈ ਤਿਆਰ ਹਾਂ। ਅਸੀਂ ਦੇਸ਼ ਭਰ ਦੇ 5 ਤੋਂ 11 ਸਾਲਾਂ ਦੇ ਬੱਚਿਆਂ ਲਈ ਲੋੜੀਂਦੀ ਵੈਕਸੀਨ ਖਰੀਦ ਲਈ ਹੈ ਤੇ ਮਾਪੇ ਆਪਣੇ ਮੰਨਪਸੰਦ ਤੇ ਭਰੋਸੇ ਵਾਲ ਸਥਾਨ 'ਤੇ ਆਪਣੇ ਬੱਚਿਆਂ ਨੂੰ ਵੈਕਸੀਨ ਲਵਾ ਸਕਣਗੇ। ਬਾਈਡਨ ਨੇ ਕਿਹਾ ਕਿ ਬੱਚਿਆਂ ਦੇ ਟੀਕਾਕਰਣ ਉਪਰੰਤ ਉਨਾਂ ਦੇ ਮਾਪੇ ਗੂੜੀ ਨੀਂਦ ਸੌਂ ਸਕਣਗੇ ਕਿਉਂਕਿ ਉਹ ਸਮਝ ਜਾਣਗੇ ਕਿ ਹੁਣ ਉਨਾਂ ਦੇ ਬੱਚੇ ਸੁਰੱਖਿਅਤ ਹਨ। ਯੂ ਐਸ ਸੈਂਟਰ ਫਾਰ ਡਸੀਜ਼ ਕੰਟਰੋਲ ਐਂਡ ਪ੍ਰੀਵੈਨਸ਼ਨ ਅਨੁਸਾਰ ਤਕਰੀਬਨ 18180 ਕਰੋੜ ਅਮਰੀਕੀ ਆਬਾਦੀ ਦਾ ਮੁਕੰਮਲ ਟੀਕਾਕਰਣ ਹੋ ਚੁੱਕਾ ਹੈ ਜੋ ਕੁਲ ਯੋਗ ਆਬਾਦੀ ਦਾ 6612% ਹੈ ਤੇ ਤਕਰੀਬਨ 6160 ਕਰੋੜ ਅਮਰੀਕੀਆਂ ਨੇ ਅਜੇ ਤੱਕ ਵੈਕਸੀਨ ਨਹੀਂ ਲਵਾਈ ਜੋ ਕੁਲ ਯੋਗ ਆਬਾਦੀ ਦਾ 2313% ਹਿੱਸਾ ਬਣਦਾ ਹੈ। ਰਾਸ਼ਟਰਪਤੀ ਪਹਿਲਾਂ ਵੀ ਕਈ ਮੌਕਿਆਂ ਉਪਰ ਕਹਿ ਚੁੱਕੇ ਹਨ ਕਿ ਕਰੋੜਾਂ ਅਮਰੀਕੀ ਜਿਨਾਂ ਨੇ ਕੋਵਿਡ-19 ਟੀਕਾ ਨਹੀਂ ਲਗਵਾਇਆ, ਵਾਇਰਸ ਨੂੰ ਅੱਗੇ ਫੈਲਾਅ ਰਹੇ ਹਨ। ਪਿਛਲੇ ਮਹੀਨੇ ਰਾਸ਼ਟਰਪਤੀ ਨੇ ਸੰਘੀ ਵਰਕਰਾਂ ਤੇ ਹੋਰ ਮੁਲਾਜ਼ਮਾਂ ਦੇ ਟੀਕਾਕਰਣ ਲਈ ਸਖਤ ਨਵੇਂ ਨਿਯਮ ਜਾਰੀ ਕੀਤੇ ਸਨ। ਇਹ ਨਵੇਂ ਨਿਯਮ 10 ਕਰੋੜ ਅਮਰੀਕਨਾਂ ਉਪਰ ਲਾਗੂ ਹੁੰਦੇ ਹਨ ਜੋ ਕੁਲ ਅਮਰੀਕੀ ਕਾਮਿਆਂ ਦਾ ਦੋ ਤਿਹਾਈ ਹਿੱਸਾ ਬਣਦਾ ਹੈ।

# ਘਰੇਲੂ ਝਗੜੇ ਵਿਚ ਇਕ ਵਿਅਕਤੀ ਵੱਲੋਂ ਆਪਣੀ ਪਤਨੀ ਤੇ ਪੁੱਤਰ ਦੀ ਹੱਤਿਆ

## ਪੁਲਿਸ ਦੀ ਗੋਲੀ ਨਾਲ ਹਮਲਾਵਰ ਪਤੀ ਵੀ ਮਾਰਿਆ ਗਿਆ

**ਸੈਕਰਾਮੈਂਟੋ 18 ਅਕਤੂਬਰ –** ਫੋਰਟ ਸਮਿਥ, ਅਰਕਾਂਸਸ, ਵਿਚ ਪ੍ਰਤਖ ਤੌਰ 'ਤੇ ਨਜਰ ਆ ਰਹੇ ਇਕ ਘਰੇਲੂ ਝਗੜੇ ਵਿਚ ਇਕ ਵਿਅਕਤੀ ਨੇ ਆਪਣੇ ਪੁੱਤਰ ਤੇ ਪਤਨੀ ਦੀ ਹੱਤਿਆ ਕਰ ਦਿੱਤੀ। ਫੋਰਟ ਸਮਿਥ ਦੇ ਪੁਲਿਸ ਮੁੱਖੀ ਡੈਨੀ ਬੇਕਰ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਸੂਚਨਾ ਮਿਲਣ 'ਤੇ ਜਦੋਂ ਇਕ ਪੁਲਿਸ ਅਧਿਕਾਰੀ ਤੁਰੰਤ ਇਕ ਘਰ ਵਿਚ ਮੌਕੇ ਉਪਰ ਪੁੱਜਾ ਤਾਂ ਉਸ ਨੇ ਚੀਕਾਂ ਤੇ ਰੋਣ ਦੀਆਂ ਅਵਾਜਾਂ ਸੁਣੀਆਂ। ਉਸ ਨੇ ਵੇਖਿਆ ਕਿ ਇਕ ਵਿਅਕਤੀ ਜਮੀਨ ਉਪਰ ਡਿੱਗੇ ਆਪਣੇ 15 ਸਾਲਾ ਪੁੱਤਰ ਨੂੰ ਬੁਰੀ ਤਰਾਂ ਮਾਰ ਕੁੱਟ ਰਿਹਾ ਸੀ। ਉਸ ਦੇ ਸਿਰ ਤੇ ਮੂੰਹ ਉਪਰ ਪੱਥਰਾਂ ਨਾਲ ਵਾਰ ਕਰ ਰਿਹਾ ਸੀ। ਬੇਕਰ ਅਨੁਸਾਰ ਪੁਲਿਸ ਅਧਿਕਾਰੀ ਨੇ ਉਸ ਨੂੰ ਅਜਿਹਾ ਨਾ ਕਰਨ ਦਾ ਆਦੇਸ਼ ਦਿੱਤਾ। ਉਹ ਵਿਅਕਤੀ ਰੁਕ ਗਿਆ ਪਰ ਜਦੋਂ ਪੁਲਿਸ ਅਧਿਕਾਰੀ ਉਸ ਨੂੰ ਕਾਬੂ ਕਰਨ ਲਈ ਉਸ ਦੇ ਨੇੜੇ ਪੁੱਜਾ ਤਾਂ ਉਸ ਨੇ ਤਿੱਖੇ ਹਥਿਆਰ ਨਾਲ ਪੁਲਿਸ ਅਧਿਕਾਰੀ ਦੇ ਗਲ ਤੇ ਧੌਣ ਉਪਰ ਹਮਲਾ ਕਰ ਦਿੱਤਾ ਜਿਸ ਉਪਰੰਤ ਪੁਲਿਸ ਅਧਿ-ਕਾਰੀ ਨੇ ਦੋ ਗੋਲੀਆਂ ਮਾਰ ਕੇ ਹਮਲਾਵਰ ਨੂੰ ਮੌਕੇ ਉਪਰ ਢੇਰ ਕਰ ਦਿੱਤਾ। ਬਾਅਦ ਵਿਚ ਮੌਕੇ ਉਪਰ ਪੁੱਜੇ ਹੋਰ ਪੁਲਿਸ ਅਧਿਕਾਰੀਆਂ ਨੇ ਘਰ ਵਿਚੋਂ ਇਕ ਔਰਤ ਦੀ ਲਾਸ਼ ਬਰਾਮਦ ਕੀਤੀ ਜਿਸ ਦੇ ਸਰੀਰ ਉਪਰ ਚਾਕੂ ਦੇ ਕਈ ਜ਼ਖਮ ਸਨ ਜਿਸ ਤੋਂ ਪਤਾ ਲੱਗਦਾ ਹੈ ਕਿ ਘਰ ਵਿਚ ਵੱਡੀ ਪੱਧਰ ਉਪਰ ਹਿੰਸਾ ਹੋਈ ਹੈ। 15 ਸਾਲਾ ਲੜਕਾ ਵੀ ਜ਼ਖਮਾ ਦੀ ਤਾਬ ਨਾ ਸਹਾਰਦਾ ਹੋਇਆ ਦਮ ਤੋੜ ਗਿਆ। ਘਰ ਵਿਚੋਂ ਇਕ ਹੋਰ 5 ਸਾਲ ਦਾ ਬੱਚਾ ਮਿਲਿਆ ਜੋ ਪੁਲਿਸ ਨੇ ਬਚਾ ਲਿਆ। ਬੇਕਰ ਨੇ ਕਿਹਾ ਕਿ ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਸਾਡੇ ਅਫਸਰਾਂ ਨੇ ਤੁਰੰਤ ਕਾਰਵਾਈ ਕਰਕੇ ਇਸ ਬੱਚੇ ਨੂੰ ਬਚਾਇਆ ਹੈ। ਜ਼ਖਮੀ ਪੁਲਿਸ ਅਧਿਕਾਰੀ ਨੂੰ ਹਸਪਤਾਲ ਦਾਖਲ ਕਰਵ-ਾਇਆ ਗਿਆ ਹੈ ਜਿਥੇ ਉਸ ਦੀ ਸਰਜਰੀ ਹੋਈ ਹੈ ਤੇ ਉਸ ਦੀ ਹਾਲਤ ਸਥਿੱਰ ਹੈ। ਬੇਕਰ ਨੇ ਕਿਹਾ ਕਿ ਅਰਕਾਂਸਸ ਪੁਲਿਸ ਘਟਨਾ ਦੀ ਡੂੰਘਾਈ ਨਾਲ ਜਾਂਚ ਕਰੇਗੀ ਕਿਉਂਕਿ ਇਸ ਘਟਨਾ ਵਿਚ ਇਕ ਪੁਲਿਸ ਅਧਿਕਾਰੀ ਨੂੰ ਗੋਲੀ ਚਲਾਉਣ ਲਈ ਮਜਬੂਰ ਹੋਣਾ ਪਿਆ ਹੈ।



# ਅਲਾਬਾਮਾ ਵਿਚ ਇਕ 13 ਸਾਲਾ ਬੱਚੇ ਦੀ ਗੋਲੀ ਮਾਰ ਕੇ ਹੱਤਿਆ



**ਸੈਕਰਾਮੈਂਟੋ 18 ਅਕਤੂਬਰ–** ਟਸਕਾਲੂਸਾ, ਅਲਾਬਾਮਾ ਵਿਚ ਆਪਣੇ ਸੌਣ ਵਾਲ ਕਮਰੇ ਵਿਚ ਆਈਪੈਡ ਉਪਰ ਖੇਡ ਰਹੇ ਇਕ 13 ਸਾਲਾ ਬੱਚੇ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ। ਟਸਕਾਲੂਸਾ ਪੁਲਿਸ ਵਿਭਾਗ ਅਨੁਸਾਰ ਬੱਚੇ ਦੇ ਗੋਲੀ ਕਮਰੇ ਦੀ ਖਿੜਕੀ ਰਾਹੀਂ ਮਾਰੀ ਗਈ ਜੋ ਉਸ ਦੇ ਸਿਰ ਵਿਚ ਵੱਜੀ। ਪੁਲਿਸ ਮੌਕੇ ਉਪਰ ਪੱਜੀ ਤਾਂ ਬੱਚੇ ਦੇ ਮਾਂ- ਬਾਪ ਬੇਵੱਸ ਖੜੇ ਐਂਬੂਲੈਂਸ ਦੀ ਉਡੀਕ ਕਰ ਰਹੇ ਸਨ। ਪੁਲਿਸ ਨੇ ਕਿਹਾ ਹੈ ਕਿ ਇਹ ਕਿਸੇ ਪਾਗਲ ਵਿਅਕਤੀ ਦਾ ਹੀ ਕਾਰਾ ਹੋ ਸਕਦਾ ਹੈ। ਟਸਕਾਲੂਸਾ ਪੁਲਿਸ ਵਿਭਾਗ ਦੀ ਅਪਰਾਧ ਸ਼ਾਖਾ ਦੇ ਅਧਿਕਾਰੀ ਕੈਪਟਨ ਮਾਰਟੀ ਸੈਲਰਜ ਨੇ ਕਿਹਾ ਹੈ ਕਿ ਇਹ ਕੋਈ ਅਚਾਨਕ ਵਾਪਰੀ ਘਟਨਾ ਨਹੀਂ ਹੈ। ਇਸ ਗੱਲ ਦੀ ਸੰਭਾਵਨਾ ਹੈ ਕਿ ਹਮਲਾਵਰ ਦਾ ਨਿਸ਼ਾਨਾ ਬੱਚਾ ਨਹੀਂ ਸੀ। ਪੁਲਿਸ ਸ਼ੱਕੀ ਦੀ ਤਲਾਸ਼ ਕਰ ਰਹੀ ਹੈ ਤੇ ਮਾਮਲੇ ਦੀ ਡੂੰਘਾਈ ਨਾਲ ਜਾਂਚ ਕੀਤੀ ਜਾ ਰਹੀ ਹੈ।

# ਸ਼ਿਕਾਗੋ ਦੇ ਤੀਸਰੇ ਹਿੱਸੇ ਤੋਂ ਵਧ ਪੁਲਿਸ ਅਫਸਰਾਂ ਨੇ ਕੋਵਿਡ ਵੈਕਸੀਨ ਸਬੰਧੀ ਆਦੇਸ਼ ਨੂੰ ਮੰਨਣ ਤੋਂ ਕੀਤੀ ਨਾਂਹ

**ਸੈਕਰਾਮੈਂਟੋ 19 ਅਕਤੂਬਰ–** ਸ਼ਿਕਾਗੋ ਦੇ ਤਕਰੀਬਨ 4500 ਪੁਲਿਸ ਅਫਸਰਾਂ ਨੇ ਕੋਵਿਡ ਵੈਕਸੀਨ ਸਬੰਧੀ ਜਾਰੀ ਆਦੇਸ਼ ਦੀ ਉਲੰਘਣਾ ਕਰਦੇ ਹੋਏ 15 ਅਕਤੂਬਰ ਤੱਕ ਵੈਕਸੀਨ ਬਾਰੇ ਸਥਿੱਤੀ ਰਿਪੋਰਟ ਨਹੀਂ ਦਿੱਤੀ ਹੈ। ਇਸ ਦਾ ਅਰਥ ਹੈ ਕਿ ਸ਼ਹਿਰ ਦੇ ਕੁਲ 12,770 ਪੁਲਿਸ ਅਫਸਰਾਂ ਵਿਚੋਂ 35% ਅਫਸਰਾਂ ਨੂੰ ਜਬਰਨ ਬਿਨਾਂ ਤਨਖਾਹ ਛੁੱਟੀ ਉਪਰ ਭੇਜਿਆ ਜਾ ਸਕਦਾ ਹੈ। ਸਿਟੀ ਕੌਂਸਲ ਵੱਲੋਂ ਜਾਰੀ ਰਲੀਜ ਅਨੁਸਾਰ 64% ਪੁਲਿਸ ਅਫਸਰਾਂ ਜਿਨਾਂ ਨੇ ਰਿਪੋਰਟ ਦਿੱਤੀ ਹੈ, ਵਿਚੋਂ ਬਹੁਤਿਆਂ ਨੇ ਕਿਹਾ ਹੈ ਕਿ ਉਹ ਵੈਕਸੀਨ ਲਵਾ ਚੱਕੇ ਹਨ। 6894 ਪੁਲਿਸ ਅਧਿਕਾਰੀਆਂ ਨੇ ਕਿਹਾ ਹੈ ਕਿ ਉਹ ਵੈਕਸੀਨ ਲਵਾ ਰਹੇ ਹਨ ਜਦ ਕਿ 1333 ਨੇ ਕਿਹਾ ਹੈ ਕਿ ਉਨਾਂ ਨੇ ਵੈਕਸੀਨ ਨਹੀਂ ਲਵਾਈ। ਇਸ ਤਰਾਂ ਸ਼ਿਕਾਗੋ ਦੇ ਅੱਧੇ ਪੁਲਿਸ ਅਫਸਰਾਂ ਨੂੰ ਬਿਨਾਂ ਕਮਾਈ ਛੁੱਟੀ 'ਤੇ ਭੇਜਿਆ ਜਾ ਸਕਦਾ ਹੈ। ਉਂਝ ਜਿਨਾਂ ਨੇ ਵੈਕਸੀਨ ਨਹੀਂ ਲਵਾਈ ਪਰ ਉਹ ਸ਼ਿਕਾਗੋ ਪੁਲਿਸ ਵਿਭਾਗ ਵਿਚ ਕੰਮ ਕਰਦੇ ਰਹਿਣਾ ਚਹੁੰਦੇ ਹਨ, ਨੂੰ ਹਫਤੇ ਵਿਚ ਦੋ ਵਾਰ ਕੋਵਿਡ-19 ਦੀ ਟੈਸਟ ਰਿਪੋਰਟ ਦੇਣੀ ਪਵੇਗੀ।

# ਹਰੇਸ਼ ਸ਼ਾਹ ਜੈਨ ਐਸੋਸੀਏਸ਼ਨ ਦੇ ਪ੍ਰਧਾਨ ਚੁਣੇ ਗਏ, 1 ਜਨਵਰੀ ਨੂੰ ਸੰਭਾਲਣਗੇ ਅਹੁਦਾ

**ਸੈਕਰਾਮੈਂਟੋ 18 ਅਕਤੂਬਰ–** ਜਿਵੇਂ ਕਿ ਆਸ ਕੀਤੀ ਜਾਂਦੀ ਸੀ, ਵਿਲਮਿੰਗਟਨ, ਡੇਲਾਵੇਅਰ, ਵਾਸੀ ਹਰੇਸ਼ ਸ਼ਾਹ ਫੈਡਰੇਸ਼ਨ ਆਫ ਜੈਨ ਐਸੋਸੀਏਸ਼ਨ (ਜੈਨਾ) ਦੇ ਪ੍ਰਧਾਨ ਚੁਣੇ ਗਏ ਹਨ। ਹਰੇਸ਼ ਸ਼ਾਹ ਜੋ ਇਸ ਸਮੇ ਐਸੋਸੀਏਸ਼ਨ ਦੇ ਉਪ ਪ੍ਰਧਾਨ ਹਨ, ਅਗਲੇ ਸਾਲ ਪਹਿਲੀ ਜਨਵਰੀ ਨੂੰ ਪ੍ਰਧਾਨ ਵਜੋਂ ਦੋ ਸਾਲ ਲਈ ਅਹੁੱਦਾ ਸੰਭਾਲਣਗੇ। 56 ਸਾਲਾ ਸ਼ਾਹ ਮਾਨਦਵੀ ਕੱਛ ਵਿਚ ਪੈਦਾ ਹੋਏ ਸਨ ਤੇ ਉਹ 2005 ਤੋਂ ਐਸੀਏਸ਼ਨ ਦੇ ਸਰਗਰਮ ਮੈਂਬਰ ਹਨ। ਫੈਡਰੇਸ਼ਨ ਆਫ ਜੈਨ ਐਸੋਸੀਏਸ਼ਨ ਜਿਸ ਨੂੰ ਜੈਨਾ ਦੇ ਨਾਂ ਨਾਲ ਵੀ ਸੱਦਿਆ ਜਾਂਦਾ ਹੈ, ਉਤਰੀ ਅਮਰੀਕਾ ਦੀ ਇਕ ਵੱਡੀ ਸੰਸਥਾ ਹੈ, ਜਿਸ ਦੇ 72 ਜੈਨ ਸੈਂਟਰ ਹਨ ਤੇ ਅਮਰੀਕਾ ਅਤੇ ਕੈਨੇਡਾ ਵਿਚ 1,50,000 ਮੈਂਬਰ ਹਨ। ਇਹ ਜਾਣਕਾਰੀ ਐਸੋਸੀਏਸ਼ਨ ਵੱਲੋਂ ਜਾਰੀ ਇਕ ਪ੍ਰੈਸ ਬਿਆਨ ਵਿਚ ਦਿੱਤੀ ਗਈ ਹੈ। ਬਿਆਨ ਅਨੁਸਾਰ ਐਸੋਸੀਏਸ਼ਨ ਦਾ ਮਕਸਦ



ਜੈਨ ਧਰਮ ਤੇ ਜੈਨ ਜੀਵਨ ਦੇ ਢੰਗ-ਤਰੀਕੇ ਦਾ ਪ੍ਰਚਾਰ ਕਰਨਾ ਹੈ। ਐਸੋਸੀਏਸ਼ਨ ਦੀ ਸਥਾਪਨਾ 1981 ਵਿਚ ਗੁਰੂਦੇਵ ਸ਼੍ਰੀ ਚਿਤਰਾਭਾਨੂੰਜੀ ਅਤੇ ਅਚਾਰੀਆ ਸ਼੍ਰੀ ਸੁਸ਼ੀਲ ਮੁਨੀ ਦੇ ਅਸ਼ੀਰਵਾਦ ਨਾਲ ਕੀਤੀ ਗਈ ਸੀ। ਭਾਰਤ ਤੋਂ ਬਾਹਰ ਇਹ ਸਭ ਤੋਂ ਵੱਡੀ ਐਸੋਸੀਏਸ਼ਨ ਹੈ ਜੋ ਬਿਨਾਂ ਕਿਸੇ ਧੜੇ , ਭਾਸ਼ਾ ਜਾਂ ਖਿੱਤੇ ਨਾਲ ਭਿੰਨਭੇਦ ਕਰਦਿਆਂ ਜੈਨੀਆਂ ਦੇ ਸਾਰੇ ਵਰਗਾਂ ਦੀ ਪ੍ਰਤੀਨਿੱਧਤਾ ਕਰਦੀ ਹੈ।

ਸ਼ਾਹ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਉਹ ਐਸੋਸੀਏਸ਼ਨ ਦੇ ਪ੍ਰਧਾਨ ਵਜੋਂ ਭਾਈਚਾਰੇ ਦੀ ਹਰ ਸੰਭਵ ਸੇਵਾ ਕਰਨਗੇ। ਭਾਰਤ ਤੋਂ ਉਚ ਸਿੱਖਿਆ ਲੈਣ ਲਈ ਅਮਰੀਕਾ ਆ ਰਹੇ ਜੈਨੀ ਵਿਦਿਆਰਥੀਆਂ ਦੀ ਮੱਦਦ ਕਰਨਗੇ। ਐਸੋਸੀਏਸ਼ਨ ਦੇ ਬਾਕੀ ਅਹੁੱਦੇਦਾਰਾਂ ਵਿਚ ਫਲੋਰਿਡਾ ਵਾਸੀ ਬਿੰਦੇਸ਼ ਸ਼ਾਹ ਉਪ ਪ੍ਰਧਾਨ, ਸ਼ਿਕਾਗੇ ਵਾਸੀ ਅਤੁਲ ਸ਼ਾਹ ਸਕੱਤਰ ਤੇ ਕੇਟੂ ਸ਼ੇਠ ਫਲੋਰਿਡਾ ਖਜ਼ਾਨਚੀ ਵਜੋਂ ਸ਼ਾਮਿਲ ਹਨ।

# ਹੋਸਟਨ ਦੇ ਹਵਾਈ ਅੱਡੇ ਉਪਰ ਉਡਾਨ ਭਰਨ ਸਮੇ ਜਹਾਜ਼ ਹਾਦਸਾਗ੍ਰਸਤ, ਲੱਗੀ ਅੱਗ, ਯਾਤਰੀ ਵਾਲ ਵਾਲ ਬਚੇ

**ਸੈਕਰਾਮੈਂਟੋ 20 ਅਕਤੂਬਰ–** ਹੋਸਟਨ ਦੇ ਹਵਾਈ ਅੱਡੇ ਉਪਰ ਜਹਾਜ਼ ਜਿਸ ਵਿਚ 20 ਤੋਂ ਵਧ ਯਾਤਰੀ ਸਵਾਰ ਸਨ, ਹਾਦਸਾ-ਗ੍ਰਸਤ ਹੋ ਗਿਆ ਤੇ ਉਸ ਨੂੰ ਅੱਗ ਲੱਗ ਗਈ ਪਰੰਤੂ ਦੋ ਯਾਤਰੀ ਮਾਮੂਲੀ ਜ਼ਖਮੀ ਹੋਣ ਤੋਂ ਇਲਾਵਾ ਹੋਰ ਕਿਸੇ ਨੂੰ ਵੀ ਕੋਈ ਨੁਕਸਾਨ ਨਹੀਂ ਪੁੱਜਾ ਤੇ ਉਹ ਵਾਲ ਵਾਲ ਬਚ ਗਏ। ਸਥਾਨਕ ਅਧਿਕਾਰੀਆਂ ਨੇ ਕਿਹਾ ਹੈ ਕਿ ਮੈਕਡੋਨਲ ਡੌਗਲਸ-87 ਜਹਾਜ਼ ਨੂੰ ਲੱਗੀ ਅੱਗ ਉਪਰ ਕਾਬੂ ਪਾਉਣ ਤੋਂ ਪਹਿਲਾਂ ਹੀ ਸਾਰੇ ਯਾਤਰੀ ਤੇ ਅਮਲੇ ਦੇ ਮੈਂਬਰ ਸੁਰੱਖਿਅਤ ਬਾਹਰ ਆ ਗਏ। ਦੋ ਯਾਤਰੀ ਮਾਮੂਲੀ ਜ਼ਖਮੀ ਹੋਏ ਹਨ ਜਿਨਾਂ ਨੂੰ ਹਸਪਤਾਲ ਲਿਜਾਇਆ ਗਿਆ ਹੈ। ਟੈਕਸਾਸ ਦੇ ਜਨਤਿਕ ਸੁਰ-ਖਿਆ ਵਿਭਾਗ ਦੇ ਬੁਲਾਰੇ ਸਾਰਜੈਂਟ ਸਟੀਫਨ ਵੁੱਡਰਡ ਨੇ ਮੌਕੇ ਉਪਰ ਪੁੱਜੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਹਵਾਈ ਅੱਡੇ ਉਪਰ ਤਕਰਬੀਨ 500 ਫੁੱਟ ਦੌੜਨ ਤੋਂ ਬਾਅਦ ਪੱਟੜੀ ਦੇ ਅੰਤ ਵਿਚ ਜਹਾਜ਼ ਉਡਾਨ ਨਹੀਂ ਭਰ ਸਕਿਆ ਤੇ ਉਹ ਨਿਯੰਤਰਣ ਤੋਂ ਬਾਹਰ ਹੋ ਕੇ ਖੇਤਾਂ ਵਿਚ ਜਾ ਵੜਿਆ। ਉਪਰੰਤ ਉਸ ਨੂੰ ਅੱਗ ਲੱਗ ਗਈ।



ਜਹਾਜ਼ ਵਿਚ 18 ਯਾਤਰੀ, ਦੋ ਪਾਇਲਟ ਤੇ ਇਕ ਹੋਰ ਮੁਲਾਜ਼ਮ ਸਵਾਰ ਸੀ। ਜਹਾਜ਼ ਨੇ ਬੋਸਟਨ ਜਾਣਾ ਸੀ। ਵੁੱਡਰਡ ਨੇ ਕਿਹਾ ਕਿ ਅਸਲ ਵਿਚ ਇਹ ਚੰਗਾ ਦਿਨ ਸੀ ਕਿਉਂਕਿ ਭਿਆਨਕ ਹਾਦਸਾ ਹੋਣ ਦੇ ਬਾਵਜੂਦ ਕੋਈ ਜਾਨੀ ਨੁਕਸਾਨ ਨਹੀਂ ਹੋਇਆ। ਹਾਦਸੇ ਦੀ ਨੈਸ਼ਨਲ ਟਰਾਂਸਪੋਰਟੇਸ਼ਨ ਸੇਫਟੀ ਬੋਰਡ ਵੱਲੋਂ ਜਾਂਚ ਕੀਤੀ ਜਾਵੇਗੀ।

# ਸਟੇਟ ਡਿਪਾਰਟਮੈਂਟ ਲਈ ਧਾਰਮਿਕ ਨੇਤਾਵਾਂ ਦੇ ਵਫ਼ਦ ਨੇ ਈਕੋਸਿੱਖ ਦੇ ਚੇਅਰਮੈਨ ਡਾਕਟਰ ਰਾਜਵੰਤ ਸਿੰਘ ਸਿੱਖ ਨੂੰ ਸ਼ਾਮਿਲ ਕੀਤਾ
















**ਵਾਸ਼ਿੰਗਟਨ, ਡੀਸੀ ਅਕਤੂਬਰ 19 ਅਕਤੂਬਰ (ਰਾਜ ਗੋਗਨਾ)—** ਈਕੋਸਿੱਖ ਨੇ ਅਮਰੀਕੀ ਸਟੇਟ ਡਿਪਾਰਟਮੈਂਟ ਦੇ ਨੁਮਾਇੰਦੇ ਨਾਲ ਪਹੁੰਚ ਕੀਤੀ ਤਾਂ ਜੋ ਪ੍ਰੈਜ਼ੀਡੈਂਟ ਬਾਈਡਨ ਧਰਤੀ ਦੇ ਵੱਧ ਰਹੇ ਤਾਪਮਾਨ ਬਾਰੇ ਸੰਸਾਰ ਭਰ ਦੇ ਨੇਤਾਵਾਂ ਨਾਲ ਹੋਣ ਜਾ ਰਹੀ ਵਿਸ਼ਵ ਕਾਨਫਰੰਸ ਮੌਕੇ ਠੋਸ ਕਦਮ ਚੁੱਕਣ। ਵੱਖ-ਵੱਖ ਧਰਮਾਂ ਦੇ ਸਾਂਝੇ ਵਫਦ ਚ ਸਿੱਖ ਧਰਮ ਦੀ ਨੁਮਾਇੰਦਗੀ ਕੀਤੀ। ਇਹ ਰੈਲੀ ਚ ਪੋਪ ਫਰਾਂਸਿਸ ਵਲੋਂ ਬੀਤੇ ਦਿਨੀਂ ਵੱਖ-ਵੱਖ ਧਰਮਾਂ ਦੇ ਨੁਮਾਇੰਦਿਆਂ ਵਲੋਂ ਵਾਤਾਵਰਨ ਸੰਭਾਲ ਲਈ ਵੈਟੀਕਨ ਕਰਵਾਏ ਗਏ ਇਕੱਠ ਦੇ ਸੰਦੇਸ਼ ਨੂੰ ਦੁਬਾਰਾ ਦ੍ਰਿੜ ਕਰਵਾਇਆ ਗਿਆ।

ਵੈਟੀਕਨ ਦੀ ਮੀਟਿੰਗ ਚ ਵੀ ਈਕੋਸਿੱਖ ਸ਼ਾਮਿਲ ਸੀ। ਜੈਸੀ ਯੌਂਗ, ਜੋਹਨ ਕੈਰੀ ਦੇ ਮੁੱਖ ਸਲਾਹਕਾਰ ਨੇ ਇਸ ਮੌਕੇ ਸਟੇਟ ਡਿਪਾਰਟਮੈਂਟ ਦੇ ਨੁਮਾਇੰਦੇ ਨੇ ਇਹਨਾਂ ਨੇਤਾਵਾਂ ਤੋਂ ਪੱਤਰ ਹਾਸਿਲ ਕੀਤਾ ਜੋ ਕਿ ਬਾਈਡਨ ਅਤੇ ਜੋਹਨ ਕੈਰੀ ਨੂੰ ਸੌਂਪਿਆਂ ਜਾਵੇਗਾ।

ਅਮਰੀਕੀ ਰਾਸ਼ਟਰਪਤੀ ਜੋ ਬਾਈਡਨ ਵਲੋਂ ਤਾਪਮਾਨ ਲਈ ਖਾਸ ਦੂਤ ਜੌਨ ਕੈਰੀ ਨੂੰ ਨਿਯੁਕਤ ਕੀਤਾ ਗਿਆ ਹੈ। ਯੂਐਨ ਵਾਤਾਰਵਨ ਕਾਨਫਰੰਸ ਜਿਹੜੀ ਕਿ 31 ਅਕਤੂਬਰ ਤੋਂ 12 ਨਵੰਬਰ ਤੱਕ ਸਕਾਟਲੈਂਡ ਦੇ ਗਲਾਸਗੋਅ ਸ਼ਹਿਰ ਵਿੱਚ ਹੋਵੇਗੀ ਇਹ ਧਰਤੀ ਦੇ ਵੱਧਦੇ ਜਾਂਦੇ ਤਾਪਮਾਨ ਨੂੰ ਢੱਲ੍ਹ ਪਾਉਣ ਲਈ ਆਖਰੀ ਆਸ ਦੀ ਕਿਰਨ ਹੈ।

ਇਸ ਮੌਕੇ ਈਕੋਸਿੱਖ ਦੇ ਪ੍ਰਧਾਨ ਡਾ।ਰਾਜਵੰਤ ਸਿੰਘ ਨੇ ਕਿਹਾ ਕਿ "ਇਹ ਸਾਡੇ ਸਾਰਿਆਂ ਦੀ ਜਿੰਮੇਵਾਰੀ ਬਣਦੀ ਹੈ ਕਿ ਅਸੀਂ ਮੌਜੂਦਾ ਸੰਕਟ ਦੇ ਹੱਲ ਲਈ ਕਾਰਜ ਕਰੀਏ, ਇਹ ਜਰੂਰੀ ਹੈ ਕਿ ਅਸੀਂ ਸਿਆਸੀ ਆਗੂਆਂ ਦੀ ਵਾਤਾਵਰਨ ਦੇ ਮਸਲੇ ਨੂੰ ਲੈ ਕੇ ਜਵਾਬਦੇਹੀ ਯਕੀਨੀ ਬਣਾਈਏ"। ਡਾ ਸਿੰਘ ਜੋ ਕਿ ਪੋਪ ਫਰਾਂਸਿਸ ਵਲੋਂ ਜਾਰੀ ਕੀਤੀ ਗਈ ਅਪੀਲ ਵਿੱਚ ਸ਼ਾਮਲ ਸਨ ਨੇ ਅੱਗੇ ਕਿਹਾ " ਸੰਸਾਰ ਦੇ ਧਰਮਾਂ ਨੂੰ ਹਾਲੇ ਆਪਣੀ ਸਮਰੱਥਾ ਦਾ ਅਹਿਸਾਸ ਨਹੀਂ ਹੈ, ਇਹ ਸਮਾਗਮ ਇਸ ਪ੍ਰਤੀ ਇੱਕ ਚੰਗੀ ਪਹਿਲ ਹੈ।

ਇਸ ਰੈਲੀ ਵਿੱਚ ਵੱਖ ਵੱਖ ਧਰਮਾਂ ਦੇ 2 ਦਰਜਨ ਤੋਂ ਵੱਧ ਧਾਰਮਿਕ ਆਗੂਆਂ ਅਤੇ 40 ਜਥੇਬੰਦੀਆਂ ਨੇ ਹਿੱਸਾ ਲਿਆ।ਉਹਨਾਂ ਅਮਰੀਕੀ ਸਟੇਟ ਡਿਪਾਰਟਮੈਂਟ ਅਤੇ ਵਿਸ਼ਵ ਦੇ ਰਾਜਨੀਤਕ ਆਗੂਆਂ ਨੂੰ ਅਪੀਲ ਕੀਤੀ ਕੇ ਉਹ ਸੰਸਾਰ ਨੂੰ ਵਾਤਾਵਰਨ ਸੰਕਟ ਵਿਚੋਂ ਕੱਢਣ ਲਈ ਠੋਸ ਕਦਮ ਚੁੱਕਣ। ਉਹਨਾਂ ਵਾਰੋ ਵਾਰੀ "ਧਰਮ ਅਤੇ ਵਿਗਿਆਨ: ਵਾਤਾਰਵਰਨ ਕਾਨਫਰੰਸ ਲਈ ਅਪੀਲ" ਦਸਤਾਵੇਜ ਵਿੱਚੋਂ ਵਾਰੋ-ਵਾਰੀ ਮੁੱਖ ਵਿਚਾਰ ਪੜ੍ਹੇ। ਇਹ ਦਸਤਾਵੇਜ ਪੋਪ ਫਰਾਂਸਿਸ ਵਲੋਂ ਬੀਤੇ ਦਿਨੀਂ ਜਾਰੀ ਕੀਤਾ ਗਿਆ ਸੀ।ਈਕੋਸਿੱਖ ਸੰਸਥਾ ਪਿਛਲੇ ਇੱਕ ਦਹਾਕੇ ਤੋਂ ਵੱਧ ਸਮੇਂ ਤੋਂ ਪੰਜਾਬ, ਭਾਰਤ ਅਤੇ ਉੱਤਰੀ ਅਮਰੀਕਾ ਵਿੱਚ ਵਾਤਾਵਰਨ ਸੰਭਾਲ ਲਈ ਕਾਰਜ ਕਰ ਰਹੀ ਹੈ ਅਤੇ ਵਾਈਟ ਹਾਊਸ, ਯੂਨਾਈਟਿਡ ਨੇਸ਼ਨਜ਼ ਅਤੇ ਵਰਲਡ ਇਕਨਾਮਿਕ ਫੋਰਮ ਵਰਗੇ ਅਦਾਰਿਆਂ ਨਾਲ ਧਰਤੀ ਦੇ ਵਧ ਰਹੇ ਤਾਪਮਾਨ ਦੇ ਮੁੱਦੇ ਤੇ ਯਤਨਸ਼ੀਲ ਹੈ।

ਜਿਕਰਯੋਗ ਹੈ ਕਿ ਈਕੋਸਿੱਖ ਵਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਗੁਰਪੁਰਬ ਉੱਤੇ 10 ਲੱਖ ਰੁੱਖ ਲਾਉਣ ਦਾ ਅਹਿਦ ਪੂਰਾ ਕਰਨ ਲਈ ਪੰਜਾਬ ਅਤੇ ਹੋਰ ਰਾਜਾਂ 'ਚ ਗੁਰੂ ਨਾਨਕ ਪਵਿੱਤਰ ਜੰਗਲ ਲਗਾਏ ਜਾ ਰਹੇ ਹਨ। 40 ਤੋਂ ਵੱਧ ਪ੍ਰਜਾਤੀਆਂ ਦੇ 550 ਰੁੱਖਾਂ ਵਾਲੇ ਇਹ ਜੰਗਲ 200 ਗਜ ਥਾਂ 'ਚ ਲਗਾਏ ਜਾਂਦੇ ਹਨ। ਈਕੋਸਿੱਖ ਵਲੋਂ ਸੰਗਤ ਦੇ ਸਹਿਯੋਗ ਨਾਲ ਹੁਣ ਤੱਕ 350 ਤੋਂ ਵੱਧ ਗੁਰੂ ਨਾਨਕ ਜੰਗਲ ਲਗਾਏ ਜਾ ਚੁੱਕੇ ਹਨ।

'Unhain Parmeshvar Kay Raajha Ka Prachaar Karnay Aur Beemaron Ko Achaa Karnay Kay Leay Bheja' (Luke 9:2)

THE SAVIOR'S CHURCH

HINDI, PUNJABI, URDU

You are invited to be our guest

Sunday Service

12:00 PM

913 FLOYD AVE. MODESTO, CA 95350

FOR FURTHER INFORMATION CONTACT: +1 (209) 300-9483

ਇਥੇ ਬਿਮਾਰਾਂ ਲਈ ਖਾਸ ਤੋਰ ਤੇ ਦੁਆਵਾਂ ਕੀਤੀਆਂ ਜਾਂਦੀਆਂ ਹਨ, ਆਉ ਅਤੇ ਆਪਣੀ ਚੰਗੀਆਈ ਨੂੰ ਪ੍ਰਾਪਤ ਕਰੋ। ਇਹ ਸਾਰੀ ਸੇਵਾ ਮੁਫ਼ਤ ਕੀਤੀ ਜਾਂਦੀ ਹੈ। ਵਧੇਰੇ ਜਾਣਕਾਰੀ ਲਈ ਪਾਸਟਰ ਐਰੀਕ ਰਾਏ ਜੀ ਨਾਲ ਗੱਲ ਕਰੋ, ਅਸੀਂ ਪੰਜਾਬੀ ਹਿੰਦੀ ਅਤੇ ਉਰਦੂ ਬੋਲਦੇ ਹਾਂ।

209 687 6548, 209 300 9483

ਸਾਡੀ ਵੈਬ ਸਾਈਟ www.thesaviorschurch.net

A & S

Auto Repair & Services

Specializing in Brakes & Axles

Mon-Fri 9:00 AM to 6:00 PM Saturday 9:00 AM to 5:00 PM

Free Tire Rotation and Brake Inspection with purchase of Oil Service for most cars

Diagnose check Engine light pre-buyers inspection tune-ups and more

Dealer Recommended Service Shocks/Struts A/C Servics





Ph: 916-238-4431
649 W. Elkhorn Blvd. Suite B2
Rio Linda, CA 95673

Amarjit Sandhu

# ਸਿਆਟਲ ਦੇ ਗੁਰਦੁਆਰਾ ਸਿੰਘ ਸਭਾ ਸ੍ਰੀ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਪੁਰਬ ਤੇ ਰਸਭਿੰਨਾ ਕੀਰਤਨ





**ਸਿਆਟਲ (ਗੁਰਚਰਨ ਸਿੰਘ ਢਿੱਲੋਂ)–** ਗੁਰਦੁਆਰਾ ਸਿੰਘ ਸਭਾ ਰੈਨਟਨ (ਸਿਆਟਲ) ਵਿਚ ਸ੍ਰੀ ਗੁਰੂ ਰਾਮਦਾਸ ਜੀ ਦਾ ਪ੍ਰਕਾਸ਼ ਪੁਰਬ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਉਂਦਿਆਂ ਹਜ਼ੂਰੀ ਰਾਗੀ ਭਾਈ ਹਰਜਿੰਦਰ ਸਿੰਘ ਸ੍ਰੀਨਗਰ ਵਾਲਿਆਂ ਦੇ ਕੀਰਤਨੀ ਜਥੇ ਦਾ ਸੰਗਤ ਨੇ ਕੀਰਤਨ ਦਾ ਖੂਬ ਆਨੰਦ ਮਾਣਿਆ। ਸ੍ਰੀ ਗੁਰੂ ਰਾਮਦਾਸ ਸੰਸਥਾ ਵੱਲੋਂ ਲੰਗਰ ਹਾਲ, ਦਰਬਾਰ ਹਾਲ ਰੈਕੋਰੈਸਨ ਕਰਕੇ ਸਜਾਏ ਗਏ ਅਤੇ ਵੰਨ-ਸੁਵੰਨੇ ਖਾਣਿਆਂ ਦੇ ਸਟਾਲ ਲਗਵਾ ਕੇ ਅਤੇ ਤਿੰਨੇ ਦਿਨ ਲੰਗਰਾਂ ਦੀ ਸੇਵਾ ਬੜੀ ਸ਼ਰਧਾ ਨਾਲ ਨਿਭਾਈ।

ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪੈਣ ਉਪਰੰਤ ਧਾਰਮਿਕ ਦੀਵਾਨ ਸਜਾਏ ਗਏ, ਜਿੱਥੇ ਭਾਰਤ ਤੋਂ ਉਚੇਚੇ ਤੌਰ 'ਤੇ ਪਹੁੰਚੇ ਹਜ਼ੂਰੀ ਰਾਗੀ ਭਾਈ ਹਰਜਿੰਦਰ ਸਿੰਘ ਸ੍ਰੀਨਗਰ ਵਾਲਿਆਂ ਨੇ ਰਸਭਿੰਨਾ ਕੀਰਤਨ ਕਰਕੇ ਸ੍ਰੀ ਗੁਰੂ ਰਾਮਦਾਸ ਜੀ ਦੀ ਉਪਮਾ ਕੀਤੀ।

ਇਸ ਮੌਕੇ ਗੁਰੂ ਘਰ ਦੇ ਕੀਰਤਨੀ ਜਥਿਆਂ ਭਾਈ ਵਰਿਆਮ ਸਿੰਘ ਤੇ ਭਾਈ ਜਰਨੈਲ ਸਿੰਘ ਨੇ ਸਹਿਯੋਗ ਦਿੱਤਾ। ਇਸ ਮੌਕੇ ਭਾਰੀ ਗਿਣਤੀ ਵਿਚ ਗੁਰੂ ਘਰ ਸੰਗਤਾਂ ਨਤਮਸਤਕ ਹੋਈਆਂ। ਸੰਗਤਾਂ ਲਈ ਪਾਰਕਿੰਗ ਦੇ ਪੁਖਤਾ ਇੰਤਜ਼ਾਮ ਕੀਤੇ ਗਏ। ਇਸ ਮੌਕੇ ਰੱਗੜੇ ਵਾਲੀ ਸਰਦਾਈ ਅਤੇ ਕੁਲਵੰਤ ਸਿੰਘ ਸ਼ਾਹ ਦੇ ਗੋਲ ਗੱਪਿਆਂ ਦਾ ਸੁਆਦ ਲਿਆ।

# ਐਨ.ਸੀ.ਏ.ਆਈ.ਏ ਤੇ ਸਿੱਖਸ ਆਫ਼ ਅਮੈਰੀਕਾ ਨੇ ਡਿਨਰ ਸਮਾਗਮ ਆਯੋਜਿਤ ਕੀਤਾ





**ਵਾਸ਼ਿੰਗਟਨ, ਡੀ. ਸੀ, (ਰਾਜ ਗੋਗਨਾ)—** ਭਾਰਤੀ ਦੂਤਾਵਾਸ ਵਿੱਚ ਸਾਢੇ ਤਿੰਨ ਸਾਲ ਦੇ ਸਮੇਂ ਬਿਹਤਰੀਨ ਸੇਵਾਵਾਂ ਨਿਭਾਉਣ ਵਾਲੇ ਭਾਰਤੀ ਡਿਪਲੋਮੈਂਟ ਸ਼੍ਰੀ ਅਨੁਰਾਗ ਕੁਮਾਰ ਕਮਿਊਨਿਟੀ ਅਫੇਅਰ ਮਨਿਸਟਰ ਦਾ ਤਬਾਦਲਾ ਹੋਣ ਤੇ ਭਾਰਤੀ ਭਾਈਚਾਰੇ ਅਮਰੀਕਾ ਦੀ ਨੋਬਲ ਕੌਂਸਲ ਆਫ਼ ਏਸ਼ੀਅਨ ਇੰਡੀਅਨ ਐਸ਼ੋਸੀਏਸ਼ਨ ਅਤੇ ਸਿੱਖਸ ਆਫ ਅਮੈਰਿਕਾ ਵੱਲੋ ਉਹਨਾਂ ਨੂੰ ਨਿੱਘੀ ਵਿਦਾਇਗੀ ਦੇ ਸਮੇਂ ਡਿਨਰ ਪਾਰਟੀ ਦਿੱਤੀ ਗਈ। ਵਿਦਾਇਗੀ ਸਮਾਗਮ ਕੋਮਨਵੈਲਥ ਇੰਡੀਅਨ ਰੈਸਟੋਰੈਂਟ ਵਿਚ ਰੱਖਿਆ ਅਤੇ ਇਸ ਸਮੇਂ ਡੀ।ਸੀ,ਮੈਰੀਲੈਂਡ ਅਤੇ, ਵਰਜੀਨੀਆ ਤੋਂ ਭਾਰਤੀ ਭਾਈਚਾਰੇ ਦੇ ਆਗੂ ਪਹੁੰਚੇ। ਜਿਹਨਾਂ ਵਿਚ ਪ੍ਰਮੁੱਖ ਸ਼ਖਸ਼ੀਅਤਾਂ ਵਜੋ ਗੁਰਚਰਨ ਸਿੰਘ, ਡਾ.ਸੁਰੇਸ਼ ਗੁਪਤਾ, ਦੇਵੰਗ ਸ਼ਾਹ,ਅੰਜਨਾ ਬੋਰਡੋਲੋਏ, ਕੀਰਤੀ ਸਵਾਮੀ, ਰਮਾ ਸ਼ਰਮਾ, ਨਗੇਂਦਰਾ ਮਾਧਾਵਰਮ, ਅਲਪਨਾ ਬਰੂਆ, ਸਾਜਿਦ ਤਰਾਰ, ਲੱਕੀ ਸਿੰਘ, ਰੂਪੀ ਸੂਰੀ ਅਤੇ ਹਰਬੀਰ ਬਤਰਾ ਵਿਸ਼ੇਸ ਤੌਰ ਤੇ ਪਹੁੰਚੇ। ਭਾਰਤੀ ਅਬੈਸੀ ਵੱਲੋ ਸ੍ਰੀ ਅਨੁਰਾਗ ਕੁਮਾਰ ਦੇ ਨਾਲ ਉਹਨਾਂ ਦੀ ਪਤਨੀ ਸ਼੍ਰੀਮਤੀ ਅਕਾਕਸ਼ਾ,ਡਾ।ਜੈਦੀਪ ਨਾਇਰ, ਹੈਂਡ ਆਪ ਕੌਂਸਲਰ ਸੈਕਸ਼ਨ,ਸਾਚੀ ਗਡਿਆਲ ਕੌਂਸਲਰ ਤੇ ਚਵਾਨ ਪਹੁੰਚੇ ਹੋਏ ਸਨ। ਐਨ ਸੀ ਏ ਆਈ ਏ ਨਾਂ ਓਡੀ ਸੰਸਥਾ ਵੱਲੋ ਸ਼੍ਰੀ ਪਵਨ ਬੇਜ਼ਵਾੜਾ ਤੇ ਸ: ਬਲਜਿੰਦਰ ਸਿੰਘ ਸ਼ੰਮੀ ਅਤੇ ਸਿੱਖਸ ਆਫ਼ ਅਮੈਰੀਕਾ ਵਲੋ ਚੇਅਰਮੈਨ ਜਸਦੀਪ ਸਿੰਘ ਜੱਸੀ ਨੇ ਮਹਿਮਾਨਾਂ ਦਾ ਸਵਾਗਤ ਕੀਤਾ। ਇਸ ਮੌਕੇ ਬੁਲਾਰਿਆਂ ਵਲੋ ਆਪਣੇ ਸੰਬੋਧਨ ਚ' ਦੱਸਿਆ ਗਿਆ ਕਿ ਸ੍ਰੀ ਅਨੁਰਾਗ ਕੁਮਾਰ ਨੇ ਭਾਰਤੀ ਭਾਈਚਾਰੇ ਨਾਲ ਬਹੁਤ ਹੀ ਨਿੱਘਾ ਰਾਬਤਾ ਬਣਾ ਕੇ ਰੱਖਿਆ। ਬੁਲਾਰਿਆ ਨੇ ਦੱਸਿਆ ਕਿ ਜਦੋਂ ਵੀ ਸ੍ਰੀ ਅਨੁਰਾਗ ਕੁਮਾਰ ਤੱਕ ਕੋਈ ਭਾਰਤੀ ਭਾਈਚਾਰੇ ਦਾ ਕੰਮ ਹੁੰਦਾ ਸੀ ਤਾ ਸ੍ਰੀ ਅਨੁਰਾਗ ਕੁਮਾਰ ਜਰੂਰ ਸਮਾ ਕੱਢਦੇ ਸਨ ਅਤੇ ਵਧੀਆ ਪ੍ਰਬੰਧ ਕਰਦੇ ਸਨ। ਅਤੇ ਪਹਿਲ ਦੇ ਆਧਾਰ ਤੇ ਕੰਮ ਕਰਦੇ ਸਨ ਬੁਲਾਰਿਆ ਨੇ ਕਿਹਾ ਕਿ ਭਾਰਤੀ ਭਾਈਚਾਰਾ ਉਹਨਾ ਦੀਆ ਸੇਵਾਵਾਂ ਨੂੰ ਹਮੇਸ਼ਾ ਯਾਦ ਕਰਦਾ ਰਹੇਗਾ। ਅੰਤ ਵਿਚ ਸਭਨਾਂ ਵੱਲੋ ਸ੍ਰੀ ਅਨੁਰਾਗ ਕੁਮਾਰ ਨੂੰ ਭਵਿੱਖ ਵਿਚ ਹੋਰ ਵੀ ਸਫਲਤਾ ਲਈ ਸ਼ੁੱਭ ਕਾਮਨਾਵਾਂ ਵੀ ਦਿੱਤੀਆ ਗਈਆਂ।







# ਕੌਮੀ ਅਨੁਸੂਚਿਤ ਜਾਤੀ ਕਮਿਸ਼ਨ ਨਿਆਂ ਲਈ ਘਿਨਾਉਣੇ ਅਪਰਾਧ ਦੇ ਦੋਸ਼ੀਆਂ ਨੂੰ ਸਖਤ ਤੋਂ ਸਖਤ ਸਜ਼ਾ ਦੇਣ ਦੀ ਮੰਗ

## ਐਨਐਸਸੀਏ ਨੇ ਮ੍ਰਿਤਕ ਲਖਬੀਰ ਸਿੰਘ ਦੇ ਪਰਿਵਾਰ ਨੂੰ ਵਿੱਤੀ ਸਹਾਇਤਾ ਅਤੇ ਸਰਕਾਰੀ ਨੌਕਰੀ ਦੇਣ ਦੀ ਚੁੱਕੀ ਮੰਗ

**ਨਵੀਂ ਦਿੱਲੀ/ ਚੰਡੀਗੜ੍ਹ-** ਨੈਸ਼ਨਲ ਸ਼ਡਿਊਲਡ ਕਾਸਟਸ ਅਲਾਇੰਸ ਦੇ ਪ੍ਰਧਾਨ ਪਰਮਜੀਤ ਸਿੰਘ ਕੈਂਥ ਨੇ 15 ਅਕਤੂਬਰ ਨੂੰ ਐਨਸੀਆਰ ਖੇਤਰ ਦੀ ਸਿੰਘੂ ਸਰਹੱਦ ਤੇ ਤਰਨਤਾਰਨ ਦੇ ਵਸਨੀਕ ਤਿੰਨ ਧੀਆਂ ਦੇ ਪਿਉ ਇੱਕ ਦਲਿਤ ਨੌਜਵਾਨ ਲਖਬੀਰ ਸਿੰਘ ਦੇ ਹੱਥ ਅਤੇ ਪੈਰ ਕੱਟ ਕੇ ਹੱਤਿਆ ਕੀਤੇ ਜਾਣ ਦੇ ਸੰਬੰਧ ਵਿੱਚ, ਨਵੀਂ ਦਿੱਲੀ ਵਿੱਚ ਰਾਸ਼ਟਰੀ ਅਨੁਸੂਚਿਤ ਜਾਤੀ ਕਮਿਸ਼ਨ ਦੇ ਚੇਅਰਮੈਨ ਵਿਜੇ ਸਾਂਪਲਾ ਨਾਲ ਮੁਲਾਕਾਤ ਕੀਤੀ ਅਤੇ ਇਸ ਮਾਮਲੇ ਵਿੱਚ ਪੀੜਤ ਪਰਿਵਾਰ ਲਈ ਨਿਆਂ ਦੀ ਮੰਗ ਕੀਤੀ। ਸੰਗਠਨ ਨੇ ਇਸ ਮਾਮਲੇ ਵਿੱਚ ਆਪਣਾ ਮੰਗ ਪੱਤਰ ਸੰਵਿਧਾਨ ਦੀ ਧਾਰਾ 338 ਦੇ ਤਹਿਤ ਗਠਿਤ ਸੰਵਿਧਾਨਕ ਸੰਸਥਾ ਨੂੰ ਸੌਂਪਦਿਆਂ ਇਸ ਘਿਨਾਉਣੇ ਮਾਮਲੇ ਦੇ ਜਲਦੀ ਕਾਨੂੰਨੀ ਹੱਲ, ਪੀੜਤ ਪਰਿਵਾਰ ਨੂੰ ਵਿੱਤੀ ਸਹਾਇਤਾ ਅਤੇ ਇਸ ਘਿਨਾਉਣੇ ਅਪਰਾਧ ਦੇ ਦੋਸ਼ੀਆਂ ਨੂੰ ਸਖਤ ਤੋਂ ਸਖਤ ਸਜ਼ਾ ਦੇਣ ਦੀ ਮੰਗ ਕੀਤੀ ਹੈ।

ਕੈਂਥ ਨੇ ਕਿਹਾ ਕਿ ਅੰਦੋਲਨਕਾਰੀਆਂ ਨੇ ਭੀੜ-ਭੜੱਕੇ ਨਾਲ 'ਤਾਲਿਬਨਕਾਰੀ' ਸ਼ੈਲੀ ਨੂੰ ਪ੍ਰਦਰਸ਼ਿਤ ਕਰਕੇ ਆਪਣੀ ਨਫਰਤ ਜ਼ਾਹਰ ਕੀਤੀ ਹੈ। ਇਹੀ ਕਾਰਨ ਹੈ ਕਿ ਆਜ਼ਾਦੀ ਦੇ 74 ਸਾਲਾਂ ਬਾਅਦ ਵੀ, ਐਸਸੀ ਭਾਈਚਾਰੇ ਨੂੰ ਵਿਤਕਰੇ ਅਤੇ ਅਸਮਾਨਤਾਵਾਂ ਦਾ ਸਾਹਮਣਾ ਕਰਨਾ ਪਿਆ ਹੈਂ ਉਨ੍ਹਾਂ ਕਿਹਾ ਕਿ ਸਿੰਘੂ ਸਰਹੱਦ 'ਤੇ ਇਸ ਦਿਲ ਦਹਿਲਾ ਦੇਣ ਵਾਲੀ ਘਟਨਾ ਨੂੰ ਵੇਖ ਕੇ ਪੂਰਾ ਦੇਸ਼ ਹੈਰਾਨ ਹੈ ਕਿ ਇਸ ਉਮਰ ਵਿਚ ਲੋਕਾਂ ਵਿਚ ਅਜਿਹੇ ਘਿਨਾਉਣੇ ਅਪਰਾਧ ਦੀ ਕਲਪਨਾ ਕਰਨ ਦੀ ਕਿੰਨੀ ਦਲੇਰੀ ਹੈ? ਉਨ੍ਹਾਂ ਕਿਹਾ ਕਿ ਮ੍ਰਿਤਕ ਗਰੀਬ ਆਦਮੀ ਆਪਣੇ ਪਿੱਛੇ 3 ਲੜਕੀਆਂ ਛੱਡ ਗਿਆ ਹੈ ਜਿਨ੍ਹਾਂ ਨੇ ਨਾ ਸਿਰਫ ਆਪਣੇ ਪਿਤਾ ਨੂੰ ਗੁਆਇਆ ਬਲਕਿ ਉਹ ਉਨ੍ਹਾਂ ਦੀ ਰੋਜ਼ੀ-ਰੋਟੀ ਅਤੇ ਉਨ੍ਹਾਂ ਦੀ




ਖ਼ੁਸ਼ੀ ਦਾ ਸਾਧਨ ਸੀ ਇਸ ਸ਼ੈਤਾਨੀ ਸੁਭਾਅ ਦੇ ਦੋਸ਼ੀਆਂ ਨੂੰ ਬਿਨਾਂ ਕਿਸੇ ਰਹਿਮ ਦੇ ਸਖਤ ਤੋਂ ਸਖਤ ਸਜ਼ਾ ਦਿੱਤੀ ਜਾਣੀ ਚਾਹੀਦੀ ਹੈਂ ਐਨਐਸਸੀਏ ਨੇ ਮ੍ਰਿਤਕਾਂ ਦੇ ਪਰਿਵਾਰ ਨੂੰ ਵਿੱਤੀ ਸਹਾਇਤਾ ਦੇਣ ਅਤੇ ਉਨ੍ਹਾਂ ਦੇ ਵਾਰਸਾਂ ਨੂੰ ਸਰਕਾਰੀ ਨੌਕਰੀਆਂ ਦੇਣ ਦੀ ਮੰਗ ਵੀ ਕੀਤੀ ਹੈ।

ਕੈਂਥ ਨੇ ਕਿਹਾ ਕਿ ਅੰਦੋਲਨਕਾਰੀਆਂ ਵੱਲੋਂ ਪੁਲਿਸ ਨੂੰ ਗੁੰਮਰਾਹ ਕਰਨ ਲਈ ਅਪਰਾਧ ਨੂੰ "ਧਾਰਮਿਕ ਬੇਅਦਬੀ" ਨਾਲ ਜੋੜ ਕੇ ਇਸ ਨੂੰ ਵਿਵਾਦਗ੍ਰਸਤ ਬਣਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਦਿੱਤੇ ਗਏ ਕਥਿਤ ਕਾਰਨ ਦੇ ਬਾਵਜੂਦ, ਇਸ ਦੇਸ਼ ਵਿੱਚ ਕਿਸੇ ਨੂੰ ਵੀ ਅਜਿਹੀ ਅਣਮਨੁੱਖੀ ਹੱਤਿਆ ਕਰਨ ਦੀ ਆਜ਼ਾਦੀ ਨਹੀਂ ਹੈ। ਲਖਬੀਰ ਸਿੰਘ ਦੀ ਹੱਤਿਆ ਇੱਕ ਅਰਥ ਵਿੱਚ ਸਾਡੇ ਸੰਵਿਧਾਨ ਦਾ ਕਤਲ ਹੈ ਜੋ ਅਨੁਸੂਚਿਤ ਜਾਤੀ ਭਾਈਚਾਰੇ ਦੇ ਬੁਨਿਆਦੀ ਅਧਿਕਾਰਾਂ ਅਤੇ ਆਜ਼ਾਦੀਆਂ ਦੇ ਨਾਲ ਨਾਲ ਅਨੁਛੇਦ 21 ਦੇ ਅਧੀਨ ਸਾਰੀਆਂ ਦੇ ਜੀਵਨ ਦੇ ਬੁਨਿਆਦੀ ਅਧਿਕਾਰ ਦੀ ਰੱਖਿਆ ਕਰਦਾ ਹੈ। ਸਰਕਾਰ ਨੂੰ ਅਜਿਹੇ ਘਿਨਾਉਣੇ ਅਪਰਾਧਾਂ ਵਿਰੁੱਧ ਸਖਤ ਕਾਰਵਾਈ ਕਰਕੇ ਇੱਕ ਮਿਸਾਲ ਕਾਇਮ ਕਰਨੀ ਚਾਹੀਦੀ ਹੈ ਤਾਂ ਜੋ ਭਵਿੱਖ ਵਿੱਚ ਕੋਈ ਵੀ ਕਿਸੇ ਹੋਰ ਵਿਰੁੱਧ ਅਜਿਹੇ ਘਿਨ-ਾਉਣੇ ਅਪਰਾਧ ਕਰਨ ਦੀ ਹਿੰਮਤ ਨਾ ਕਰੇ। ਕੈਂਥ ਨੇ ਕਿਹਾ ਕਿ ਇਸ ਮਾਮਲੇ ਨੇ ਇੱਕ ਵਾਰ ਫਿਰ ਸਾਡੇ ਸਮਾਜ ਵਿੱਚ ਡੂੰਘੀਆਂ ਦਰਾਰਾਂ ਦਾ ਪਰਦਾਫਾਸ਼ ਕੀਤਾ ਹੈ ਅਤੇ ਅਸੀਂ ਇਸ ਨੂੰ ਅਨੁਸੂਚਿਤ ਜਾਤੀਆਂ ਵਿਰੁੱਧ ਨਫ਼ਰਤ ਅਪਰਾਧ ਵਜੋਂ ਰੱਦ ਨਹੀਂ ਕਰ ਸਕਦੇ। ਅਸੀਂ ਇਸ ਮਾਮਲੇ ਦੀ ਉੱਚ ਪੱਧਰੀ ਜਾਂਚ ਦੀ ਮੰਗ ਕਰ ਰਹੇ ਹਾਂ ਅਤੇ ਜੇਕਰ ਮਾਮਲਾ ਹੱਲ ਨਾ ਹੋਇਆ ਤਾਂ ਅਸੀਂ ਵਿਸ਼ਾਲ ਵਿਰੋਧ ਪ੍ਰਦਰਸ਼ਨ ਕਰਨ ਲਈ ਮਜਬੂਰ ਹੋਵ-ਾਂਗੇ।

ਰਾਸ਼ਟਰੀ ਅਨੁਸੂਚਿਤ ਜਾਤੀ ਕਮਿਸ਼ਨ ਦੇ ਚੇਅਰਮੈਨ ਵਿਜੇ ਸਾਂਪਲਾ ਨੇ ਵਫ਼ਦ ਨੂੰ ਭਰੋਸਾ ਦਿਵਾਇਆ ਕਿ ਮਾਮਲੇ ਵਿੱਚ ਉਚਿਤ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਮੈਂ ਇਸ ਮਾਮਲੇ ਬਾਰੇ ਡੀਜੀਪੀ ਹਰਿਆਣਾ ਅਤੇ ਪੰਜਾਬ ਅਤੇ ਹਰਿਆਣਾ ਦੇ ਮੁੱਖ ਸਕੱਤਰ ਨਾਲ ਗੱਲ ਕੀਤੀ ਹੈ ਅਤੇ ਜਦੋਂ ਤੱਕ ਅਪਰਾਧੀ ਸਲਾਖਾਂ ਦੇ ਪਿੱਛੇ ਨਹੀਂ ਹੁੰਦੇ ਅਤੇ ਨਿਆਂ ਨਹੀਂ ਹੁੰਦਾ, ਕਮਿਸ਼ਨ ਦੇ ਜ਼ਰੀਏ ਮੈਂ ਖੁਦ ਇਸ ਮਾਮਲੇ ਦੀ ਸਾਰੀ ਪ੍ਰਕਿਰਿਆ ਦੀ ਪੂਰੀ ਨਿਗਰਾਨੀ ਕਰਾਂਗਾ ਕਰਾਂਗਾ।

# ਮੁੱਖ ਮੰਤਰੀ ਪੰਜਾਬ ਦੀ ਰਿਹਾਇਸ਼ ਵਿਖੇ ਪਰਿਵਾਰ ਅਤੇ ਬੱਚਿਆਂ ਸਮੇਤ ਰੈਲੀ ਕਰਕੇ ਲਗਾਇਆ ਜਾਵੇਗਾ ਪੱਕਾ ਧਰਨਾ

ਪੰਜਾਬ ਰਾਜ ਦੇ ਸਰਕਾਰੀ ਸਕੂਲਾਂ ਵਿੱਚ 70000 ਦਿਵਿਆਂਗ ਬੱਚੇ ਹਨ। ਇਹਨਾਂ ਬੱਚਿਆਂ ਨੂੰ ਵਿਸ਼ੇਸ਼ ਅਧਿਆਪਕ (ਆਈ ਈ ਆਰ ਟੀ) ਅਤੇ ਜਿਲ੍ਹਾ ਸਪੈਸ਼ਲ ਐਜੂਕੇਸ਼ਨ ਟੀਚਰ ਆਮ ਅਧਿਆਪਕਾਂ ਵਾਂਗ ਸਿੱਖਿਆ ਦੇ ਰਹੇ ਹਨ ਜਿਹਨਾਂ ਦੀ ਯੋਗਤਾ ਈ।ਟੀ।ਟੀ। ਅਤੇ ਬੀ।ਐਡ। ਦੇ ਬਰਾਬਰ ਡਿਪਲੋਮਾ ਅਤੇ ਸਪੈਸ਼ਲ ਬੀ।ਐਡ। ਹਨ। ਇਹਨਾਂ ਦੀ ਨਿਯੁਕਤੀ ਸਰਵ ਸਿੱਖਿਆ ਅਭਿਆਨ ਅਥਾਰਟੀ ਪੰਜਾਬ ਅਧੀਨ 2005 ਤੋਂ ਸਿੱਖਿਆ ਵਿਭਾਗ ਪੰਜਾਬ ਸਰਕਾਰ ਦੀਆਂ ਸ਼ਰਤਾਂ ਪੂਰੀਆਂ ਕਰਕੇ ਕੀਤੀ ਗਈ ਸੀ ਅਤੇ 16 ਸਾਲਾਂ ਤੋਂ ਅਤੇ ਜਿਲ੍ਹਾ ਸਪੈਸ਼ਲ ਐਜੂਕੇਸ਼ਨ ਟੀਚਰ ਰਮਸਅ ਅਧੀਨ ਪਿਛਲੇ 7 ਸਾਲਾਂ ਤੋਂ ਕੰਮ ਕਰ ਰਹੇ ਹਾਂ, ਸਰਵ ਸਿੱਖਿਆ ਅਭਿਆਨ ਅਥਾਰਟੀ ਪੰਜਾਬ ਅਤੇ ਰਮਸਅ ਅਧੀਨ 8886 ਆਮ ਅਧਿਆਪਕਾਂ ਅਤੇ ਉਰਦੂ ਭਾਸ਼ਾ ਅਧਿਆਪਕਾਂ ਨੂੰ ਈਟੀਟੀ ਦੀ ਪੋਸਟ ਤੇ ਸਿੱਖਿਆ ਵਿਭਾਗ ਪੰਜਾਬ ਵਿੱਚ ਰੈਗੂਲਰ ਕੀਤਾ ਗਿਆ ਸੀ। ਇਸ ਕਰਕੇ ਵਿਸ਼ੇਸ਼ ਅਧਿਆਪਕ (ਆਈ ਈ ਆਰ ਟੀ) ਅਤੇ ਜਿਲ੍ਹਾ




ਸਪੈਸ਼ਲ ਐਜੂਕੇਸ਼ਨ ਟੀਚਰ ਵੱਲੋਂ ਮੰਗ ਕੀਤੀ ਗਈ ਹੈ ਕਿ ਉਹਨਾਂ ਨੂੰ ਵੀ ਸਿੱਖਿਆ ਵਿਭਾਗ ਵਿੱਚ ਰੈਗੂਲਰ ਕੀਤਾ ਜਾਵੇ ਤਾਂ ਕਿ ਪੰਜਾਬ ਦੇ 70000 ਦਿਵਿਆਂਗ ਬੱਚਿਆਂ ਲਈ ਅਧਿਆਪਕਾਂ ਦੀ 8:1 ਅਨੁਪਾਤ ਅਤੇ ਪ੍ਰਤੀ ਸਕੂਲ 1 ਵਿਸ਼ੇਸ਼ ਅਧਿਆਪਕ ਦੀ ਲੋੜ ਪੂਰੀ ਹੋ ਸਕੇ। ਪਰ ਕਾਂਗਰਸ ਸਰਕਾਰ ਵੱਲੋਂ ਵਿਸ਼ੇਸ਼ ਅਧਿਆਪਕ (ਆਈ ਈ ਆਰ ਟੀ) ਅਤੇ ਜਿਲ੍ਹਾ ਸਪੈਸ਼ਲ ਐਜੂਕੇਸ਼ਨ ਟੀਚਰ ਨੂੰ ਸਿੱਖਿਆ ਵਿਭਾਗ ਵਿੱਚ ਰੈਗੂਲਰ ਕਰਨ ਦਾ ਕੋਈ ਠੋਸ ਉਪਰਾਲਾ ਨਹੀਂ ਕੀਤਾ ਗਿਆ ਅਤੇ ਨਾ ਹੀ ਕੋਈ ਲਿਖਤ ਭਰੋਸਾ ਦਿੱਤਾ ਗਿਆ। ਇਸ ਕਰਕੇ ਪੰਜਾਬ ਰਾਜ ਦੇ ਸਮੂਹ ਆਈ ਈ ਆਰ ਟੀਜ ਵੱਲੋਂ ਮਿਤੀ 24-08-2021 ਤੋਂ ਸਿੱਖਿਆ ਵਿਭਾਗ ਮੋਹਾਲੀ ਵਿਖੇ ਲਗਾਤਾਰ ਧਰਨਾ ਲਗਾ ਕੇ ਭੁੱਖ ਹੜਤਾਲ ਕੀਤੀ ਜਾ ਰਹੀ ਹੈ। ਆਗੂਆਂ ਨੇ ਦੱਸਿਆ ਕਿ 4 ਅਕਤੂਬਰ ਅਤੇ 12 ਅਕਤੂਬਰ ਨੂੰ ਸਿੱਖਿਆ ਮੰਤਰੀ ਪਰਗਟ ਸਿੰਘ ਜੀ ਅਤੇ ਸਿੱਖਿਆ ਸਕੱਤਰ ਜੀ ਨਾਲ ਵੀ ਜਥੇਬੰਦੀ ਦੀ ਮੀਟਿੰਗ ਹੋਈ ਸੀ, ਜਿਸ ਵਿੱਚ ਸਿਰਫ ਫਾਈਲ ਪ੍ਰੋਸੈਸ ਅਧੀਨ ਬਾਰੇ ਦੱਸਿਆ ਗਿਆ, ਪਰ ਕੋਈ ਪੁਖਤਾ ਜਾਣਕਾਰੀ ਨਹੀਂ ਦਿੱਤੀ ਗਈ। ਸੋ ਹੁਣ ਮਿਤੀ 22-10-2021 ਦਿਨ ਸ਼ੁਕਰਵਾਰ ਨੂੰ ਮੁੱਖ ਮੰਤਰੀ ਪੰਜਾਬ ਜੀ ਦੀ ਰਿਹਾਇਸ਼ ਖਰੜ ਵਿਖੇ ਸਮੂਹ ਪੰਜਾਬ ਦੇ ਆਈ ਈ ਆਰ ਟੀ ਅਤੇ ਜਿਲ੍ਹਾ ਸਪੈਸ਼ਲ ਐਜੂਕੇਸ਼ਨ ਟੀਚਰ ਵੱਲੋਂ ਪਰਿਵਾਰ ਅਤੇ ਬੱਚਿਆਂ ਸਮੇਤ ਰੈਲੀ ਅਤੇ ਪੱਕਾ ਧਰਨਾ ਲਗਾਇਆ ਜਾਵੇਗਾ। ਰੈਲੀ ਵਿੱਚ ਭਰਾਤਰੀ ਜੱਥੇਬੰਦੀਆਂ ਵੱਲੋਂ ਵੀ ਸਾਥ ਦਿੱਤਾ ਜਾਵੇਗਾ।






# ਪੰਜਾਬ ਬੁਧਿਸਟ ਸੁਸਾਇਟੀ (ਰਜਿ.) ਪੰਜਾਬ ਵੱਲੋਂ ਅਸ਼ੋਕਾ ਵਿਜੈ ਦਸਮੀ ਅਤੇ ਧੰਮ ਚੱਕਰ ਪਰਿਵਰਤਨ ਦਿਵਸ ਮਨਾਇਆ







**ਲੁਧਿਆਣਾ (ਬਿਊਰੋ)-** ਪੰਜਾਬ ਬੁਧਿਸਟ ਸੁਸਾਇਟੀ (ਰਜਿ.) ਪੰਜਾਬ ਅਤੇ ਭਿਖਸ਼ੂ ਸੰਘ ਵੱਲੋਂ ਅਸ਼ੋਕਾ ਵਿਜੈ ਦਸਮੀ ਅਤੇ ਧੰਮ ਚੰਕਰ ਪਰਿਵਰਤਨ ਦਿਵਸ ਤਕਸ਼ਿਲਾ ਮਹਾਂ ਬੁੱਧ ਵਿਹਾਰ ਕਾਦੀਆਂ ਵਿਖੇ ਬਹੁਤ ਸ਼ਰਧਾ ਅਤੇ ਧੂੰਮ ਧਾਮ ਨਾਲ ਮਨਾਇਆ ਗਿਆ। ਇਸ ਦਿਨ ਬਾਬਾ ਸਾਹਿਬ ਡਾ. ਅੰਬੇਡਕਰ ਨੇ 14 ਅਕਤੂਬਰ 1956 ਨੂੰ ਨਾਗਪੁਰ ਵਿਚ ਬੁੱਧ ਧੰਮ ਗ੍ਰਹਿਣ ਕੀਤਾ ਸੀ। ਇਸ ਮੌਕੇ ਉਪਾਸਕ-ਉਪਾਸਿਕਾਵਾਂ ਵੱਲੋਂ ਭਿਖਸ਼ੂਆਂ ਨੂੰ ਭੋਜਨਦਾਨ ਦਿੱਤਾ ਗਿਆ ਅਤੇ ਭਿਖਸ਼ੂਆਂ ਨੇ ਵੰਦਨਾ, ਤ੍ਰੀਸ਼ਰਣ ਅਤੇ ਪੰਚਸ਼ੀਲ ਦੇ ਪਾਠ ਪੜ੍ਹ ਕੇ ਪ੍ਰੋਗਰਾਮ ਦੀ ਸ਼ੁਰੂ-ਆਤ ਕੀਤੀ। ਮੁੱਖ ਬੁਲਾਰੇ ਐਡਵੋਕੇਟ ਸੰਤੋਖ ਲਾਲ ਵਿਰਦੀ, ਸ੍ਰੀ ਹਰਬੰਸ ਲਾਲ ਵਿਰਦੀ ਇੰਗਲੈਂਡ, ਸੋਹਣ ਸਹਿਜਲ, ਐਡ-ਵੋਕੇਟ ਹਰਭਜਨ ਸਾਂਪਲਾ, ਇਨਕਲਾਬ ਸਿੰਘ, ਦੇਸ ਰਾਜ ਚੌਹਾਨ, ਰਾਮਦਾਸ ਗੁਰੂ, ਬੰਸੀ ਲਾਲ ਪ੍ਰੇਮੀ ਅਤੇ ਸਤਿਅਮਬੋਧ ਨੇ ਧੰਮ ਦੀਕਸ਼ਾ ਦਿਵਸ ਤੇ ਵਿਚਾਰ ਪੇਸ਼ ਕੀਤੇ। ਐਡਵੋਕੇਟ ਸੰਤੋਖ ਲਾਲ ਵਿਰਦੀ ਅਤੇ ਐਡਵੋਕੇਟ ਹਰਭਜਨ ਸਾਂਪਲਾ ਨੇ ਕਿਹਾ ਕਿ ਬੁੱਧ ਧੰਮ ਮੂਲਨਿਵਾਸੀਆਂ ਦਾ ਧਰਮ ਹੈ ਅਤੇ ਸਾਨੂੰ ਸਭ ਨੂੰ ਬੁੱਧ ਧਰਮ ਦੀਆਂ ਸਿੱਖਿਆਵਾਂ ਉਪਰ ਚੱਲਣਾ ਚਾਹੀਦਾ ਹੈ। ਭਿਖਸ਼ੂ ਪ੍ਰਗਿਆਬੋਧੀ ਅਤੇ ਭੰਤੇ ਦਰਸ਼ਨਦੀਪ ਨੇ ਸਭ ਨੂੰ ਧੰਮ ਦੇਸਨਾ ਦਿੱਤ ਅਤੇ ਕਿਹਾ ਕਿ ਇਹ ਧੰਮ ਆਜ਼ਾਦੀ, ਬਰਾ-ਬਰੀ ਅਤੇ ਭਾਈਚਾਰੇ ਦਾ ਸੰਦੇਸ਼ ਦਿੰਦਾ ਹੈ। ਇਸ ਮੌਕੇ 35 ਉਪਾਸਕਾਂ ਨੇ ਬੁੱਧ ਧਰਮ ਗ੍ਰਹਿਣ ਕੀਤਾ ਅਤੇ ਬੁੱਧ ਦੀਆਂ ਸਿੱਖਿਆਵਾਂ ਉਪਰ ਚੱਲਣ ਦਾ ਅਹਿਦ ਕੀਤਾ। ਸ੍ਰੀ ਹਰਬੰਸ ਲਾਲ ਵਿਰਦੀ ਨੇ ਸਾਰੀਆਂ ਸੰਗਤਾਂ ਨੂੰ ਬਾਬਾ ਸਾਹਿਬ ਡਾ. ਅੰਬੇਡਕਰ ਵੱਲੋਂ ਦੱਸੀਆਂ 22 ਪ੍ਰਤੀਗਿਆਵਾਂ ਪ੍ਰਦਾਨ ਕਰਵਾਈਆਂ ਤੇ ਪੰਚਸ਼ੀਲ ਦੇ ਸਰੋਪੇ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਤੇ ਸ੍ਰੀ ਚਮਨ ਦਾਸ ਸਾਂਪਲਾ, ਗੁਰਮੀਤ ਸਿੰਘ, ਵਿਨੋਦ ਗੌਤਮ, ਸੰਜੇ ਕੁਮਾਰ ਰਾਊ, ਡਾ. ਤਰੀਭਵਨ, ਇੰਜੀ: ਓਮ ਪ੍ਰਕਾਸ਼, ਸ੍ਰੀਮਤੀ ਕਾਂਤਾ ਕੁਮਾਰ ਅਤੇ ਮਨਜੀਤ ਕੌਰ ਸਾਂਪਲਾ ਸਮੇਤ ਹਜ਼ਾਰਾਂ ਸ਼ਰਧਾਲੂ ਹਾਜ਼ਰ ਸਨ ਤੇ ਅੰਤ ਵਿਚ ਲੰਗਰ ਅਤੁੱਟ ਵਰਤਾਇਆ ਗਿਆ।

# ਫਿਲਾਡੈਲਫੀਆ ਵਿਚ ਰੇਲ ਗੱਡੀ ਵਿਚ ਜਬਰਜਨਾਹ, ਹੋਰ ਯਾਤਰੀ ਮੂਕ ਦਰਸ਼ਕ ਬਣੇ ਰਹੇ



**ਸੈਕਰਾਮੈਂਟੋ 20 ਅਕਤੂਬਰ (ਹੁਸਨ ਲੜੋਆ ਬੰਗਾ)-** ਫਿਲਾਡੈਲਫੀਆ ਵਿਚ ਇਕ ਟਰਾਂਜਿਟ ਰੇਲ ਗੱਡੀ ਵਿਚ ਇਕ ਔਰਤ ਨਾਲ ਜਬਰਜਨਾਹ ਹੋਣ ਦੀ ਘਟਨਾ ਵਾਪਰੀ ਹੈ। ਅਧਿਕਾਰੀਆਂ ਨੇ ਕਿਹਾ ਹੈ ਕਿ ਘਟਨਾ ਸਮੇ ਹੋਰ ਯਾਤਰੀ ਮੂਕ ਦਰਸ਼ਕ ਬਣੇ ਰਹੇ। ਉਨਾਂ ਨੇ ਨਾ ਦਖਲ ਦਿੱਤਾ ਤੇ ਨਾ ਹੀ ਪੁਲਿਸ ਨੂੰ ਫੋਨ ਕੀਤਾ। ਪਬਲਿਕ ਟਰਾਂਜਿਟ ਅਥਾਰਿਟੀ (ਸੇਪਟਾ) ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਕਥਿੱਤ ਜਬਰਜਨਾਹ ਦੀ ਘਟਨਾ ਦੱਖਣੀ ਪੂਰਬੀ ਪੈਨਸਿਲਵਾਨੀਆ ਟਰਾਂ-ਸਪੋਰਟੇਸ਼ਨ ਅਥਾਰਿਟੀ ਦੀ ਮਰਕਟ ਫਰੈਂਕ ਫੋਰਡ ਪੱਟੜੀ ਉਪਰ ਵਾਪਰੀ ਹੈ। ਇਹ ਇਕ ਬਹੁਤ ਘਿਣਾਉਣਾ ਜੁਰਮ ਹੈ। ਸੇਪਟਾ ਨੇ ਕਿਹਾ ਹੈ ਕਿ ਗੱਡੀ ਵਿਚ ਮੌਕੇ ਉਪਰ ਮੌਜੂਦ ਹੋਰ ਯਾਤਰੀ ਗੱਡੀ ਰੋਕ ਸਕਦੇ ਸਨ ਜਾਂ ਪੁਲਿਸ ਨੂੰ ਫੋਨ ਕਰ ਸਕਦੇ ਸਨ ਪਰੰਤੂ ਕਿਸੇ ਨੇ ਵੀ ਅਜਿਹੀ ਕਰਨ ਦੀ ਹਿੰਮਤ ਨਹੀਂ ਕੀਤੀ। ਸੇਪਟਾ ਦੇ ਬੁਲਾਰੇ ਐਂਡਰੀਊ ਬੁਸ਼ ਨੇ ਕਿਹਾ ਹੈ ਕਿ ਸੇਪਟਾ ਦੇ ਇਕ ਮੁਲਾਜ਼ਮ ਵੱਲੋਂ ਘਟਨਾ ਬਾਰੇ 911 ਉਪਰ ਸੂਚਿਤ ਕਰਨ ਉਪਰੰਤ ਤੁਰੰਤ ਕਾਰਵਾਈ ਕਰਦਿਆਂ ਪੁਲਿਸ ਨੇ ਸ਼ੱਕੀ ਦੋਸ਼ੀ ਨੂੰ ਹਿਰਾਸਤ ਵਿਚ ਲੈ ਲਿਆ ਜਿਸ ਦੀ ਪਛਾਣ 35 ਸਾਲਾ ਫਿਸਟਨ ਐਮ ਨਗਾਇ ਵਜੋਂ ਹੋਈ ਹੈ। ਉਸ ਵਿਰੁੱਧ ਜਬਰਜਨਾਹ, ਸਮੇਤ ਹੋਰ ਦੋਸ਼ਾਂ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ।







# ਬਸਪਾ ਪੰਜਾਬ ਪ੍ਰਧਾਨ ਦਾ ਸੰਦੇਸ਼

## ਅਸ਼ੋਕਾ ਵਿਜੇ ਦਸ਼ਮੀ ਤੋਂ ਧੰਮ ਚੱਕਰ ਪਰਿਵਰਤਨ ਦਿਵਸ

## (15 ਅਕਤੂਬਰ 2021)




ਦੇਸੀ ਮਹੀਨੇ ਅੱਸੂ ਦੀ ਦਸ਼ਮੀ 1956 ਨੂੰ ਬਹੁਤ ਮਹੱਤਵਪੂਰਨ ਸੀ। ਇਸ ਅੱਸ਼ੂ ਦੀ ਦਸ਼ਮੀ ਨੂੰ ਬਾਬਾ ਸਾਹਿਬ ਡਾ ਭੀਮ ਰਾਓ ਅੰਬੇਡਕਰ ਜੀ ਨੇ ਭਾਰਤ ਦੇਸ਼ ਦੀ ਧਰਤੀ ਦੇ ਮੂਲ ਧਰਮ ਜੋਕਿ ਬਹੁਜਨ ਦੇ ਹਿਤ ਲਈ ਬਹੁਤਿਆ ਲਈ ਸੁੱਖਾਂ ਦੀ ਸੰਕਲਪਨਾ ਕਰਦਾ ਹੈ ਉਸ ਵਿੱਚ ਵਾਪਸੀ ਕੀਤੀ, ਉਹ ਹੈ ਬੁੱਧ ਧਰਮ, ਇਹ ਦਸ਼ਮੀ 1956 ਨੂੰ 14 ਅਕਤੂਬਰ ਨੂੰ ਆਈ ਸੀ। ਅੱਜ 15 ਅਕਤੂਬਰ ਨੂੰ ਵੀ ਅੱਸ਼ੂ ਮਹੀਨੇ ਦੀ ਦਸ਼ਮੀ ਹੈ। ਜਿੱਥੇ ਹਿੰਦੂ ਧਰਮ ਵਿੱਚ ਦਸ਼ਮੀ ਨੂੰ ਦਸਹਿਰੇ ਦੇ ਰੂਪ ਵਿਚ ਮਨਾਉਂਦੇ ਹਨ, ਉਥੇ ਹੀ ਬੁੱਧ ਧਰਮ ਵਿੱਚ ਇਸ ਦਸ਼ਮੀ ਨੂੰ ਮੋਰੀਆਂ ਕਾਲ ਦੇ ਮਹਾਨ ਸਮਰਾਟ ਅਸ਼ੋਕ ਨਾਲ ਵੀ ਜੋੜਿਆ ਜਾਂਦਾ ਹੈ। ਮੰਨਿਆ ਜਾਂਦਾ ਹੈ ਕਿ ਅੱਸ਼ੂ ਦੀ ਦਸ਼ਮੀ ਨੂੰ ਅਸ਼ੋਕ ਸਮਰਾਟ ਹੀ ਬੁੱਧ ਧੰਮ ਵਿੱਚ ਦੀਕਸ਼ਿਤ ਹੋਏ ਅਤੇ ਸਮਰਾਟ ਅਸ਼ੋਕ ਦੇ ਯਤਨਾਂ ਨਾਲ ਪੂਰਾ ਪਛਮੀ ਤੇ ਪੂਰਬੀ ਏਸ਼ੀਆ ਬੁੱਧ ਧੰਮ ਦੀ ਬੁੱਧਮ ਸ਼ਰਣਮ ਗੱਛਾਮੀ ਨਾਲ ਗੂੰਜ ਉੱਠਿਆ। ਸੰਸਾਰ ਅੱਜ ਵੀ ਭਾਰਤ ਨੂੰ ਗੁਰੂ ਭੂਮੀ ਕਰਕੇ ਯਾਦ ਕਰਦਾ ਹੈ, ਜਿਸ ਪਿੱਛੇ ਬੁੱਧ ਧੰਮ ਦੀਆਂ ਸਿੱਖਿਆਵਾਂ ਤੇ ਸਮਰਾਟ ਅਸ਼ੋਕ ਦੇ ਯਤਨ ਹਨ। ਇਸ ਲਈ ਹੀ ਅੱਸ਼ੂ ਦੀ ਦਸ਼ਮੀ ਨੂੰ ਅਸ਼ੋਕਾ ਵਿਜੈ ਦਸ਼ਮੀ ਵੀ ਕਿਹਾ ਜਾਂਦਾ ਹੈ।

ਹਲਾਂਕਿ ਉਪਰੋਕਤ ਇਤਿਹਾਸ ਵਿਚਾਰਧਾਰਕ ਲੜਾਈ ਵਿੱਚ ਇਤਿਹਾਸ ਵਿਚ ਦਫ਼ਨ ਹੋਕੇ ਥੇਹਾਂ ਦੇ ਰੂਪ ਵਿਚ ਅਣਗੌਲਿਆ ਰਹਿ ਜਾਂਦਾ ਜੇਕਰ ਸਮਰਾਟ ਅਸ਼ੋਕ ਦੇ ਵਾਂਗ ਹੀ ਬਾਬਾ ਸਾਹਿਬ ਅਬੇਡਕਰ ਜੀ ਅੱਸ਼ੂ ਦੀ ਦਸ਼ਮੀ 1956 ਨੂੰ ਬੁੱਧ ਧੰਮ ਵਿੱਚ ਦੀਕਸ਼ਿਤ ਹੋਕੇ ਭਾਰਤ ਦੀ ਧਰਤੀ ਦੀ ਮੁੜ ਬੁਧਮ ਸ਼ਰਣਮ ਗੱਛਾਮੀ ਨਾ ਕਰਦੇ। ਅੱਜ ਵੀ ਬਾਬਾ ਸਾਹਿਬ ਅੰਬੇਡਕਰ ਜੀ ਨੂੰ ਯਾਦ ਕਰਦੇ ਹੋਏ ਹਰ ਸਾਲ 14 ਅਕਤੂਬਰ ਨੂੰ ਧੰਮ ਚੱਕਰ ਪਰਿਵਰਤਨ ਦੇ ਰੂਪ ਵਿਚ ਮਨਾਇਆ ਜਾਂਦਾ ਹੈ।

ਅਸਲੀ ਧੰਮ ਚੱਕਰ ਉਦੋ ਹੀ ਘੁੰਮੇਗਾ ਜਦੋਂ ਹਰ ਇਨਸਾਨ ਪੰਚਸ਼ੀਲ ਦੇ ਪੰਜ ਨਿਯਮਾਂ, ਅਸ਼ਟ-ਾਂਗਿਕ ਮਾਰਗ ਦੇ ਅੱਠ ਨਿਯਮਾਂ ਅਤੇ ਪਾਰਮਿਤਾਵਾਂ ਦੇ 10 ਸੂਤਰਾਂ ਨਾਲ ਆਪਣੇ ਜੀਵਨ ਦੀ ਸ਼ੁਰੂਆਤ ਕਰੇਗਾ। ਤਥਾਗਤ ਗੌਤਮ ਬੁੱਧ ਦਾ ਫ਼ਰਮਾਨ ਸੀ ਕਿ ਨਾ ਨਰਮ ਮਾਰਗੀ ਬਣੋ ਤੇ ਨਾ ਕੱਟੜ ਪੰਥ ਮਾਰਗੀ, ਹਮੇਸ਼ਾ ਮੱਧ ਮਾਰਗੀ ਰਹੋ। ਸਿਤਾਰ ਦੀਆਂ ਤਾਰਾਂ ਇੰਨੀਆਂ ਨਾ ਕੱਸੋ ਕਿ ਟੁੱਟ ਜਾਣ ਅਤੇ ਤਾਰਾਂ ਇੰਨੀਆਂ ਢਿੱਲੀਆਂ ਵੀ ਨਾ ਛੱਡੋ ਕਿ ਸੁਰ ਨਾ ਨਿਕਲ ਸਕੇ।

ਇਤਿਹਾਸ ਵਿੱਚੋ ਲੱਭਦਾ ਹੈ ਕਿ ਪੰਜਾਬ ਵੀ ਬੁੱਧ ਧੰਮ ਦਾ ਮਜ਼ਬੂਤ ਗੜ੍ਹ ਰਿਹਾ ਹੈ। ਤਕਸਿਲਾ ਯੂਨੀਵਰਸਿਟੀ ਵੀ ਕਿਸੀ ਸਮੇਂ ਪੰਜਾਬ (ਅਜੋਕੇ ਪਾਕਿਸਤਾਨ ਵਿਚ) ਦਾ ਹੀ ਹਿੱਸਾ ਸੀ। ਬਿਹਾਰ ਵਿੱਚ ਨਾਲੰਦਾ ਯੂਨੀਵਰਸਿਟੀ ਦੀ ਮੁੜ ਸਥਾਪਨਾ ਦੀਆਂ ਖਬਰਾਂ ਅੱਠ ਸਾਲ ਪਹਿਲਾ ਤੱਕ ਲਗਦੀਆਂ ਰਹੀਆ। ਸਮੂਹ ਬੋਧ ਜਗਤ ਨੂੰ ਜਰੂਰ ਤਕਸ਼ਿਲਾ ਯੂਨੀਵਰਸਿਟੀ ਦੀ ਪੁਨਰ ਸੁਰਜੀਤੀ ਬਾਰੇ ਸੋਚਣਾ ਚਾਹੀਦਾ ਹੈ, ਜੋਕਿ ਬਿਨਾ ਬਸਪਾ ਸਰਕਾਰ ਤੋਂ ਅਸੰਭਵ ਹੈ। ਉੱਤਰ ਪ੍ਰਦੇਸ਼ ਦੀ ਬਸਪਾ ਸਰਕਾਰ ਦਾ ਕੰਮ ਸਾਡੇ ਸਾਹਮਣੇ ਹੈ ਜਿੱਥੇ ਗੌਤਮ ਬੁੱਧ ਦੇ ਨਾਲ ਤੇ ਜਿਲ੍ਹਾ, ਗੌਤਮ ਬੁੱਧ ਦੇ ਨਾਲ ਤੇ ਯੂਨੀਵਰਸਿਟੀ, ਗੌਤਮ ਬੁੱਧ ਜੀ ਦੇ ਮਾਤਾ ਮਹਾਮਾਇਆ ਦੇ ਨਾਲ ਤੇ ਜਿਲ੍ਹਾ ਅਤੇ ਬੁੱਧ ਸੰ-ਸਕ੍ਰਿਤੀ ਦਾ ਨਿਰਮਾਣ ਬਹੁਜਨ ਸਮਾਜ ਪਾਰਟੀ ਦੀ ਸਰਕਾਰ ਤੇ ਵਿਚਾਰਧਾਰਾ ਦੇ ਅਧਾਰ ਤੇ ਹੋਇਆ। ਇਤਿਹਾਸ ਦਸਦਾ ਹੈ ਕਿ ਅੱਜ ਦੇ ਪੰਜਾਬ ਦਾ ਜਲੰਧਰ, ਸੰਘੋਲ, ਰੋਪੜ, ਆਦਿ ਇਲਾਕੇ ਬੁੱਧ ਧਰਮ ਦਾ ਗੜ੍ਹ ਇਲਾਕੇ ਰਹੇ ਹਨ ਜੋਕਿ ਪੱਛਮ ਵੱਲ ਅਫ਼ਗਾਨਿਸਤਾਨ ਤਕ ਅਤੇ ਪੰਜਾਬ ਦੇ ਦੱਖਣ ਵੱਲ ਹਰਿਆਣਾ ਦੇ ਰਾਖੀਗੜੀ, ਦਿੱਲੀ ਅੱਗੇ ਗੁਜਰਾਤ ਲੋਥਲ ਤੱਕ ਜਾਂਦਾ ਹੈ।

ਅੱਜ ਦੇ ਦਿਨ ਪੰਜਾਬ ਦੇ ਬਹੁਜਨ ਤੇ ਬੁੱਧਿਸਟ ਭਾਈਚਾਰੇ ਨੂੰ ਅਪੀਲ ਹੈ ਕਿ ਵਿਰਾਸਤ ਬਿਨਾ ਸੱਤਾ ਤੋਂ ਕਾਇਮ ਨਹੀਂ ਹੋ ਸਕਦੀ, ਉੱਤਰ ਪ੍ਰਦੇਸ਼ ਇਸਦਾ ਉਦਾਹਰਨ ਹੈ। ਆਓ ਸੱਤਾ ਪ੍ਰਾਪਤੀ ਹਿਤ ਸਮੂਹ ਸਾਥੀ ਭਵਤੂ ਸਭ ਮੰਗਲਮ, ਸਰਬੱਤ ਦਾ ਭਲਾ ਹੋ ਅਤੇ ਸਰਬਜਨ ਹਿਤਾਇ ਸਰਬਜਨ ਸੁਖਾਏ ਦੀ ਜਨਕਲਿਆਣਕਾਰੀ ਨੀਤੀ ਤੇ ਚਲਦੇ ਹੋਏ ਅਲਪਜਨ ਤੋਂ ਬਹੁਜਨ ਬਣੀਏ।




ਬਸਪਾ ਨੇ ਹਮੇਸ਼ਾ ਸਿੱਖ ਧਰਮ ਦੇ ਸੰਤਾਂ ਗੁਰੂਆਂ ਤੇ ਮਹਾਂ ਪੁਰਸ਼ਾਂ ਦਾ ਹਮੇਸ਼ਾ ਆਦਰ ਸਤਿਕਾਰ ਕੀਤਾ ਹੈ, ਅਤੇ ਇਹ ਆਦਰ ਸਤਿਕਾਰ ਅੱਗੇ ਵੀ ਹਮੇਸ਼ਾ ਬਣਿਆ ਰਹੇਗਾ। ਸਿੰਘੂ ਬਾਰਡਰ ਹੱਤਿਆਕਾਂਡ ਵਿਚ ਬਸਪਾ ਨੇ ਕੇਂਦਰ ਸਰਕਾਰ ਤੋਂ ਤੀ ਸੀਬੀਆਈ ਜਾਂਚ ਦੀ ਮੰਗ।



ਦਿੱਲੀ ਸਿੰਘੂ ਬਾਰਡਰ ਤੇ ਪੰਜਾਬ ਦੇ ਦਲਿਤ ਨੌਜਵਾਨ ਦੀ ਬੇਰਹਿਮੀ ਨਾਲ ਕੀਤੀ ਹੱਤਿਆ ਅਤਿ ਦੁਖਦ ਤੇ ਸ਼ਰਮਨਾਕ ਹੈ। ਪੁਲਿਸ ਪ੍ਰਸ਼ਾਸ਼ਨ ਘਟਨਾ ਨੂੰ ਗੰਭੀਰਤਾ ਨਾਲ ਲੈਕੇ ਦੋਸ਼ੀਆਂ ਵਿਰੁੱਧ ਸਖ਼ਤ ਕਾਰਵਾਈ ਕਰੇ। ਪੰਜਾਬ ਦੇ ਮੁੱਖ ਮੰਤਰੀ ਜੀ ਵੀ ਲਖੀਮਪੁਰ ਖੀਰੀ ਦੀ ਤਰ੍ਹਾ ਪੀੜਿਤ ਪਰਿਵਾਰ ਨੂੰ 50 ਲੱਖ ਰੁਪਏ ਦੀ ਸਹਾਇਤਾ ਤੇ ਸਰਕਾਰੀ ਨੌਕਰੀ ਦਿੱਤੀ ਜਾਵੇ। ਇਹ ਬਸਪਾ ਦੀ ਮੰਗ ਹੈ। (ਸ ਜਸਵੀਰ ਸਿੰਘ ਗੜ੍ਹੀ, ਸੂਬਾ ਪ੍ਰਧਾਨ, ਪੰਜਾਬ)

# ਲੋਕਤੰਤਰੀ ਢਾਂਚੇ ਨੂੰ ਨੁਕਸਾਨ ਪਹੁੰਚਾਉਣ ਦੇ ਭਾਜਪਾ ਦੇ ਮਨਸੂਬਿਆਂ ਨੂੰ ਕਾਮਯਾਬ ਨਹੀਂ ਹੋਣ ਦੇਵੇਗੀ ਬਸਪਾ: ਜਸਵੀਰ ਸਿੰਘ ਗੜ੍ਹੀ

**ਜਲੰਧਰ/ ਚੰਡੀਗੜ੍ਹ–** ਬਹੁਜਨ ਸਮਾਜ ਪਾਰਟੀ ਪੰਜਾਬ ਦੇ ਪ੍ਰਧਾਨ ਸਰਦਾਰ ਜਸਵੀਰ ਸਿੰਘ ਗੜ੍ਹੀ ਨੇ ਪ੍ਰੈਸ ਨੋਟ ਜਾਰੀ ਕਰਦਿਆਂ ਸਭ ਤੋਂ ਪਹਿਲਾਂ ਸਮੂਹ ਪੰਜਾਬੀਆਂ ਅਤੇ ਦੇਸ਼ਵਾਸੀਆਂ ਨੂੰ ਦੁਸਿਹਰੇ ਦੀਆਂ ਵਧਾਈਆਂ ਦਿੰਦੇ ਹੋਏ ਕਿਹਾ ਕਿ ਬੁਰਾਈ ਤੇ ਸੱਚਾਈ ਦੀ ਜਿੱਤ ਦੇ ਇਸ ਤਿਉਹਾਰ ਮੌਕੇ ਸਾਨੂੰ ਸਾਰਿਆਂ ਨੂੰ ਅਹਿਦ ਲੈਣਾ ਚਾਹੀਦਾ ਹੈ ਕਿ ਦੇਸ਼ ਅਤੇ ਸੂਬੇ ਵਿੱਚ ਜਿਹੜੀਆਂ ਬੁਰਾਈ ਵਾਲੀਆਂ ਤਾਕਤਾਂ ਨੇ ਉਨ੍ਹਾਂ ਨੂੰ ਹਰਾ ਕੇ ਸੱਚ ਦਾ ਸਾਥ ਦੇਣ ਵਾਲਿਆਂ ਦਾ ਸਾਥ ਦੇਵਾਂਗੇ। ਇਸ ਤੋਂ ਬਾਅਦ ਸ। ਗੜ੍ਹੀ ਨੇ ਕੇਂਦਰ ਦੀ ਭਾਜਪਾ ਸਰਕਾਰ ਵੱਲੋਂ ਪੰਜਾਬ, ਅਸਾਮ ਅਤੇ ਪੱਛਮੀ ਬੰਗਾਲ ਦੀਆਂ ਸਰਹੱਦਾਂ ਦਾ ਦਾਇਰਾ 50-50 ਕਿਲੋਮੀਟਰ ਕਰਕੇ ਬੀ।ਐਸ।ਐਫ ਹਵਾਲੇ ਕੀਤੇ ਜਾਣ ਤੇ ਸਖਤ ਇਤਰਾਜ਼ ਜਤਾਉਂਦੇ ਹੋਏ ਕਿਹਾ ਕਿ ਭਾਰਤੀ ਜਨਤਾ ਪਾਰਟੀ ਜਿਸਨੂੰ ਲੋਕ ਬੁਰੀ ਤਰ੍ਹਾਂ ਨਾਲ ਨਕਾਰ ਰਹੇ ਹਨ, ਹੁਣ ਧੱਕੇ ਦੇ ਨਾਲ ਦੇਸ਼ ਦੇ ਸਰਹੱਦੀ ਸੂਬਿਆਂ ਤੇ ਕਬਜ਼ਾ ਕਰਨ ਦੀ ਨੀਤੀ ਤੇ ਆ ਗਈ ਹੈ ਅਤੇ ਉਸੇ ਦਾ ਹੀ ਨਤੀਜਾ ਹੈ ਕਿ ਪੰਜਾਬ ਦੇ ਸਰਹੱਦੀ ਇਲਾਕਿਆਂ ਨੂੰ ਬੀ।ਐਸ।ਐਫ ਦੇ ਹਵਾਲੇ ਕਰ ਦਿੱਤਾ ਗਿਆ ਹੈ। ਉਨ੍ਹਾਂ ਦਸਿਆ ਕਿ ਦੇਸ਼ ਦੇ ਜੰਮੂ-ਕਸ਼ਮੀਰ, ਲੱਦਾਖ, ਪੰਜਾਬ, ਰਾਜਸਥਾਨ ਅਤੇ ਗੁਜਰਾਤ ਜੋਕਿ ਪਾਕਿਸਤਾਨ ਦੀ ਸਰਹੱਦ ਨਾਲ ਲੱਗਦੇ ਹਨ ਜਦਕਿ ਲੱਦਾਖ ਦਾ ਕੁੱਝ ਹਿੱਸਾ ਚੀਨ ਅਤੇ ਅਫਗਾਨਿਸਤਾਨ ਨਾਲ ਜਾ ਲੱਗਦਾ ਹੈ। ਇਸ ਤੋਂ ਇਲਾਵਾ ਹਿਮਾਚਲ ਪ੍ਰਦੇਸ਼, ਉਤਰਾਖੰਡ, ਸਿੱਕਿਮ ਅਤੇ ਅਰੁਣਾਚਲ ਪ੍ਰਦੇਸ਼ ਚੀਨ ਦੇ ਨਾਲ ਲੱਗਦੇ ਹਨ ਅਤੇ ਉਤਰਾਖੰਡ, ਉਤਰਪ੍ਰਦੇਸ਼, ਬਿਹਾਰ, ਸਿੱਕਿਮ ਤੇ ਪੱਛਮੀ ਬੰਗਾਲ ਨੇਪਾਲ ਦੇ ਨਾਲ ਜਦਕਿ ਸਿੱਕਿਮ, ਪੱਛਮੀ ਬੰਗਾਲ, ਅਸਾਮ ਅਤੇ ਅਰੁਣਾਚਲ ਪ੍ਰਦੇਸ਼ ਭੂਟਾਨ ਦੇ ਨਾਲ ਵੀ ਲੱਗਦੇ ਹਨ ਅਤੇ ਅਰੁਣਾਚਲ ਪ੍ਰਦੇਸ਼, ਮਣੀਪੁਰ,



ਨਾਗਾਲੈਂਡ ਤੇ ਮਿਜ਼ੋਰਮ ਦੀ ਸਰਹੱਦਾਂ ਮਿਆਂਮਾਰ ਦੇ ਨਾਲ ਲੱਗਦੀਆਂ ਹਨ ਅਤੇ ਮਣੀਪੁਰ, ਮੇਘਾਲਿਆ, ਪੱਛਮੀ ਬੰਗਾਲ, ਅਸਾਮ ਤੇ ਤ੍ਰਿਪੁਰਾ ਵਰਗੇ ਸੂਬੇ ਬੰਗਲਾਦੇਸ਼ ਦੇ ਨਾਲ ਲੱਗਦੇ ਹਨ ਅਤੇ ਇਨ੍ਹਾਂ ਸਾਰੇ ਸੂਬਿਆਂ ਨੂੰ ਕੇਂਦਰ ਦੀ ਭਾਜਪਾ ਸਰਕਾਰ ਵੱਲੋਂ ਜਿਵੇਂ ਹੁਣ 15 ਤੋਂ 50-50 ਕਿਲੋਮੀਟਰ ਤੱਕ ਦਾ ਦਾਇਰਾ ਵਧਾ ਕੇ ਫੌਜ ਨੂੰ ਸਾਰੀਆਂ ਸ਼ਕਤੀਆਂ ਦੇ ਕੇ ਆਪਣਾ ਏਕਾਧਿਕਾਰ ਜਮਾਉਣ ਦੀ ਕੋਸ਼ਿਸ਼ ਕੀਤੀ ਗਈ, ਹੌਲੀ-ਹੌਲੀ ਇਹ ਦੋ-ਦੋ ਸੌ ਕਿਲੋਮੀਟਰ ਤੱਕ ਵਧਾ ਕੇ ਦੇਸ਼ ਦੇ ਇਹਨਾਂ ਸਰਹੱਦੀ ਇਲਾਕਿਆਂ ਤੇ ਕੇਂਦਰ ਸਰਕਾਰ ਆਪਣਾ ਕਬਜ਼ਾ ਕਰ ਲਵੇਗੀ ਜੋਕਿ ਸੂਬਿਆਂ ਦੀਆਂ ਤਾਕਤਾਂ ਤੇ ਇਹ ਸਿੱਧੇ ਤੌਰ ਤੇ ਹਮਲਾ ਹੈ।

ਸ ਗੜ੍ਹੀ ਨੇ ਕਿਹਾ ਕਿ ਭਾਰਤੀ ਜਨਤਾ ਪਾਰਟੀ ਹਿਟਲਰਸ਼ਾਹੀ ਨੀਤੀਆਂ ਤੇ ਚੱਲ ਰਹੀ ਹੈ ਅਤੇ ਕੇਂਦਰੀਕਰਨ ਕਰਕੇ ਸੂਬਿਆਂ ਦੇ ਅਧਿਕਾਰ ਖਤਮ ਕਰ ਰਹੀ ਹੈ, ਜਿਸਦੀ ਤਾਜ਼ਾ ਉਦਾਹਰਣ ਪੰਜਾਬ ਹੈ ਜਿੱਥੇ ਸੂਬੇ ਦੇ ਮੁੱਖ ਮੰਤਰੀ ਨੂੰ ਡੀ।ਜੀ।ਪੀ, ਐਡਵੋਕੇਟ ਜਨਰਲ ਅਤੇ ਚੀਫ ਸੈਕਰੇਟ੍ਰੀ ਤੱਕ ਲਾਉਣ ਦੀ ਆਗਿਆ ਨਹੀਂ ਹੈ। ਉਨ੍ਹਾਂ ਕਿਹਾ ਕਿ ਸੂਬਿਆਂ ਦੇ ਅਧਿਕਾਰ ਖਤਮ ਕਰਨ ਦੀ ਨੀਤੀ ਦੇ ਤਹਿਤ ਹੀ ਇਨ੍ਹਾਂ ਨੇ ਤਿੰਨ ਖੇਤੀ ਕਾਨੂੰਨ ਲਿਆਂਦੇ ਅਤੇ ਤਾਜ਼ਾ ਮਾਮਲਾ ਦਾਇਰਾ ਵਧਾਉਣ ਦਾ ਸਾਹਮਣੇ ਹੈ। ਉਨ੍ਹਾਂ ਕਿਹਾ ਕਿ ਭਾਜਪਾ ਸਾਰਾ ਦੇਸ਼ ਫੌਜਾਂ ਦੇ ਹਵਾਲੇ ਕਰਕੇ ਹਿਟਲਰਸ਼ਾਹੀ ਲਿਆਉਣਾ ਚਾਹੁੰਦੀ ਹੈ ਅਤੇ ਇਹ ਸਭ ਭਾਜਪਾ ਦੀ ਉਸ ਕੱਟੜਪੰਥੀ ਨੀਤੀ ਦਾ ਹਿੱਸਾ ਹੈ ਜਿਹੜੀ ਨਾਗਪੁਰ ਤੋਂ ਚੱਲਦੀ ਹੈ। ਸ ਜਸਵੀਰ ਸਿੰਘ ਗੜ੍ਹੀ ਨੇ ਸਪੱਸ਼ਟ ਕਰਦਿਆਂ ਕਿਹਾ ਕਿ ਬਹੁਜਨ ਸਮਾਜ ਪਾਰਟੀ ਕਿਸੇ ਵੀ ਕੀਮਤ ਤੇ ਲੋਕਤੰਤਰੀ ਢਾਂਚੇ ਨੂੰ ਨੁਕਸਾਨ ਪਹੁੰਚਾਉਣ ਦੇ ਭਾਜਪਾ ਦੇ ਮਨਸੂਬਿਆਂ ਨੂੰ ਸਫਲ ਨਹੀਂ ਹੋਣ ਦੇਵੇਗੀ।

# ਪੰਜਾਬ ਦੀਆਂ ਓਬੀਸੀ ਸ਼੍ਰੇਣੀਆਂ ਦੇ ਹੱਕਾਂ ਦੀ ਲੜਾਈ ਲੜੇਗੀ ਬਸਪਾ -ਜਸਵੀਰ ਸਿੰਘ ਗੜ੍ਹੀ

**ਜਲੰਧਰ/ ਚੰਡੀਗੜ੍ਹ–** ਬਹੁਜਨ ਸਮਾਜ ਪਾਰਟੀ ਪੰਜਾਬ ਤੇ ਪ੍ਰਧਾਨ ਸਰਦਾਰ ਜਸਵੀਰ ਸਿੰਘ ਗੜੀ ਨੇ ਪ੍ਰੈਸ ਨੋਟ ਜਾਰੀ ਕਰਦਿਆਂ ਕਿਹਾ ਆਜ਼ਾਦੀ ਦੇ 74 ਸਾਲਾਂ ਵਿਚ ਪੰਜਾਬ ਵਿਚ ਪੱਛੜੀਆਂ ਸ਼੍ਰੇਣੀਆਂ ਨੂੰ ਬੁਰੀ ਤਰ੍ਹਾਂ ਸਾਜਿਸ਼ੀ ਨੀਤੀਆਂ ਦੇ ਤਹਿਤ ਪਛਾੜਿਆ ਗਿਆ ਹੈ। ਬਾਬਾ ਸਾਹਿਬ ਅੰਬੇਡਕਰ ਨੇ ਓਬੀਸੀ ਜਮਾਤਾਂ ਦੇ ਹੱਕਾਂ ਵਿੱਚ 1951 ਵਿੱਚ ਕਾਨੂੰਨ ਮੰਤਰੀ ਦੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਸੀ ਜਦੋਂ ਕਾਂਗਰਸ ਸਰਕਾਰ ਨੇ ਆਰਟੀਕਲ 340 ਤੇ ਕੋਈ ਵੀ ਕਾਰਵਾਈ ਕਰਨ ਤੋਂ ਇਨਕਾਰ ਕਰ ਦਿੱਤਾ ਸੀ ਤਾਂ ਬਾਬਾ ਸਾਹਿਬ ਅੰਬੇਡਕਰ ਦੇ ਵਿਰੋਧ ਅੱਗੇ ਝੁਕਦਿਆਂ 1953 ਵਿੱਚ ਕਾਂਗਰਸ ਨੇ ਕਾਕਾ ਕਾਲੇਲਕਰ ਕਮਿਸ਼ਨ ਬਣਾਇਆ ਜੋ ਕਿ ਓਬੀਸੀ ਜਮਾਤਾਂ ਲਈ ਰਾਖਵਾਂਕਰਨ ਦੀ ਸਿਫਾਰਸ਼ ਕਰਦਾ ਸੀ ਉਸ ਦੀ ਰਿਪੋਰਟ ਅੱਜ ਤਕ ਰੱਦੀ ਦੀ ਟੋਕਰੀ ਵਿੱਚ ਹੈ। ਸਾਲ 1977 'ਚ ਕਾਂਗਰਸ ਤੋਂ ਬਾਅਦ ਜਨਤਾ ਪਾਰਟੀ ਨੇ ਮੰਡਲ ਕਮਿਸ਼ਨ ਬਣਾਇਆ ਜਿਸ ਦੀ ਰਿਪੋਰਟ ਵਿਚ ਓਬੀਸੀ ਦੀਆਂ 3743 ਜਾਤਾਂ ਅਤੇ ਭਾਰਤ ਦੀ ਕੁਲ ਅਬਾਦੀ ਵਿੱਚ ਓਬੀਸੀ ਆਬਾਦੀ ਦਾ 52% ਹੋਣ ਦੀ ਗੱਲ ਸਾਹਮਣੇ ਆਈ। ਪਰ ਕਾਂਗਰਸ ਸਰਕਾਰ ਨੇ 1980 ਤੋਂ 1989 ਤੱਕ ਰਿਪੋਰਟ ਰੱਦੀ ਦੀ ਟੋਕਰੀ ਵਿੱਚ ਸੁੱਟੀ ਰੱਖੀ।

ਫਿਰ 1984 ਤੋਂ ਬਸਪਾ ਬਾਨੀ ਸਾਹਿਬ ਸ਼੍ਰੀ ਕਾਂਸ਼ੀ ਰਾਮ ਜੀ ਨੇ ਪੱਛੜੀਆਂ ਸ਼੍ਰੇਣੀਆਂ ਵਿੱਚ ਜਾਗ੍ਰਿਤੀ ਦਾ ਕੰਮ ਸ਼ੁਰੂ ਕੀਤਾ ਤੇ ਲਾਮਬੰਦੀ ਸ਼ੁਰੂ ਕੀਤੀ ਜਿਸ ਦੇ ਤਹਿਤ ਬਸਪਾ ਵੱਲੋਂ 1989 'ਚ 45 ਦਿਨ ਸੰਸਦ ਘੇਰੀ ਤੇ ਨਾਹਰਾ ਲੱਗਿਆ, ਮੰਡਲ ਕਮਿਸ਼ਨ ਰਿਪੋਰਟ ਲਾਗੂ ਕਰੋ, ਵਰਨਾ ਕੁਰਸੀ ਖਾਲੀ ਕਰੋ।

ਪ੍ਰਧਾਨ ਮੰਤਰੀ ਵੀ।ਪੀ ਸਿੰਘ ਨੇ ਅੱਧੀ ਅਧੂਰੀ ਰਿ-ਪੋਰਟ ਲਾਗੂ ਕਰਨ ਦਾ ਐਲਾਨ ਕੀਤਾ ਤਾਂ ਭਾਜਪਾ ਨੇ ਕੇਂਦਰ ਸਰਕਾਰ ਡੇਗ ਦਿੱਤੀ ਤੇ ਕਮੰਡਲ ਰਾਜਨੀਤੀ ਸ਼ੁਰੂ ਕਰਕੇ ਪੱਛੜਾ ਵਰਗ ਨੂੰ ਹੱਕਾਂ ਦੀ ਲੜਾਈ ਦੀ ਬਜਾਇ ਧਾਰਮਿਕ ਉਨਮਾਦ 'ਚ ਸੁਲਾ ਦਿੱਤਾ।

ਮੰਡਲ ਕਮਿਸ਼ਨ ਦੀ ਰਿਪੋਰਟ ਕੋਰਟਾਂ 'ਚ ਖਿੱਚੋਤਾਣੀ ਤੋਂ ਬਾਅਦ ਓਬੀਸੀ ਜਮਾਤਾਂ ਲਈ ਕਰੀਮੀ ਲੇਅਰ ਦੀ ਸ਼ਰਤ ਨਾਲ 27।5% ਰਾਖਵੇਂਕਰਨ ਦਾ ਐਲਾਨ ਹੋਇਆ ਜੋ ਕਿ ਪੰਜਾਬ ਵਿੱਚ ਅੱਜ ਤੱਕ ਹਕੂਮਤ ਨੇ ਲਾਗੂ ਨਹੀਂ ਕੀਤਾ। ਜਦੋਂਕਿ ਬਸਪਾ ਸਰਕਾਰ ਨੇ 1995 ਵਿਚ ਓ ਬੀ ਸੀ ਲਈ ਉੱਤਰ ਪ੍ਰਦੇਸ਼ ਵਿੱਚ ਮੰਡਲ ਰਿਪੋਰਟ ਲਾਗੂ ਕਰ ਦਿੱਤੀ ਸੀ।

ਸਰਦਾਰ ਜਸਵੀਰ ਸਿੰਘ ਗੜ੍ਹੀ ਨੇ ਜਾਣਕਾਰੀ ਦਿੰਦਿਆਂ ਕਿਹਾ ਕਿ ਪੰਜਾਬ ਚ ਆਜ਼ਾਦੀ ਦੇ 17 ਸਾਲਾਂ ਬਾਅਦ ਓਬੀਸੀ ਲਈ 1964 'ਚ ਸਿਰਫ 2% ਰਾਖਵਾਂਕਰਨ , ਫਿਰ ਇਸ ਤੋਂ 10 ਸਾਲਾਂ ਬਾਅਦ 1974 'ਚ 5% ਰਾਖਵਾਂਕਰਨ, ਫਿਰ ਇਸ ਤੋਂ 43 ਸਾਲਾਂ ਬਾਅਦ 2017 'ਚ 10% ਰਾਖਵਾਂਕਰਨ ਲਾਗੂ ਕੀਤਾ ਗਿਆ ਜੋ ਕਿ ਸਹੀ ਰੂਪ ਵਿੱਚ ਲਾਗੂ ਨਹੀਂ ਹੈ ਤੇ ਓਬੀਸੀ ਜਮਾਤਾਂ ਨਾਲ ਬਹੁਤ ਵੱਡਾ ਧੋਖਾ ਹੋ ਰਿਹਾ ਹੈ ।

ਬਸਪਾ ਸੂਬਾ ਪ੍ਰਧਾਨ ਸਰਦਾਰ ਗੜ੍ਹੀ ਨੇ ਕਿਹਾ ਕਿ ਓਬੀਸੀ ਸ਼੍ਰੇਣੀਆਂ ਦੇ ਸੂਝਵਾਨ ਲੋਕਾਂ ਨੂੰ ਆਪਣੀ ਨਸਲਾਂ ਦੇ ਭਵਿਖ ਲਈ ਜਾਗਣ ਅਤੇ ਇਕੱਠੇ ਹੋਣ ਦੀ ਲੋੜ ਹੈ। ਬਸਪਾ ਪੰਜਾਬ ਮਜ਼ਬੂਤੀ ਨਾਲ ਓਬੀਸੀ ਸ਼੍ਰੇਣੀਆਂ ਦੇ ਹੱਕਾਂ ਦੀ ਲੜਾਈ ਲੜ ਰਹੀ ਹੈ। ਬਸਪਾ-ਸ਼੍ਰੋਮਣੀ ਅਕਾਲੀ ਦਲ ਨਾਲ ਸਾਂਝੇ ਤੌਰ ਤੇ 2022 ਦੀ ਵਿਧਾਨ ਸਭਾ ਮਜ਼ਬੂਤੀ ਨਾਲ ਲੜ ਰਹੀ ਹੈ ਤੇ ਬਸਪਾ ਸਰਕਾਰ ਵਿਚ ਹਿੱਸੇਦਾਰ ਹੋਣ ਉਪਰੰਤ ਓਬੀਸੀ ਜਮਾਤਾਂ ਨੂੰ ਮੰਡਲ ਕਮਿਸ਼ਨ ਰਿਪੋਰਟ ਤਹਿਤ ਰਾਖਵਾਂਕਰਨ ਸਿੱਖਿਆ ਅਤੇ ਨੌਕਰੀਆਂ ਦੇ ਖੇਤਰ ਵਿੱਚ ਦੇਣ ਲਈ ਕੰਮ ਕਰੇਗੀ।

# ਅੰਤਰਰਾਸ਼ਟਰੀ ਪੰਜਾਬੀ ਸਾਹਿਤ ਇਨਾਮ ਢਾਹਾਂ ਪੁਰਸਕਾਰ 2021 ਦੇ ਜੇਤੂਆਂ ਦਾ ਐਲਾਨ

## 25000 ਡਾਲਰ ਦਾ ਢਾਹਾਂ ਪੁਰਸਕਾਰ ਨੈਨ ਸੁੱਖ ਲਾਹੌਰ ਨੇ ਅਤੇ 10 ਹਜ਼ਾਰ ਡਾਲਰ ਵਾਲੇ ਪੁਰਸਕਾਰ ਬੀਬੀ ਸਰਘੀ ਅੰਮ੍ਰਿਤਸਰ ਅਤੇ ਬਲਬੀਰ ਮਾਧੋਪੁਰੀ ਨਵੀਂ ਦਿੱਲੀ ਨੇ ਜਿੱਤੇ

**ਬੰਗਾ–** ਪੰਜਾਬੀ ਸਾਹਿਤ ਦੇ ਪ੍ਰਚਾਰ ਤੇ ਪ੍ਰਸਾਰ ਵਾਸਤੇ ਦਿੱਤਾ ਜਾਣ ਵਾਲਾ ਅੰਤਰਰਾਸ਼ਟਰੀ ਪੰਜਾਬੀ ਸਾਹਿਤ ਇਨਾਮ ਢਾਹਾਂ ਪੁਰਸਕਾਰ ਦੇ ਸਾਲ 2021 ਦੇ ਜੇਤੂਆਂ ਦੇ ਐਲਾਨ ਕਰ ਦਿੱਤਾ ਗਿਆ ਹੈ। ਇਹ ਜਾਣਕਾਰੀ ਢਾਹਾਂ ਸਾਹਿਤ ਪੁਰਸਕਾਰ ਦੇ ਮੁੱਖ ਪ੍ਰਬੰਧਕ ਸ੍ਰੀ ਬਲਜਿੰਦਰ ਸਿੰਘ ਢਾਹਾਂ ਨੇ ਦਿੰਦੇ ਦੱਸਿਆ ਇਸ ਵਰ੍ਹੇ 25 ਹਜ਼ਾਰ ਡਾਲਰ ਦਾ ਪੁਰਸਕਾਰ ਸ੍ਰੀ ਨੈਨ ਸੁੱਖ (ਲਾਹੌਰ, ਲਹਿੰਦਾ ਪੰਜਾਬ, ਪਾਕਿਸਤਾਨ) ਦੀ ਸ਼ਾਹਮੁੱਖੀ ਵਿਚ ਪ੍ਰਕਾਸ਼ਿਤ ਕਹਾਣੀ ਸੰਗ੍ਰਿਹ ' ਜੋਗੀ, ਸੱਪ, ਤ੍ਰਾਹ ' ਨੇ ਜਿੱਤਿਆ ਹੈ। ਜਦ ਕਿ 10 ਹਜ਼ਾਰ ਡਾਲਰ ਦੇ ਦੋ ਪੁਰਸਕਾਰਾਂ ਵਿਚ ਪਹਿਲੇ ਫਾਈਨਲਿਸਟ ਪੰਜਾਬੀ ਲੇਖਿਕਾ ਸ੍ਰੀਮਤੀ ਸਰਘੀ (ਅੰਮ੍ਰਿਤਸਰ, ਪੰਜਾਬ, ਭਾਰਤ) ਦੀ ਗੁਰਮੁੱਖੀ ਵਿਚ ਪ੍ਰਕਾਸ਼ਿਤ ਕਹਾਣੀ ਸੰਗ੍ਰਹਿ 'ਆਪਣੇ ਅਪਣੇ ਮਰਸੀਆ ' ਅਤੇ ਦੂਜੇ ਫਾਈਨਲਿਸਟ ਸ੍ਰੀ ਬਲਬੀਰ ਮਾਧੋਪੁਰੀ (ਨਵੀਂ ਦਿੱਲੀ, ਭਾਰਤ) ਦੇ ਗੁਰਮੁੱਖੀ ਵਿਚ ਪ੍ਰਕਾਸ਼ਿਤ ਨਾਵਲ ' ਮਿੱਟੀ ਬੋਲ ਪਏ ' ਨੇ ਜਿੱਤੇ ਹਨ।

ਸ੍ਰੀ ਬਲਜਿੰਦਰ ਸਿੰਘ ਢਾਹਾਂ ਨੇ ਦੱਸਿਆ ਕਿ 25000 ਡਾਲਰ ਦੇ ਢਾਹਾਂ ਪੁਰਸਕਾਰ ਦੇ ਜੇਤੂ ਸ੍ਰੀ ਨੈਨ ਸੁਖ ਲਹਿੰਦੇ ਪੰਜਾਬ ਦੇ ਉਨ੍ਹਾਂ ਪੰਜਾਬੀ ਲਿਖਾਰੀਆਂ ਵਿਚੋਂ ਹਨ ਜੋ ਵਾਹਗਾ ਸਰਹੱਦ ਦੇ ਆਰ-ਪਾਰ ਇਕੋ ਜਿਹਾ ਨਾਮਣਾ ਖੱਟੀ ਬੈਠੇ ਹਨ। ਉਹਨਾਂ ਨੇ ' ਜੋਗੀ, ਸੱਪ, ਤ੍ਰਾਹ ' ਕਹਾਣੀ ਸੰਗ੍ਰਹਿ ਵਿੱਚ ਅਣਵੰਡੇ ਪੰਜਾਬ ਦੀ ਲੋਕਧਾਰਾਈ ਵਿਰਾਸਤ ਅਤੇ ਸਰਬ ਸਾਂਝੇ ਇਤਿਹਾਸ ਚੋਂ ਵੰਨ-ਸੁਵੰਨੇ ਵਿਸ਼ਿਆਂ ਨੂੰ ਮੋਹ ਅਤੇ ਨਿਰਪੱਖਤਾ ਨਾਲ ਚਿਤਰਿਆ ਹੈ। ਸ੍ਰੀ ਢਾਹਾਂ ਨੇ 10 ਹਜ਼ਾਰ ਡਾਲਰ ਦੇ ਦੋ ਪੁਰਸਕਾਰ ਜੇਤੂ ਸਾਹਿਤਕਾਰਾਂ ਜਾਣਕਾਰੀ ਦਿੰਦੇ ਦੱਸਿਆ ਕਿ ਪਹਿਲੇ ਫਾਈਨਲਿਸਟ ਡਾ. ਸਰਘੀ ਨੂੰ ਸਾਹਿਤਕ ਪ੍ਰਤਿਭਾ ਆਪਣੇ ਪਿਤਾ ਉੱਘੇ ਲੇਖਕ ਦਲਬੀਰ ਚੇਤਨ ਤੋਂ ਵਿਰਾਸਤ ਵਿਚ ਮਿਲੀ ਹੈ। 'ਆਪਣੇ ਆਪਣੇ ਮਰਸੀਏ', ਕਹਾਣੀ ਸੰਗ੍ਰਹਿ ਦਾ ਸਿਰਲੇਖ ਮਾਨਵੀ ਸੰਬੰਧਾਂ 'ਚੋਂ ਪੈਦਾ ਹੋਏ ਦੁੱਖ, ਬੇਚੈਨੀ, ਉਦਾਸੀ ਅਤੇ ਨਿਰਾਸ਼ਾ ਦਾ ਪਰਤੀਕ ਹੈ। ਸਰਘੀ ਨੇ ਸੂਖਮ ਮਨੋਭਾਵਾਂ, ਮਰਦ ਪ੍ਰਧਾਨ ਸਮਾਜ ਦੀਆਂ ਗੁੰਝਲਦਾਰ ਕਦਰਾਂ ਕੀਮਤਾਂ, ਮਾਦਾ-ਭਰੂਣ ਹੱਤਿਆ, ਜਬਰਜਿਨਾਹ, ਵਿਆਹ ਪ੍ਰਥਾ, ਲੰਗਿ-ਭੇਦ ਦੀ ਰਾਜਨੀਤੀ ਅਤੇ ਰਣਨੀਤੀ ਨੂੰ ਕਲਮਬੱਧ ਕੀਤਾ ਹੈ। ਦੂਜੇ ਫਾਈਨਲਿਸਟ ਲੇਖਕ ਬਲਬੀਰ ਮਾਧੋਪੁਰੀ (ਨਵੀਂ ਦਿੱਲੀ, ਭਾਰਤ) ਦੀ ਪੰਜਾਬ ਦੇ ਪਿੰਡ ਮਾਧੋਪੁਰ ਤੋਂ ਬਾਲ ਮਜ਼ਦੂਰ ਵਜੋਂ ਨਿਮਰ ਸ਼ੁਰੂਆਤ ਕਰਨ ਤੋਂ ਲੈ ਕੇ ਭਾਰਤ ਸਰਕਾਰ ਦੇ ਸੂਚਨਾ ਅਤੇ ਪ੍ਰਸਾਰਣ ਮੰਤਰਾਲੇ ਵਿੱਚ ਡਿਪਟੀ ਡਾਇਰੈਕਟਰ ਬਣਨ ਤੱਕ ਦੀ ਯਾਤਰਾ ਮੁਸ਼ਕਲ, ਹਿੰਮਤ ਅਤੇ ਦ੍ਰਿੜਤਾ ਵਾਲੀ ਹੈ। ਸ੍ਰੀ ਮਾਧੋਪੁਰੀ ਦੇ ਨਾਵਲ 'ਮਿੱਟੀ ਬੋਲ ਪਈ' ਦਲਿਤ ਵਰਗ ਵਿੱਚ ਦਲੇਰੀ ਅਤੇ ਜਾਗ੍ਰਤੀ ਦਾ ਪ੍ਰਤੀਕ ਹੈ ।ਨਾਵਲ ਵਿਚ ਨੀਵੀ' ਜਾਤੀ (ਆਦੀ ਵਾਸੀ) ਅਤੇ ਔਰਤਾਂ ਦੇ ਦੁਖਾਂਤ ਜਿਵੇਂ ਸਮਾਜਿਕ ਨਾ-ਬਰਾਬਰੀ, ਜਾਤ-ਪਾਤ, ਦਲਿਤਾਂ ਨੂੰ ਪੜ੍ਹਾਈ ਦਾ ਹੱਕ ਨਾ ਮਿਲਣਾ, ਜ਼ਿਮੀਂਦਾਰਾਂ ਅਤੇ ਚੌਧਰੀਆਂ ਦੀ ਜਬਰੀ ਵਗਾਰਾਂ ਆਦਿ ਨੂੰ ਬਾਖੂਬੀ ਚਿੱਤਰਿਆ ਹੈ।




ਅੰਤਰਰਾਸ਼ਟਰੀ ਪੰਜਾਬੀ ਸਾਹਿਤ ਇਨਾਮ ਢਾਹਾਂ ਪੁਰਸਕਾਰ 2021 ਦੇ ਜੇਤੂ ਸਾਹਿਤਕਾਰ

ਸ੍ਰੀ ਬਰਜਿੰਦਰ ਸਿੰਘ ਢਾਹਾਂ ਨੇ ਦੱਸਿਆ ਕਿ ਸਾਲ 2021 ਦੇ ਇਹਨਾਂ ਤਿੰਨਾਂ ਢਾਹਾਂ ਪੁਰਸਕਾਰ ਜੇਤੂਆਂ ਨੂੰ ਨਵੰਬਰ ਮਹੀਨੇ ਵਿਚ ਹੋ ਰਹੇ ਵਿਸ਼ੇਸ਼ ਸਨਮਾਨ ਸਮਾਰੋਹ ਵਿਚ ਸਨਮਾਨਿਤ ਕੀਤਾ ਜਾਵੇਗਾ। ਢਾਹਾਂ ਪੁਰਸਕਾਰ 2014 ਤੋਂ ਸ਼ੁਰੂ ਕੀਤਾ ਗਿਆ ਸੀ ਜੋ ਦੁਨੀਆ ਭਰ ਵਿਚ ਪੰਜਾਬੀ ਸਾਹਿਤ ਨੂੰ ਪ੍ਰਫੁੱਲਤ ਕਰਨ ਲਈ ਪ੍ਰਦਾਨ ਕੀਤਾ ਜਾਂਦਾ ਹੈ। ਸ੍ਰੀ ਢਾਹਾਂ ਨੇ ਕਿਹਾ ਕਿ ਢਾਹਾਂ ਪੁਰਸਕਾਰ ਦਾ ਉਦੇਸ਼ ਸਰਹੱਦਾਂ ਤੋਂ ਪਾਰ ਪੰਜਾਬੀ ਸਾਹਿਤ ਦੀ ਸਿਰਜਣਾ, ਵਿਸ਼ਵ ਭਰ ਦੇ ਪੰਜਾਬੀ ਭਾਈਚਾਰਿਆਂ ਨੂੰ ਜੋੜਨਾ ਅਤੇ ਵਿਸ਼ਵ ਪੱਧਰ 'ਤੇ ਪੰਜਾਬੀ ਸਾਹਿਤਕਾਰਾਂ ਨੂੰ ਉਤਸ਼ਾਹਿਤ ਕਰਨਾ ਹੈ। ਇਹਨਾਂ ਢਾਹਾਂ ਪੁਰਸਕਾਰ ਦਾ ਐਲਾਨ ਕਰਨ ਮੌਕੇ ਸ੍ਰੀ ਬਰਜਿੰਦਰ ਸਿੰਘ ਢਾਹਾਂ, ਪ੍ਰਸਿੱਧ ਲੇਖਕ ਸ੍ਰੀ ਸਾਧੂ ਬਿੰਨ੍ਹਿਗ, ਬੀਬੀ ਹਰਿੰਦਰ ਕੌਰ ਢਾਹਾਂ, ਮਨਵੀਰ ਸਿੰਘ ਢਾਹਾਂ ਅਤੇ ਹੋਰ ਪਤਵੰਤੇ ਹਾਜ਼ਰ ਸਨ। ਵਰਨਣਯੋਗ ਹੈ ਕਿ ਢਾਹਾਂ ਸਾਹਿਤ ਪੁਰਸਕਾਰ ਵੈਨਕੂਵਰ ਕੈਨੇਡਾ ਵਿੱਚ ਸ੍ਰੀ ਬਰਜਿੰਦਰ ਸਿੰਘ ਢਾਹਾਂ ਅਤੇ ਉਹਨਾਂ ਧਰਮਪਤਨੀ ਬੀਬੀ ਰੀਟਾ ਢਾਹਾਂ ਵੱਲੋਂ ਸਥਾਪਤ ਕੀਤਾ ਗਿਆ ਹੈ। ਇਹ ਪੁਰਸਕਾਰ ਪੰਜਾਬੀ ਦੇ ਗੁਰ-ਮੁਖੀ ਜਾਂ ਸ਼ਾਹਮੁਖੀ ਲਿਪੀ ਵਿਚ ਲਿਖੀਆਂ ਗਈਆਂ ਤਿੰਨ ਸਰ-ਵੋਤਮ ਕਿਤਾਬਾਂ ਨੂੰ ਦਿੱਤਾ ਜਾਂਦਾ ਹੈ। ਪੰਜਾਬੀ ਕੈਨੇਡਾ ਵਿੱਚ ਸਭ ਤੋਂ ਵੱਧ ਬੋਲੀ ਜਾਣ ਵਾਲੀ ਭਾਸ਼ਾ ਵਿਚ ਸ਼ਾਮਿਲ ਹੈ।

ਢਾਹਾਂ ਪੁਰਸਕਾਰ ਪਹਿਲੀ ਵਾਰ ਕਿ ਕਿਸੇ ਸ਼ਾਹਮੁਖੀ ਲਿਪੀ ਦੀ ਪੁਸਤਕ ਨੂੰ ਪਹਿਲਾ ਇਨਾਮ ਹਾਸਲ ਹੋਇਆ ਹੈ। ਇਸ ਤੋਂ ਪਹਿਲੇ ਸੱਤ ਐਵਾਰਡ ਗੁਰਮੁਖੀ ਲਿਪੀ ਦੀਆਂ ਵਾਰਤਕ ਪੁਸਤਕਾਂ ਦੇ ਹਿੱਸੇ ਹੀ ਆਏ ਹਨ। ਇਸ ਸਾਲ 40 ਪੁਸਤਕਾਂ ਪੁਰਸਕਾਰ ਵਾਸਤੇ ਪ੍ਰਾਪਤ ਹੋਈਆਂ ਸਨ।

## ਜਨਮ ਦਿਨ ਮੁਬਾਰਕ



ਨਾਮ – ਹਰਸ਼ ਰੱਤੂ
ਮਾਤਾ ਦਾ ਨਾਂ – ਰੀਨਾ
ਪਿਤਾ ਦਾ ਨਾਂ – ਬੀ ਕੇ ਰੱਤੂ
ਪਤਾ – ਪ੍ਰੇਮ ਪੁਰਾ ਫਗਵਾੜਾ

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# 'ਮੁੱਖ ਮੰਤਰੀ' ਦੀ ਸਾਦਗੀ ਬਾਰੇ ਗੱਲਾਂ ਨੇ ਪਿੰਡਾਂ ਦੀਆਂ ਸੱਥਾਂ 'ਚ ਥਾਂ ਬਣਾਈ

## ਗੀਤਾਂ 'ਚ ਵੀ ਹੋਣ ਲੱਗਾ ਸੀ ਚੰਨੀ ਦਾ ਗੁਣ ਗਾਣ

**ਬੰਗਾ (ਸੁਰਜੀਤ ਮਜਾਰੀ)–** ਸਿਆਸੀ 'ਚਮਕ ਦਮਕ' ਨੂੰ ਸਾਦਗੀ ਦਾ ਮੋੜ ਦੇਣ ਵਾਲੇ ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੀਆਂ ਗੱਲਾਂ ਪਿੰਡਾਂ ਦੀਆਂ ਸੱਥਾਂ 'ਚ ਹੋਣ ਲੱਗੀਆ ਹਨ। ਉਹਨਾਂ ਦਾ ਸੂਬਾ ਵਾਸੀਆਂ ਨੂੰ ਸਿੱਧਾ ਫੋਨ ਕਰਨ ਨੂੰ ਕਹਿਣਾ, ਨਿੱਜੀ ਸੁਰੱਖਿਆ ਕਰਮੀਆਂ/ ਕਾਰਾਂ ਦਾ ਕਾਫ਼ਲਾ ਘਟਾਉਣਾ, ਸ਼ਹੀਦ ਦੀ ਦੇਹ ਨੂੰ ਮੋਢਾ ਦੇਣਾ, ਰਾਹ ਜਾਂਦਿਆਂ ਰੁਕ ਕੇ ਬਜ਼ੁਰਗਾਂ ਨੂੰ ਮਿਲਣਾ, ਸਟੇਜ 'ਤੇ ਭੰਗੜਾ ਪਾ ਕੇ ਸੱਭਿਆਚਾਰ ਦਾ ਹਿੱਸਾ ਬਣਨਾ ਆਦਿ ਸ਼ਾਮਲ ਹੋਇਆ ਹੈ। ਲੋਕ ਉਕਤ ਵਰਤਾਰੇ ਦਾ ਫ਼ਿਲਮ 'ਨਾਇਕ' ਵਾਲੇ ਅਦਾਕਾਰ ਅਨਿਲ ਕਪੂਰ ਦੇ ਪ੍ਰਸੰਗ 'ਚ ਵੀ ਜ਼ਿਕਰ ਕਰ ਰਹੇ ਹਨ। ਪਿੰਡ ਬਹਿਰਾਮ 'ਚ ਬੋਹੜ ਦੀ ਛਾਵੇਂ ਬੈਠੇ ਬਲਵੰਤ ਸਿੰਘ, ਕਸ਼ਮੀਰ ਚੰਦ, ਮੁਖਤਿਆਰ ਨਾਲ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਬਾਰੇ ਗੱਲ ਹੋਈ ਤਾਂ ਉਹਨਾਂ ਕਿਹਾ ਕਿ ਨਵੇਂ ਮੁੱਖ ਮੰਤਰੀ ਨੇ ਥੋਹੜੇ ਦਿਨਾਂ 'ਚ ਵਧੀਆਂ ਕੰਮ ਕੀਤੇ ਹਨ। ਇਵੇਂ ਪਿੰਡ ਬਾਹੜੋਵਾਲ ਦੇ ਸਰਪੰਚ ਸਰਬਜੀਤ ਸਿੰਘ, ਨੰਬਰਦਾਰ ਨਰਿੰਦਰ ਕੁਮਾਰ, ਪੰਚ ਸਰਵਣ ਕੁਮਾਰ ਦਾ ਕਹਿਣ ਸੀ ਕਿ ਸ। ਚਰਨਜੀਤ ਸਿੰਘ ਚੰਨੀ ਦੀ ਕਾਰਗੁਜ਼ਾਰੀ ਸ਼ਲਾਘਾਯੋਗ ਹੈ ਅਤੇ ਇਹ ਭਵਿੱਖ 'ਚ ਵੀ ਕਿਸੇ ਤਰ੍ਹਾਂ ਦੀ ਸਿਆਸਤ ਤੋਂ ਨਿਰਲੇਪ ਹੀ ਰਹਿਣੀ ਚਾਹੀਦੀ ਹੈ।




ਦੱਸਣਯੋਗ ਹੈ ਕਿ ਮੁੱਖ ਮੰਤਰੀ ਵਲੋਂ ਆਪਣੇ ਪੁੱਤਰ ਦੇ ਵਿਆਹ ਸਮੇਂ ਬਣਾਈ ਸਾਦਗੀ ਦੀ ਉਦਾਹਰਣ ਦੀ ਵੀ ਪਿੰਡਾਂ/ਸ਼ਹਿਰਾਂ ਦੀਆਂ ਸੱਥਾਂ 'ਚ ਚਰਚਾ ਹੁੰਦੀ ਸੁਣੀ/ਦੇਖੀ ਜਾ ਸਕਦੀ ਹੈ।

**ਮੁੱਖ ਮੰਤਰੀ ਦਾ ਗੀਤਾਂ 'ਚ ਗੁਣ ਗਾਣ**

ਪੰਜਾਬ ਦੇ ਨਵੇਂ ਮੁੱਖ ਮੰਤਰੀ ਸ ਚਰਨਜੀਤ ਸਿੰਘ ਚੰਨੀ ਦਾ ਗੁਣ ਗਾਣ ਕਰਦੇ ਕਈ ਗਾਇਕਾਂ ਨੇ ਗੀਤ ਵੀ ਗਾਏ ਹਨ। ਜਿਹਨਾਂ ਗਾਇਕ ਜੋੜੀ 'ਕਰਮਾਂ ਦੇ ਬਲੀ ਨਿਕਲ ਗਏ ਚਰਨਜੀਤ ਚੰਨੀ' ਅਤੇ ਅਮਰਜੀਤ ਸਫ਼ਰੀ/ ਦਿਲਜੀਤ ਕੌਰ ਦਾ 'ਜੇ ਲੋਕਾਂ ਦੇ ਨੇਤਾ ਬਣਨਾ ਚੰਨੀ ਵਾਂਗਰਾਂ ਕਰੋ ਸਾਦਗੀ' ਪ੍ਰਮੁੱਖ ਤੌਰ 'ਤੇ ਵੱਜ ਰਹੇ ਹਨ। ਇਸ ਦੇ ਨਾਲ ਹੀ ਕਿੰਦਾ ਖਾਨਖਾਨੀਆਂ ਦਾ 'ਸੱਥਾਂ ਵਿੱਚ ਚਰਚਾ ਹੋ ਗਈ ਮੁੱਖ ਮੰਤਰੀ ਚਰਨਜੀਤ ਚੰਨੀ ਦੀ', ਦਿਲਬਰ ਜੀਤਾ ਦਾ 'ਜਿਹਦੇ ਦਿਲ ਵਿੱਚ ਹੋਵੇ ਨੇਕੀ, ਬਣਦਾ ਆਗੂ ਲੋਕਾਂ ਦਾ', ਸ਼ੀਰਾ ਫ਼ਗਵਾੜਵੀ ਦਾ 'ਹੁਣ ਚੰਨੀ ਦਾ ਚਾਨਣ ਨਵੀਆਂ ਪੈੜਾਂ ਪਾਊਗਾ' ਆਦਿ ਗੀਤ ਵੀ ਗਾਏ ਹਨ।

# ਦੇਹਰਾਦੂਨ ਦੇ ਪੰਜਾਬੀ ਸ਼ਾਇਰ ਪ੍ਰੇਮ ਸਾਹਿਲ ਨਾਲ ਸਾਹਿਤਕ ਮਿਲਣੀ ਕੀਤੀ ਗਈ

**ਮਾਹਿਲਪੁਰ –** ਸੁਰ ਸੰਗਮ ਵਿੱਦਿਅਕ ਟਰੱਸਟ ਅਤੇ ਨਿੱਕੀਆਂ ਕਰੂੰਬਲਾਂ ਪ੍ਰਕਾਸ਼ਨ ਵਲੋਂ ਦੇਹਰਾਦੂਨ (ਉੱਤਰਾਖੰਡ) ਦੇ ਉੱਘੇ ਪੰਜਾਬੀ ਸ਼ਾਇਰ ਪ੍ਰੇਮ ਸਾਹਿਲ ਨਾਲ ਇਕ ਸਾਹਿਤਕ ਮਿਲਣੀ ਦਾ ਪ੍ਰਬੰਧ ਕਰੂੰਬਲਾਂ ਭਵਨ ਵਿੱਚ ਕੀਤਾ ਗਿਆ। ਇਸ ਮੌਕੇ ਉਨ੍ਹਾਂ ਆਪਣੇ ਸੰਬੋਧਨ ਵਿੱਚ ਕਿਹਾ ਕਿ ਉਨ੍ਹਾਂ ਜੀਵਨ ਭਰ ਪੰਜਾਬੀ ਅਤੇ ਹਿੰਦੀ ਸਾਹਿਤ ਨੂੰ ਪਿਆਰਿਆ ਸਤਿਕਾਰਿਆ ਤੇ ਵਿਚਾਰਿਆ ਹੈ। ਅੱਜ ਤਕ ਅੱਧੀ ਦਰਜਨ ਤੋਂ ਵੱਧ ਪੰਜਾਬੀ ਹਿੰਦੀ ਵਿਚ ਪੁਸਤਕਾਂ ਲਿਖ ਚੁੱਕੇ ਹਨ।




ਇਸ ਮੌਕੇ ਉਚੇਚੇ ਤੌਰ ਤੇ ਹਾਜ਼ਰ ਹੋਏ ਉੱਘੇ ਸਾਹਿਤਕਾਰ ਡਾ ਧਰਮਪਾਲ ਸਾਹਿਲ ਨੇ ਉਨ੍ਹਾਂ ਦੇ ਜੀਵਨ ਅਤੇ ਰਚਨਾ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਅਜਿਹੇ ਸ਼ਾਇਰ ਅਕਸਰ ਪੈਦਾ ਨਹੀਂ ਹੁੰਦੇ। ਪ੍ਰੇਮ ਸਾਹਿਲ ਨੇ ਆਪਣੀਆਂ ਰਚਨਾਵਾਂ ਦੀ ਝੜੀ ਲਾਉਂਦਿਆਂ ਹਾਜ਼ਰੀਨ ਨੂੰ ਨਿਹਾਲ ਕੀਤਾ। ਟਰੱਸਟ ਵੱਲੋਂ ਉਨ੍ਹਾਂ ਦਾ ਮਾਣ ਸਨਮਾਨ ਵੀ ਕੀਤਾ ਗਿਆ । ਇਸ ਮੌਕੇ ਪੰਮੀ ਖੁਸ਼ਹਾਲਪੁਰੀ ਅਤੇ ਸੁਖਮਨ ਸਿੰਘ ਨੇ ਆਪਣੀਆਂ ਆਪਣੀਆਂ ਕਵਿਤਾਵਾਂ ਨਾਲ ਚੰਗਾ ਰੰਗ ਬੰਨ੍ਹਿਆ। ਨਿੱਕੀਆਂ ਕਰੂੰਬਲਾਂ ਦੇ ਸੰਪਾਦਕ ਬਲਜਿੰਦਰ ਮਾਨ ਨੇ ਕਿਹਾ ਕਿ ਸਾਹਿਤ ਅਤੇ ਕਲਾ ਨਾਲ ਹੀ ਸਮਾਜ ਨੂੰ ਸ਼ਿੰਗਾਰਿਆ ਤੇ ਸਵਾਰਿਆ ਜਾ ਸਕਦਾ ਹੈ। ਇਸ ਮੌਕੇ ਚੈਂਚਲ ਸਿੰਘ ਬੈਂਸ, ਬੱਗਾ ਸਿੰਘ ਆਰਟਿਸਟ, ਕੁਲਦੀਪ ਕੌਰ ਬੈਂਸ, ਪਰਮਜੀਤ ਸਿੰਘ, ਮਨਜਿੰਦਰ ਸਿੰਘ, ਪ੍ਰਿੰਸੀਪਲ ਮਨਜੀਤ ਕੌਰ ਆਦਿ ਉਚੇਚੇ ਤੌਰ ਤੇ ਸ਼ਾਮਲ ਹੋਏ। ਸਭ ਦਾ ਧੰਨਵਾਦ ਕਰਦਿਆਂ ਹਰਵੀਰ ਮਾਨ ਨੇ ਕਿਹਾ ਕਿ ਟਰੱਸਟ ਦਾ ਉਪਰਾਲਾ ਹੈ ਕਿ ਸਾਹਿਤ ਅਤੇ ਕਲਾ ਨੂੰ ਹਰ ਪੱਖੋਂ ਪ੍ਰਫੁੱਲਿਤ ਕੀਤਾ ਜਾਵੇ।

# ਅੰਬੇਡਕਰ ਭਵਨ ਵਿੱਚ ਧੱਮ-ਚੱਕਰ ਪਰਿਵਰਤਨ ਦਿਵਸ ਮਨਾਇਆ ਗਿਆ









**ਜਲੰਧਰ (ਬਿਊਰੋ)–** ਅੰਬੇਡਕਰ ਮਿਸ਼ਨ ਸੋਸਾਇਟੀ ਪੰਜਾਬ (ਰਜਿ।) ਦੁਆਰਾ ਅੰਬੇਡਕਰ ਭਵਨ ਟਰੱਸਟ ਅਤੇ ਆਲ ਇੰਡੀਆ ਸਮਤਾ ਸੈਨਿਕ ਦਲ ਦੇ ਸਹਿਯੋਗ ਨਾਲ ਅੰਬੇਡਕਰ ਭਵਨ, ਡਾ ਅੰਬੇਡਕਰ ਮਾਰਗ, ਜਲੰਧਰ ਵਿਖੇ 14 ਅਕਤੂਬਰ 2021 ਨੂੰ ਧੱਮ-ਚੱਕਰ ਪਰਿਵਰਤਨ ਦਿਵਸ ਮਨਾਇਆ ਗਿਆ। ਸਮਾਗਮ ਦੀ ਸ਼ੁਰੂਆਤ ਮੁੱਖ ਮਹਿਮਾਨ, ਸ਼੍ਰੀ ਹਰਬੰਸ ਲਾਲ ਵਿਰਦੀ, ਅੰਤਰ-ਰਾਸ਼ਟਰੀ ਕੋਆਰਡੀਨੇਟਰ, ਫੈਡਰੇਸ਼ਨ ਆਫ ਅੰਬੇਡਕਰਾਈਟ ਐਂਡ ਬੌਧਿਸਟ ਆਰਗੇਨਾਈਜੇਸ਼ਨਜ਼ ਯੂਕੇ ਅਤੇ ਵਿਸ਼ੇਸ਼ ਮਹਿਮਾਨ ਸ਼੍ਰੀ ਭੰਤੇ ਚੰਦਰਕੀਰਤੀ ਦੁਆਰਾ ਪੰਚਸ਼ੀਲ ਦਾ ਝੰਡਾ ਲਹਿਰਾਉਣ ਨਾਲ ਹੋਈ। ਅੰਬੇਡਕਰ ਮਿਸ਼ਨ ਸੁਸਾਇਟੀ ਦੇ ਪ੍ਰਧਾਨ ਸੋਹਨ ਲਾਲ ਡੀਪੀਆਈ ਕਾਲਜਾਂ (ਸੇਵਾਮੁਕਤ) ਨੇ ਆਪਣੇ ਭਾਸ਼ਣ ਵਿੱਚ ਸਾਰਿਆਂ ਦਾ ਸਵਾਗਤ ਕੀਤਾ। ਮੈਡਮ ਸੁਦੇਸ਼ ਕਲਿਆਣ ਅਤੇ ਬਲਦੇਵ ਰਾਜ ਭਾਰਦਵਾਜ ਨੇ ਕ੍ਰਮਵਾਰ ਮੁੱਖ ਮਹਿਮਾਨ ਅਤੇ ਵਿਸ਼ੇਸ਼ ਮਹਿਮਾਨ ਦੀ ਜਾਣ -ਪਛਾਣ ਕਰਵਾਈ। ਸਤਿਕਾਰਯੋਗ ਭਾਂਤੇ ਚੰਦਰਕੀਰਤੀ ਨੇ ਸਰੋਤਿਆਂ ਨੂੰ ਬੁੱਧ ਵੰਦਨਾ, ਤ੍ਰਿਸ਼ਰਣ ਅਤੇ ਪੰਚਸ਼ੀਲ ਦਾ ਪਾਠ ਗ੍ਰਹਿਣ ਕਰਾਇਆ । ਮੁੱਖ ਮਹਿਮਾਨ ਹਰਬੰਸ ਲਾਲ ਵਿਰਦੀ ਨੇ ਆਪਣੇ ਭਾਸ਼ਣ ਵਿੱਚ ਬੋਧੀ ਗਤੀਵਿਧੀਆਂ ਬਾਰੇ ਵਿਸ਼ੇਸ਼ ਜਾਣਕਾਰੀ ਦਿੱਤੀ। ਉਘੇ ਅੰਬੇਡਕਰਵਾਦੀ, ਲੇਖਕ, ਚਿੰਤਕ ਅਤੇ ਭੀਮ ਪਤ੍ਰਿਕਾ ਦੇ ਸੰਪਾਦਕ-ਸ਼੍ਰੀ ਐਲ ਆਰ ਬਾਲੀ, ਡਾ: ਜੀਸੀ ਕੌਲ, ਜਨਰਲ ਸਕੱਤਰ, ਅੰਬੇਡਕਰ ਭਵਨ ਟਰੱਸਟ, ਜਲੰਧਰ ਅਤੇ ਜਸਵਿੰਦਰ ਵਰਿਆਣਾ ਨੇ ਵੀ ਆਪਣੇ ਵਿਚਾਰ ਪ੍ਰਗਟ ਕੀਤੇ। ਸਮਾਜਕ ਅਤੇ ਮਿਸ਼ਨਰੀ ਕਾਰਕੁੰਨ ਰਮੇਸ਼ ਕੁਮਾਰ ਗਰੁੜ, ਜਨਕ ਰਾਜ ਚੌਹਾਨ, ਦੇਵੀਦਾਸ ਨਾਹਰ, ਗੇਲ ਓਮਵੇਟ ਅਤੇ ਲਖੀਮਪੁਰ ਖੇੜੀ ਵਿੱਚ ਸ਼ਹੀਦ ਹੋਏ ਕਿਸਾਨਾਂ ਦੀ ਯਾਦ ਵਿੱਚ ਦੋ ਮਿੰਟ ਦਾ ਮੌਨ ਰੱਖਿਆ ਗਿਆ। ਮੰਚ 'ਤੇ ਮੌਜੂਦ ਮੁੱਖ ਮਹਿਮਾਨ ਅਤੇ ਪਤਵੰਤਿਆਂ ਨੇ ਸੁਸਾਇਟੀ ਦੀ ਵੈਬਸਾਈਟ ਦਾ ਉਦਘਾਟਨ ਕੀਤਾ। ਸਮਾਗਮ ਵਿੱਚ ਆਲ ਇੰਡੀਆ ਸਮਤਾ ਸੈਨਿਕ ਦਲ (ਰਜਿਸਟਰਡ) ਪੰਜਾਬ ਇਕਾਈ ਦਾ ਸੋਵੀਨਾਰ ਰਿਲੀਜ਼ ਕੀਤਾ ਗਿਆ। ਸਮਾਜਕ ਅਤੇ ਮਿਸ਼ਨਰੀ ਵਰਕਰ ਸ਼੍ਰੀ ਵਾਸਦੇਵ ਬੌਧ ਨੂੰ ਸੁਸਾਇਟੀ ਵੱਲੋਂ ਸ਼ਾਲ, ਯਾਦਗਾਰੀ ਚਿੰਨ੍ਹ ਅਤੇ ਪ੍ਰਮਾਣ ਪੱਤਰ ਪੁਰਸਕਾਰ ਦੇ ਕੇ ਸਨਮਾਨਿਤ ਕੀਤਾ ਗਿਆ। ਪਰਮ ਕੈਂਥ ਦੁਆਰਾ ਲਿਖੇ ਅਤੇ ਸੱਤਿਆਮ ਬੌਧ ਅਤੇ ਜੀਵਨ ਮਹਿਮੀ ਦੁਆਰਾ ਗਾਏ ਗਏ ਗੀਤ 'ਗ੍ਰੇਟ ਬੁੱਧ ਐਂਡ ਭੀਮ' ਦਾ ਪੋਸਟਰ ਵੀ ਸਮਾਰੋਹ ਵਿੱਚ ਜਾਰੀ ਕੀਤਾ ਗਿਆ। ਧੰਨਵਾਦ ਦਾ ਮਤਾ ਸੁਸਾਇਟੀ ਦੇ ਮੀਤ ਪ੍ਰਧਾਨ ਡਾ: ਰਵਿਕਾਂਤ ਪਾਲ ਨੇ ਪਾਸ ਕੀਤਾ। ਬਲਦੇਵ ਰਾਜ ਭਾਰਦਵਾਜ, ਐਡਵੋਕੇਟ ਹਰਭਜਨ ਸਾਂਪਲਾ, ਤਿਲਕ ਰਾਜ, ਰਾਜ ਕੁਮਾਰ ਵਰਿਆਣਾ, ਪਰਮਿੰਦਰ ਸਿੰਘ ਖੁਤਾਨ, ਪਿਸ਼ੌਰੀ ਲਾਲ ਸੰਧੂ, ਹਰਮੇਸ਼ ਜੱਸਲ, ਹਰੀ ਰਾਮ, ਰਮੇਸ਼ ਚੰਦਰ ਅੰਬੈਸਡਰ (ਸੇਵਾਮੁਕਤ), ਰਾਮ ਲੁਭਾਇਆ ਏਡੀ-ਜੀਪੀ (ਸੇਵਾਮੁਕਤ), ਪਿਆਰਾ ਲਾਲ ਚਾਹਲ ਆਈਆਰਐਸ (ਸੇਵਾਮੁਕਤ), ਪਰਮ ਦਾਸ ਹੀਰ, ਡੀਪੀ ਭਗਤ, ਰੂਪ ਲਾਲ, ਏਡੀ ਸੁਮਨ, ਡਾ: ਵੀਨਾ ਪਾਲ, ਮੈਡਮ ਸੁਦੇਸ਼ ਕਲਿਆਣ, ਮੰਜੂ, ਆਦਿ ਹਾਜ਼ਰ ਸਨ। ਇਹ ਜਾਣਕਾਰੀ ਅੰਬੇਡਕਰ ਮਿਸ਼ਨ ਸੁਸਾਇਟੀ ਦੇ ਜਨਰਲ ਸਕੱਤਰ ਬਲਦੇਵ ਰਾਜ ਭਾਰਦਵਾਜ ਨੇ ਇੱਕ ਪ੍ਰੈਸ ਬਿਆਨ ਵਿੱਚ ਦਿੱਤੀ।-





Read more:
http://www.ambedkartimes.com

# ਅੰਬੇਡਕਰ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਫੂਲਪੁਰ, ਧਨਾਲ ਨੇ ਮਨਾਈ ਅਸ਼ੋਕਾ ਵਿਜੈ ਦਸਮੀ













Read more www.ambedkartimes.com







ਬੋਧੀ ਸਤਵ ਅੰਬੇਡਕਰ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਫੂਲਪੁਰ, ਧਨਾਲ (ਜਲੰਧਰ) ਵਿਚ 15 ਅਕਤੂਬਰ 2021, ਦਿਨ ਸ਼ੁੱਕਰਵਾਰ ਨੂੰ ਅਸ਼ੋਕਾ ਵਿਜੈ ਦਸਮੀ ਮਨਾਈ ਗਈ। ਇਸ ਮੌਕੇ ’ਤੇ ਸਕੂਲ ਦੀ ਪ੍ਰਿੰਸੀਪਲ ਮੈਡਮ ਚੰਚਲ ਬੋਧ ਜੀ ਨੇ ਬੱਚਿਆਂ ਨੂੰ ਇਸ ਦਿਨ ਦਾ ਮਹੱਤਵ ਦੱਸਦੇ ਹੋਏ ਬੋਧ ਧੰਮ ਦੀ ਸਤਿਕਾਰਤਾ ’ਤੇ ਵਿਸਥਾਰ ਨਾਲ ਚਾਨਣਾ ਪਾਇਆ। ਇਸ ਮੌਕੇ ’ਤੇ ਬੀ. ਆਨੰਦ ਸ਼੍ਰੀਕ੍ਰਿਸ਼ਨਾ ਜੀ, ਸ਼੍ਰੀ ਐਲ. ਆਰ. ਨਈਅਰ, ਡਾ. ਰਿਸ਼ੀ ਜੀ, ਡਾ. ਜਗਤਾਰ ਸਿੰਘ, ਸ਼੍ਰੀ ਰਾਜੀਵ ਜੌਰਾ, ਸ਼੍ਰੀ ਰਵਿੰਦਰ ਕੁਮਾਰ, ਸ਼੍ਰੀ ਹਰਜੀਤ ਸਿੰਘ, ਡਾ. ਸੰਦੀਪ ਸੇਹਮੀ, ਸ਼੍ਰੀ ਐਮ. ਆਰ. ਸਲਨ, ਸ਼੍ਰੀ ਰਾਮ ਲੁਭਾਇਆ, ਇੰਜੀਨੀਅਰ ਸ਼੍ਰੀ ਜਸਵੰਤ ਰਾਏ, ਸ਼੍ਰੀ ਹੁਸਨ ਲਾਲ ਵਰਗੀਆਂ ਹਸਤੀਆਂ ਮੌਜੂਦ ਸਨ, ਜਿਹਨਾਂ ਨੇ ਵਿਦਿਆਰਥੀਆਂ ਦਾ ਮਾਰਗ ਦਰਸ਼ਨ ਕੀਤਾ। ਉਹਨਾਂ ਬੱਚਿਆਂ ਨੂੰ ਲਗਨ ਅਤੇ ਮਿਹਨਤ ਨਾਲ ਸਿੱਖਿਆ ਗ੍ਰਹਿਣ ਕਰਨ ਅਤੇ ਤਥਾਗਤ ਬੁੱਧ ਅਤੇ ਬਾਬਾ ਸਾਹਿਬ ਦੇ ਰਸਤੇ ਤੇ ਚੱਲਣ ਦੀ ਪ੍ਰੇਰਨਾ ਦਿੱਤੀ। ਇਸ ਮੌਕੇ ਮਠਿਆਈਆਂ ਵੀ ਵੰਡੀਆਂ ਗਈਆਂ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

ਇੰਗਲੈਂਡ-ਗਲਾਸਗੋ ਖ਼ਬਰਨਾਮਾ / ਮਨਦੀਪ ਖੁਰਮੀ ਹਿੰਮਤਪੁਰਾ

# ਗਲਾਸਗੋ: ਕੋਪ 26 ਦੌਰਾਨ ਕਈ ਪ੍ਰਮੁੱਖ ਸੈਲਾਨੀ ਕੇਂਦਰ ਹੋਣਗੇ ਬੰਦ

**ਗਲਾਸਗੋ–** ਗਲਾਸਗੋ ਵਿੱਚ ਹੋਣ ਵਾਲੇ ਕੋਪ 26 ਜਲਵਾਯੂ ਸੰਮੇਲਨ ਦੌਰਾਨ ਸ਼ਹਿਰ ਵਿਚਲੇ ਪ੍ਰਮੁੱਖ ਸੈਲਾਨੀ ਕੇਂਦਰ ਬੰਦ ਕੀਤੇ ਜਾਣਗੇ। ਜਿਹਨਾਂ ਵਿੱਚ ਆਰਟ ਗੈਲਰੀਆਂ, ਅਜਾਇਬ ਘਰ ਅਤੇ ਹੋਰ ਪ੍ਰਮੁੱਖ ਸਥਾਨ ਸ਼ਾਮਲ ਹਨ। ਇਸ ਸਬੰਧੀ ਸ਼ਹਿਰ ਦੇ ਸਭਿਆਚਾਰ ਅਤੇ ਮਨੋਰੰਜਨ ਸਥਾਨਾਂ ਦਾ ਸੰਚਾਲਨ ਕਰਦੀ ਗਲਾਸਗੋ ਲਾਈਫ ਨੇ ਘੋਸ਼ਣਾ ਕੀਤੀ ਹੈ ਕਿ ਕੋਪ 26 ਦੇ ਦੌਰਾਨ ਵਿਘਨ ਨੂੰ ਘੱਟ ਕਰਨ ਲਈ ਘੱਟੋ ਘੱਟ ਲਈ ਛੇ ਸਾਈਟਾਂ ਬੰਦ ਰਹਿਣਗੀਆਂ, ਜਿਹਨਾਂ ਵਿੱਚ ਕੇਲਵਿਨਗਰੋਵ ਆਰਟ ਗੈਲਰੀ ਅਤੇ ਅਜਾਇਬ ਘਰ, ਰਿਵਰਸਾਈਡ ਟ੍ਰਾਂਸਪੋਰਟ ਅਜਾਇਬ ਘਰ ਅਤੇ ਮਾਡਰਨ ਆਰਟ ਗੈਲਰੀ ਆਦਿ ਸ਼ਾਮਲ ਹਨ।



ਗਲਾਸਗੋ ਲਾਈਫ ਸਿਟੀ ਕੌਂਸਲ ਦੀ ਤਰਫੋਂ ਇਹਨਾਂ ਸਥਾਨਾਂ ਨੂੰ ਚਲਾਉਂਦੀ ਹੈ ਅਤੇ ਮਹਾਂਮਾਰੀ ਦੇ ਦੌਰਾਨ ਸਥਾਨਾਂ ਦੇ ਬੰਦ ਹੋਣ ਕਾਰਨ ਇਸਨੂੰ 38 ਮਿਲੀਅਨ ਪੌਂਡ ਦਾ ਨੁਕਸਾਨ ਹੋਇਆ ਹੈ। ਗਲਾਸਗੋ ਲਾਈਫ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਰਿਵਰਸਾਈਡ ਮਿਊਜ਼ੀਅਮ ਅਕਤੂਬਰ 23 ਤੋਂ ਨਵੰਬਰ 16, ਕੇਲਵਿੰਗਰੋਵ ਆਰਟ ਗੈਲਰੀ ਅਤੇ ਮਿਊਜ਼ੀਅਮ 28 ਅਕਤੂਬਰ ਤੋਂ 14 ਨਵੰਬਰ ਅਤੇ ਸ਼ਹਿਰ ਦੇ ਕੇਂਦਰ ਵਿੱਚ ਮਾਡਰਨ ਆਰਟ ਗੈਲਰੀ 31 ਅਕਤੂਬਰ ਤੋਂ 14 ਨਵੰਬਰ ਤੱਕ ਬੰਦ ਰਹਿਣਗੇ। ਇਸਦੇ ਨਾਲ ਹੀ ਕੇਲਵਿਨ ਹਾਲ 28 ਅਕਤੂਬਰ ਤੋਂ 1 ਨਵੰਬਰ ਤੱਕ ਬੰਦ ਰਹੇਗਾ ਅਤੇ ਕੇਲਵਿੰਗਰੋਵ ਲਾਅਨ ਬਾਊਲਜ਼ ਅਤੇ ਟੈਨਿਸ ਸੈਂਟਰ ਵੀ 31 ਅਕਤੂਬਰ ਤੋਂ 2 ਨਵੰਬਰ ਤੱਕ ਬੰਦ ਰਹੇਗਾ। ਜਦਕਿ ਪੀਪਲਜ਼ ਪੈਲੇਸ ਮੁਰੰਮਤ ਲਈ ਬੰਦ ਹੈ ਤੇ ਉਹ ਵੀ ਜਨਤਾ ਲਈ ਬੰਦ ਰਹੇਗਾ।

ਇਸਦੇ ਇਲਾਵਾ ਅਮੀਰਾਤ ਅਰੀਨਾ ਇਸ ਦੌਰਾਨ ਖੁੱਲਾ ਰਹੇਗਾ ਅਤੇ ਇਸਦੇ ਆਮ ਨਾਲੋਂ ਵਧੇਰੇ ਰੁੱਝੇ ਰਹਿਣ ਦੀ ਉਮੀਦ ਹੈ। ਗਲਾਸਗੋ ਲਾਈਫ ਅਨੁਸਾਰ ਜਲਵਾਯੂ ਸੰਮੇਲਨ ਅਤੇ ਸੁਰੱਖਿਆ ਕਾਰਜਾਂ ਦੇ ਮੱਦੇਨਜ਼ਰ ਇਹਨਾਂ ਸਾਰੀਆਂ ਤਾਰੀਖਾਂ ਨੂੰ ਬਦਲਿਆ ਵੀ ਜਾ ਸਕਦਾ ਹੈ।

# ਸਕਾਟਲੈਂਡ ਦੇ ਸਕੂਲਾਂ ਨੇ ਕੀਤੀ ਬੱਚਿਆਂ ਦੇ ਚਿਹਰਿਆਂ ਨੂੰ ਸਕੈਨ ਕਰਨ ਦੀ ਸ਼ੁਰੂਆਤ

**ਗਲਾਸਗੋ–** ਸਕਾਟਲੈਂਡ ਦੇ ਕਈ ਸਕੂਲਾਂ ਵਿੱਚ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਦੁਪਹਿਰ ਦੇ ਖਾਣੇ ਦਾ ਭੁਗਤਾਨ ਕਰਨ ਦੀ ਆਗਿਆ ਦੇਣ ਲਈ ਚਿਹਰੇ ਦੀ ਪਛਾਣ ਕਰਨ ਲਈ ਸਕੈਨ ਕਰਨ ਵਾਲੇ ਸੌਫਟਵੇਅਰ ਦੀ ਵਰਤੋਂ ਸ਼ੁਰੂ ਕੀਤੀ ਗਈ ਹੈ। ਸਕੂਲਾਂ ਵਿੱਚ ਦੁਪਹਿਰ ਦੇ ਖਾਣੇ ਦੇ ਸਮੇਂ ਦੌਰਾਨ ਸਮਾਂ ਬਚਾਉਣ ਲਈ ਉੱਤਰੀ ਆਇਰਸ਼ਾਇਰ ਵਿੱਚ ਨੌਂ ਸਾਈਟਾਂ ਵਿੱਚ ਸਥਾਪਤ ਕੀਤੀ ਗਈ ਇਹ ਪ੍ਰਣਾਲੀ, ਵਿਦਿਆਰਥੀਆਂ ਦੇ ਚਿਹਰਿਆਂ ਨੂੰ ਸਕੈਨ ਕਰਦੀ ਹੈ। ਇਹ ਸਕੈਨਰ ਫਿੰਗਰਪ੍ਰਿੰਟ ਸਕੈਨਰਾਂ ਦੀ ਬਜਾਏ ਜਿਆਦਾ ਤੇਜ਼ੀ ਨਾਲ ਕੰਮ ਕਰਦੇ ਹਨ।



ਇਸ ਸਕੈਨਿੰਗ ਪ੍ਰਣਾਲੀ ਨੂੰ ਲਗਾਉਣ ਵਾਲੀ ਕੰਪਨੀ ਸੀ ਆਰ ਬੀ ਕਨਿੰਘਮਸ ਦੇ ਨਿਰਦੇਸ਼ਕ ਡੇਵਿਡ ਸਵੈਨਸਟਨ ਅਨੁਸਾਰ ਇਹ ਪ੍ਰਕਿਰਿਆ ਵਧੇਰੇ ਕੋਵਿਡ-ਸੁਰੱਖਿਅਤ ਅਤੇ ਤੇਜ਼ ਹੈ। ਇਸ ਨਾਲ ਹਰੇਕ ਟ੍ਰਾਂਜੈਕਸ਼ਨ ਲਈ ਸਿਰਫ ਪੰਜ ਸਕਿੰਟ ਲੱਗਦੇ ਹਨ।

ਫੇਸ ਸਕੈਨਿੰਗ ਦੀ ਵਰਤੋਂ ਪੁਲਿਸ ਦੁਆਰਾ ਅਪਰਾਧੀਆਂ ਦੀ ਭਾਲ ਲਈ ਅਤੇ ਆਮ ਤੌਰ 'ਤੇ ਹਵਾਈ ਅੱਡਿਆਂ 'ਤੇ ਵੀ ਕੀਤੀ ਜਾਂਦੀ ਹੈ। ਇਸਦੇ ਇਲਾਵਾ ਕਈ ਸਮ ਾਰਟਫੋਨਾਂ, ਐਪਲੀਕੇਸ਼ਨਾਂ ਵਿੱਚ ਵੀ ਇਹ ਸਹੂਲਤ ਮਿਲਦੀ ਹੈ।

# 2021 ਦੇ ਅੰਤ ਤੱਕ ਨਿਊਜ਼ੀਲੈਂਡ ਇਮੀਗ੍ਰੇਸ਼ਨ ਵੱਲੋਂ ਆਨਲਾਈਨ ਸਿਸਟਮ 'ਚ ਵੱਡਾ ਬਦਲਾਅ

**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)–** ਨਿਊਜ਼ੀਲੈਂਡ ਇਮੀਗ੍ਰੇਸ਼ਨ ਜਿੱਥੇ ਇਸ ਸਾਲ ਪਹਿਲੀ ਦਸੰਬਰ ਤੋਂ ਇਕ ਲੱਖ 65 ਹਜ਼ਾਰ ਅਸਥਾਈ ਵਰਕ ਵੀਜ਼ੇ ਵਾਲੇ ਲੋਕਾਂ ਨੂੰ ਪੱਕਿਆਂ ਕਰਨ ਦੇ ਲਈ ਪਹਿਲੇ ਗੇੜ ਦੀਆਂ ਅਰਜ਼ੀਆਂ ਖੋਲ੍ਹ ਰਹੀ ਹੈ ਉਥੇ ਇਨ੍ਹਾਂ ਅਰਜ਼ੀਆਂ ਨੂੰ ਤਰਤੀਬਵਾਰ ਅਪਲਾਈ ਕਰਾਉਣ ਤੋਂ ਲੈ ਕੇ ਫੈਸਲਾ ਲੈਣ ਤੱਕ ਵਰਤੇ ਜਾ ਰਹੇ ਮੌਜੂਦਾ ਕੰਪਿਊਟਰ ਸਿਸਟਮ ਨੂੰ ਵੀ ਵੱਡੇ ਪੱਧਰ ਉਤੇ ਸੁਧਾਰ ਰਹੀ ਹੈ ਤਾਂ ਕਿ ਅਰਜ਼ੀਆਂ ਲਗਾਉਣ ਦਾ ਕੰਮ ਸੌਖਾ ਹੋ ਸਕੇ। ਹਜ਼ਾਰਾਂ ਦੀ ਗਿਣਤੀ ਵਿਚ ਦਾਖਲ ਹੋਣ ਵਾਲੀਆਂ ਅਰਜ਼ੀਆਂ ਖੰਗਾਲਣ ਦੇ ਲਈ ਇਮੀਗ੍ਰੇਸ਼ਨ ਨੇ ਇਕ ਤਰ੍ਹਾਂ ਆਪਣੇ ਸਿਸਟਮ ਦਾ ਨਵਾਂ ਇੰਜਣ ਬੰਨਣਾ ਸ਼ੁਰੂ ਕਰ ਦਿੱਤਾ ਹੈ ਅਤੇ ਇਸ ਨੂੰ ਇਸੇ ਸਾਲ ਦੇ ਅੰਤ ਤੱਕ ਗੇੜਾ ਦੇ ਦਿੱਤਾ ਜਾਣਾ ਹੈ, ਜੋ ਪੜਾਅਵਾਰ ਚੱਲੇਗਾ। ਆਟੋ ਪਾਇਲਟ ਵਾਂਗ ਇਸ ਨਵੇਂ ਸਿਸਟਮ ਨੇ ਕੰਮ ਕਰਨਾ ਹੈ ਅਤੇ ਸੁਪਰ ਮਾਰਕੀਟ ਦੇ ਸੈਲਫ ਚੈਕਆਊਟ ਕਾਊਂਟਰ ਵਾਂਗ ਕਾਫੀ ਕੰਮ ਅਰਜ਼ੀਦਾਤਾ ਜਾਂ ਇਮੀਗ੍ਰੇਸ਼ਨ ਸਲਾਹਕਾਰਾਂ ਕੋਲੋਂ ਹੀ ਕਰਵਾ ਲੈਣਾ ਹੈ। ਇਮੀਗ੍ਰੇਸ਼ਨ ਆਪਣੀ ਕੰਪਿਊਟਰ ਪ੍ਰਣਾਲੀ ਨੂੰ ਵੱਡੇ ਪੱਧਰ ਉਤੇ ਸੁਧਾਰ ਰਹੀ ਹੈ ਤਾਂ ਕਿ ਸਮੇਂ ਦੀ ਲੋੜ ਮੁਤਾਬਿਕ ਪੜਾਅਵਾਰ ਸਾਰੇ ਵੀਜ਼ੇ ਕਾਗਜ਼ ਰਹਿਤ ਕੀਤੇ ਜਾ ਸਕਣ। ਅਗਲੇ ਸਾਲ ਦੇ ਅੰਤ ਤੱਕ ਲਗਪਗ ਹਰ ਵੀਜ਼ਾ ਆਨ ਲਾਈਨ ਹੋ ਕੇ ਰਹਿ ਜਾਣਾ ਹੈ।

ਆਨ ਲਾਈਨ ਅਰਜ਼ੀ ਭਰਨ ਵੇਲੇ ਹੀ ਸਾਰੇ ਕਾਗਜ਼ਾਤ ਭਰਵਾ ਲਿਆ ਕਰਨਗੇ, ਜਿਸ ਬਾਰੇ ਪਹਿਲਾਂ ਦੱਸਿਆ ਜਾਵੇਗਾ। ਮੈਡੀਕਲ ਸਰਟੀਫਿਕਟੇ ਲੋੜ ਪੈਣ ਉਤੇ ਮੰਗ ਲਿਆ ਜਾਵੇਗਾ। ਸਪਾਂਸਰ ਅਤੇ ਸੁਪੋਰਟਿੰਗ ਪਾਰਟਨਰ ਵੀ ਹੁਣ ਆਨ ਲਾਈਨ ਬਿਆਨ ਦੇ ਸਕਣਗੇ। ਕੰਪਿਊਟਰ ਯਕੀਨੀ ਬਣਾਏਗਾ ਕਿ ਤੁਸੀਂ ਠੀਕ ਜਾਣਕਾਰੀ ਭਰ ਰਹੇ ਹੋ, ਗਲੋਬਲ ਐਡਰੈਸ ਫਾਈਂਡਰ ਹੋਏਗਾ, ਫੋਟੋ ਦੀ ਉਚਤਿਮਾ (ਕੁਆਲਿਟੀ) ਵੀ ਆਨ ਲਾਈਨ ਜਾਂਚੀ ਜਾਏਗੀ ਅਤੇ ਭਵਿੱਖ ਦੇ ਵਿਚ ਪਾਸਪੋਰਟ ਈ-ਚਿੱਪ ਜਾਂਚ ਵੀ ਮੋਬਾਇਲ ਐਪ ਦੇ ਰਾਹੀਂ ਹੋਇਆ ਕਰੇਗੀ। ਵੀਜ਼ੇ ਦਾ ਫੈਸਲਾ ਆਉਣ ਤੱਕ ਮੁੜ-ਮੁੜ ਹੋਰ ਗੱਲਾਂ-ਬਾਤਾਂ ਘੱਟ ਪੁੱ-ਛੀਆਂ ਜਾਣਗੀਆਂ ਜਿਸ ਕਰਕੇ ਫੈਸਲਾ ਛੇਤੀ ਆਵੇਗਾ। ਅਰਜ਼ੀ ਦਾ ਮੌਜੂਦਾ ਸਟੇਟਸ ਕੀ ਹੈ? ਸ਼ੁਰੂ ਦੇ ਵਿਚ ਹੀ ਡੈਸ਼ਬੋਰਡ ਉਤੋਂ ਪਤਾ ਲੱਗ ਜਾਇਆ ਕਰੇਗਾ ਅਤੇ ਉਹ ਵੀ ਰੀਅਲ ਟਾਈਮ। ਜੇਕਰ ਅੱਗੇ ਕੋਈ ਕਾਰਵਾਈ ਦੀ ਲੋੜ ਹੋਵੇਗੀ ਤਾਂ ਅਰਜ਼ੀਦਾਤਾ ਨੂੰ ਈਮੇਲ ਆਵੇਗੀ। ਮੁੜ ਵਿਚਾਰ ਵਾਸਤੇ ਜਾਂ ਵੀਜ਼ਾ ਸ਼੍ਰੇਣੀ ਬਦਲਾਅ (ਵੇਰੀਅੰਸ) ਦੇ ਲਈ ਆਨ ਲਾਈਨ ਬੇਨਤੀ ਕੀਤੀ ਜਾ ਸਕੇਗੀ।

ਇਮੀਗ੍ਰੇਸ਼ਨ ਦਾ ਸਟਾਫ ਕਿਸੇ ਵੀ ਥਾਂ ਤੋਂ ਇਨ੍ਹਾਂ ਅਰਜ਼ੀਆਂ ਉਤੇ ਕੰਮ ਕਰ ਸਕੇਗਾ। ਇਕ ਅਰਜ਼ੀ ਉਤੇ ਇਕੋ ਸਮੇਂ ਇਕ ਤੋਂ ਵੱਧ ਅਫਸਰ ਕੰਮ ਕਰ ਸਕਣਗੇ ਜਿਸ ਦਾ ਫਾਇਦਾ ਹੋਏਗਾ ਕਿ ਉਸੇ ਵੇਲੇ ਦੂਜੇ ਦੀ ਸ਼ਿਫਾਰਸ਼ ਲੈ ਕੇ ਅਰਜ਼ੀ ਦਾ ਨਿਬੇੜਾ ਹੋ ਸਕੇਗਾ। ਬਦਲੇ ਹੋਏ ਸਿਸਟਮ ਦੇ ਵਿਚ ਇਸ ਸਾਲ ਦੇ ਅੰਤ ਤੱਕ ਵਿਜ਼ਟਰ ਵੀਜ਼ਾ (ਕ੍ਰਿਟੀਕਲ ਪਰਪਜ਼ ਨੂੰ ਛੱਡ ਕੇ) ਸ਼ੁਰੂ ਹੋ ਜਾਵੇਗਾ। ਅਗਲੇ ਸਾਲ ਅੱਧ ਤੱਕ ਵਿਦਿਆਰਥੀ ਵੀਜ਼ਾ, ਫਿਰ ਇੰਪਲਾਇਰ ਐਕਰੀਡੇਸ਼ਨ ਅਤੇ ਫਿਰ ਬਾਕੀ ਦੇ ਕਰ ਦਿੱਤੇ ਜਾਣਗੇ।

ਜਿੰਨਾ ਚਿਰ ਸਾਰਾ ਸਿਸਟਮ ਨਹੀਂ ਬਦਲ ਜਾਂਦਾ ਓਨੀ ਦੇਰ ਤਿੰਨ ਸਿਸਟਮ ਚਲਦੇ ਰਹਿਣਗੇ 1। ਮੌਜੂਦਾ ਇਮੀਗ੍ਰੇਸ਼ਨ ਆਨ ਲਾਈਨ ਸਿਸਟਮ 2। ਏਨਹਾਨਸਮੈਂਟ ਇਮੀਗ੍ਰੇਸ਼ਨ ਆਨ ਲਾਈਨ (ਜੋ ਹੋ ਰਿਹਾ ਹੈ) ਅਤੇ 3। ਪੇਪਰ ਐਪਲੀਕੇਸ਼ਨ ਚੈਨਲ।

**ਇਮੀਗ੍ਰੇਸ਼ਨ ਸਲਾਹਕਾਰ ਅਤੇ ਏਜੰਟ:**

ਇਮੀਗ੍ਰੇਸ਼ਨ ਸਲਾਹਕਾਰਾਂ ਦੀ ਸੌਖ ਅਤੇ ਗਤੀ ਵਧਾਉਣ ਦੇ ਲਈ ਵੀ ਇਹ ਬਦਲਾਅ ਬਹੁਤ ਕਾਰਗਰ ਸਿੱਧ ਹੋਣਗੇ। ਉਹ ਨਵੀਂ ਪ੍ਰਣਾਲੀ ਦੇ ਵਿਚ ਵੀ ਆਪਣੇ ਗਾਹਕਾਂ ਲਈ ਤੇਜ਼ੀ ਨਾਲ ਕੰਮ ਕਰ ਸਕਣਗੇ ਅਤੇ ਉਹ ਆਪਣੇ ਸਟਾਫ ਦੇ ਵਿਚ 'ਨੈਟਵਰਕ' ਬਣਾ ਸਕਣਗੇ ਅਤੇ ਜਿਸ ਨਾਲ ਬਾਕੀ ਸਟਾਫ ਵੀ ਅਰਜ਼ੀਆਂ ਉਤੇ ਸਹਿਯੋਗ ਕਰ ਸਕਦੇ ਹਨ। ਅਰਜ਼ੀਦਾਤਾ ਆਪਣੇ ਭਰੋਸੇਮੰਦ ਤੀਜੇ ਬੰਦੇ ਦੇ ਨਾਲ ਵੀ ਆਪਣੀ ਅਰਜ਼ੀ ਬਾਰੇ ਸਾਂਝ ਰੱਖ ਸਕਦਾ ਹੈ।

# ਪੁੰਛ ਸੈਕਟਰ ਜੰਮੂ ਕਸ਼ਮੀਰ ਵਿੱਚ ਅੱਤਵਾਦੀਆਂ ਨਾਲ ਲੋਹਾ ਲੈਂਦੇ ਸ਼ਹੀਦ ਹੋਏ ਨਾਇਬ ਸੂਬੇਦਾਰ ਜਸਵਿੰਦਰ ਸਿੰਘ ਦਾ ਪਿੰਡ ਮਾਨਾਂ ਤਲਵੰਡੀ ਵਿਖੇ ਸਰਕਾਰੀ ਸਨਮਾਨਾਂ ਨਾਲ ਸੰਸਕਾਰ

**ਭੁਲੱਥ, (ਗੋਗਨਾ)—** ਬੀਤੇਂ ਦਿਨੀ ਪੁੰਛ ਸੈਕਟਰ ਦੇ ਜੰਮੂ ਕਸ਼ਮੀਰ ਵਿੱਚ ਅੱਤਵਾਦੀਆਂ ਦੇ ਨਾਲ ਲੋਹਾ ਲੈਂਦੇ ਹੋਏ ਪੰਜ ਜਵਾਨ ਸ਼ਹੀਦ ਹੋ ਗਏ ਸਨ। ਜਿੰਨਾਂ ਵਿੱਚ ਇਕ ਕੇਰਲਾ ਦਾ ਵਿਸਾਖ। ਐਚ ਸਮੇਤ 4 ਨੋਜਵਾਨ ਪੰਜਾਬ ਨਾਲ ਸਬੰਧਤ ਸਨ







ਜਿੰਨਾਂ ਚ' ਸਿਪਾਹੀ ਗੱਜਣ ਸਿੰਘ, ਸਿਪਾਹੀ ਸਰਾਜ ਸਿੰਘ,ਨਾਇਕ ਮਨਦੀਪ ਸਿੰਘ ਅਤੇ ਜਿਲ੍ਹਾ ਕਪੂਰਥਲਾ ਦੇ ਕਸਬਾ ਭੁਲੱਥ ਦੇ ਨਜ਼ਦੀਕੀ ਪਿੰਡ ਮਾਨਾਂ ਤਲਵੰਡੀ ਦਾ ਨਾਇਬ ਸੂਬੇਦਾਰ ਜਸਵਿੰਦਰ ਸਿੰਘ ਸ਼ਾਮਿਲ ਸੀ। ਅੱਜ ਨਾਇਬ ਸੂਬੇਦਾਰ ਜਸਵਿੰਦਰ ਸਿੰਘ ਦੀ ਮ੍ਰਿਤਕ ਦੇਹ ਉਹਨਾਂ ਦੇ ਪਿੰਡ ਮਾਨਾਂ ਤਲਵੰਡੀ ਪੁੱਜਣ ਤੇ ਸ਼ਹੀਦੀ ਪਾਉਣ ਵਾਲੇ ਇਸ ਨੋਜਵਾਨ ਦਾ ਸਰਕਾਰੀ ਸਨਮਾਨਾਂ ਨਾਲ ਅੰਤਿਮ ਸੰਸਕਾਰ ਕੀਤਾ ਗਿਆ। ਅੰਤਿਮ ਸੰਸਕਾਰ ਮੋਕੇ ਭਾਰੀ ਗਿਣਤੀ ਚ' ਇਲਾਕਾ ਨਿਵਾਸੀਆਂ ਤੋ ਇਲਾਵਾ ਜਿਲ੍ਹਾ ਕਪੂਰਥਲਾ ਦਾ ਪੂਰਾ ਪ੍ਰਸ਼ਾਸਨ ਜਿੰਨਾਂ ਚ' ਡਿਪਟੀ ਕਮਿਸ਼ਨਰ ਸ੍ਰੀਮਤੀ ਦੀਪਤੀ ਉੱਪਲ, ਐਸਐਸਪੀ ਕਪੂਰਥਲਾ, ਡੀਐਸਪੀ, ਭੁਲੱਥ ਹਲਕਾ ਵਿਧਾਇਕ ਸ: ਸੁਖਪਾਲ ਸਿੰਘ ਖਹਿਰਾ, ਬੀਬੀ ਜਗੀਰ ਕੋਰ, ਕੈਬਨਿਟ ਮੰਤਰੀ ਰਾਣਾ ਗੁਰਜੀਤ ਸਿੰਘ ਤੋ ਇਲਾਵਾ ਭੁਲੱਥ ਇਲਾਕੇ ਨਾਲ ਸਬੰਧਤ ਬਹੁਤ ਸਾਰੇ ਸਿਆਸੀ ਅਤੇ ਧਾਰਮਿਕ ਆਗੂ ਵੀ ਸ਼ਾਮਿਲ ਹੋਏ। ਬੀਬੀ ਜਗੀਰ ਕੋਰ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਸ਼ਹੀਦ ਜਸਵਿੰਦਰ ਸਿੰਘ ਦੇ ਬੱਚਿਆ ਦੀ ਪੜਾਈ ਦਾ ਖ਼ਰਚਾ ਚੁੱਕੇਗੀ ਭਾਵੇਂ ਉਹ ਕਿਸੇ ਵੀ ਸਕੂਲ ਚ' ਪੜਾਈ ਕਰਨ। ਕੈਬਨਿਟ ਮੰਤਰੀ ਗੁਰਜੀਤ ਸਿੰਘ ਰਾਣਾ ਨੇ ਕਿਹਾ ਕਿ ਸ਼ਹੀਦ ਜਸਵਿੰਦਰ ਸਿੰਘ ਦੇ ਪਰਿਵਾਰ ਨੂੰ 50 ਲੱਖ ਰੁਪਏ ਅਤੇ ਪਰਿਵਾਰ ਦੇ ਇਕ ਮੈਂਬਰ ਨੂੰ ਨੋਕਰੀ ਦਿੱਤੀ ਜਾਵੇਗੀ।

ਹਲਕਾ ਭੁਲੱਥ ਦੇ ਵਿਧਾਇਕ ਸ: ਸੁਖਪਾਲ ਸਿੰਘ ਖਹਿਰਾ ਨੇ ਕੇਂਦਰ ਸਰਕਾਰ ਤੋ ਮੰਗ ਕੀਤੀ ਕਿ ਸ਼ਹੀਦ ਹੋਏ ਹਰੇਕ ਨੋਜਵਾਨ ਦੇ ਪਰਿਵਾਰ ਨੂੰ ਇਕ ਇਕ ਕਰੋੜ ਰੁਪਇਆ ਅਤੇ ਘਰ ਦੇ ਇਕ ਮੈਂਬਰ ਨੂੰ ਸਰਕਾਰੀ ਨੋਕਰੀ ਦਿੱਤੀ ਜਾਵੇ। ਦੱਸਣਯੋਗ ਹੈ ਕਿ ਸ਼ਹੀਦ ਜਸਵਿੰਦਰ ਸਿੰਘ ਦਾ ਪਿਤਾ ਵੀ ਫ਼ੌਜ ਤੋ ਕੈਪਟਨ ਰਿਟਾਇਰ ਹੋਏ ਸਨ ਅਤੇ ਜਿੰਨਾ ਦੀ ਤਕਰੀਬਨ 6 ਕੁ ਮਹੀਨੇ ਪਹਿਲਾ ਦਿਲ ਦਾ ਦੋਰਾ ਪੈਣ ਕਾਰਨ ਦਿਹਾਤ ਹੋ ਗਿਆ ਸੀ।ਇਸ ਪਰਿਵਾਰ ਦਾ ਦੇਸ ਪ੍ਰਤੀ ਪਿਆਰ ਦਾ ਜਜ਼ਬਾ ਰੱਖਣ ਵਾਲੇ ਮਿਲਣਸਾਰ ਇਸ ਪਰਿਵਾਰ ਦਾ ਇਲਾਕੇ ਚ' ਬਹੁਤ ਹੀ ਅਸਰ ਰਸੂਖ਼ ਹੈ।ਅੰਤਿਮ ਸੰਸਕਾਰ ਮੋਕੇ ਪਹੁੰਚੀ ਫ਼ੋਜ ਦੀ ਇਕ ਟੁੱਕੜੀ ਨੇ ਸਰਕਾਰੀ ਸਨਮਾਨਾਂ ਨਾਲ ਸ਼ਹੀਦ ਜਸਵਿੰਦਰ ਸਿੰਘ ਨੂੰ ਆਖਰੀ ਵਿਦਾਈ ਦਿੱਤੀ।ਜਿੰਨਾਂ ਵਿੱਚ ਹਲਕਾ ਭੁਲੱਥ ਤੋ ਸ: ਸੁਖਪਾਲ ਸਿੰਘ ਖਹਿਰਾ, ਦੀਪਤੀ ਉੱਪਲ ਡੀ।ਸੀ ਕਪੂਰਥਲਾ, ਹਰਕੰਵਲਪ੍ਰੀਤ ਸਿੰਘ ਖੱਖ ਐਸਐਸਪੀ ਕਪੂਰਥਲਾ, ਡੀਐਸਪੀ ਭੁਲੱਥ, ਰਾਣਾ ਗੁਰਜੀਤ ਸਿੰਘ ਕੈਬਨਿਟ ਮੰਤਰੀ, ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰਧਾਨ ਬੀਬੀ ਜਗੀਰ ਕੋਰ ਨੇ ਪਰਿਵਾਰ ਨਾਲ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ।ਅਤੇ ਹਮਦਰਦੀ ਜਿਤਾਈ। ਸਹੀਦ ਜਸਵਿੰਦਰ ਸਿੰਘ ਦੀ 10 ਸਾਲਾ ਦੀ ਬਾਲੜੀ ਬੇਟੀ ਨੇ ਸ਼ਹੀਦ ਪਿਤਾ ਨੂੰ ਸਲੂਟ ਮਾਰ ਕੇ ਆਖਰੀ ਵਿਦਾਈ ਦਿੱਤੀ।

# ਦਿੱਲੀ ਵਿਚ ਹਵਾ ਦਾ ਪ੍ਰਦੂਸ਼ਣ, ਸਿਆਸਤ ਅਤੇ ਸੁਝਾਅ



ਡਾ. ਗੁਰਿੰਦਰ ਕੌਰ
001-408-493-9776

ਹਰ ਸਾਲ ਸਰਦੀਆਂ ਦੇ ਸ਼ੁਰੂ ਹੁੰਦੇ ਹੀ ਸਾਡੇ ਦੇਸ ਦੀ ਰਾਜਧਾਨੀ ਹਵਾ ਦੇ ਸਭ ਤੋਂ ਖ਼ਤਰਨਾਕ ਪ੍ਰਦੂਸ਼ਣ ਦੀ ਲਪੇਟ ਵਿਚ ਆ ਜਾਂਦੀ ਹੈ। ਦਿੱਲੀ ਵਿਚ ਹਵਾ ਦੇ ਪ੍ਰਦੂਸ਼ਣ ਦੇ ਵਧਣ ਦੇ ਨਾਲ ਹੀ ਕੇਂਦਰ ਅਤੇ ਦਿੱਲੀ ਸਰਕਾਰਾਂ ਇਸ ਨੂੰ ਘਟਾਉਣ ਦੇ ਸਥਾਈ ਉਪਰਾਲੇ ਕਰਨ ਦੀ ਥਾਂ ਉੱਤੇ ਸਿਆਸਤ ਕਰਦੀਆਂ ਹੋਈਆਂ ਇੱਕ ਦੂਜੇ ਜ਼ਿੰਮੇਵਾਰ ਠਹਿਰਾਉਣ ਲੱਗ ਜਾਂਦੀਆਂ ਹਨ ਅਤੇ ਆਖਿਰ ਵਿਚ ਇਸ ਦਾ ਸਾਰਾ ਦੋਸ਼ ਦਿੱਲੀ ਦੇ ਆਲੇ-ਦੁਆਲੇ ਦੇ ਰਾਜਾਂ ਵਿਚ ਵੱਸੇ ਕਿਸਾਨਾਂ ਸਿਰ ਮੜ੍ਹ ਦਿੰਦੀਆਂ ਹਨ। ਅਕਤੂਬਰ ਦੇ ਮਹੀਨੇ ਦੇ ਸ਼ੁਰੂ ਵਿਚ ਜਦੋਂ ਧਾਨ ਦੀ ਫ਼ਸਲ ਦੀ ਕਟਾਈ ਹੁੰਦੀ ਹੈ ਤਾਂ ਅਗਲੀ ਫ਼ਸਲ ਬੀਜਣ ਲਈ ਬਹੁਤ ਹੀ ਥੋੜ੍ਹਾ ਸਮਾਂ ਬਚਦਾ ਹੈ ਜਿਸ ਕਾਰਨ ਕਿਸਾਨ ਧਾਨ ਦੀ ਫ਼ਸਲ ਦੀ ਰਹਿੰਦ-ਖੂੰਹਦ (ਪਰਾਲੀ) ਨੂੰ ਅੱਗ ਲਗਾ ਕੇ ਖੇਤ ਖਾਲੀ ਕਰਕੇ ਅਗਲੀ ਫ਼ਸਲ ਦੀ ਬਿਜਾਈ ਦੀ ਤਿਆਰੀ ਕਰਨ ਲੱਗ ਜਾਂਦੇ ਹਨ। ਪਰਾਲੀ ਨੂੰ ਅੱਗ ਲਗਾਉਣ ਨਾਲ ਹਵਾ ਵਿਚ ਧੂੰਆਂ ਫੈਲ ਜਾਂਦਾ ਹੈ ਅਤੇ ਹਵਾ ਨੂੰ ਪ੍ਰਦੂਸ਼ਿਤ ਕਰ ਦਿੰਦਾ ਹੈ ਜਿਸ ਨਾਲ ਦਿੱਲੀ ਦੇ ਆਲੇ-ਦੁਆਲੇ ਦੇ ਇਹ ਸਾਰੇ ਰਾਜ ਹਵਾ ਦੇ ਪ੍ਰਦੂਸ਼ਣ ਦੇ ਲਪੇਟ ਵਿਚ ਆ ਜਾਂਦੇ ਹਨ।

2020 ਵਿਚ ਤਾਂ ਕੇਂਦਰ ਸਰਕਾਰ ਨੇ ਹੱਦ ਹੀ ਕਰ ਦਿੱਤੀ। ਪਿਛਲੇ ਸਾਲ ਅਕਤੂਬਰ ਵਿਚ ਜਦੋਂ ਦਿੱਲੀ ਵਿਚ ਹਵਾ ਦੇ ਪ੍ਰਦੂਸ਼ਣ ਦਾ ਸਤਰ ਵਧਣਾ ਸ਼ੁਰੂ ਹੋਇਆ ਤਾਂ ਉਸ ਨਾਲ ਨਜਿੱਠਣ ਲਈ ਇਕ ਆਰਡੀਨੈਂਸ ਜਾਰੀ ਕਰ ਦਿੱਤਾ ਜਿਸ ਨੂੰ ਦਿੱਲੀ ਦੇ ਆਲੇ-ਦੁਆਲੇ ਦੇ ਰਾਜਾਂ (ਪੰਜਾਬ, ਹਰਿਆਣਾ, ਉੱਤਰ ਪ੍ਰਦੇਸ਼, ਅਤੇ ਰਾਜਸਥਾਨ) ਵਿਚ ਫੌਰੀ ਤੌਰ ਉੱਤੇ ਲਾਗੂ ਕਰਨ ਦਾ ਆਦੇਸ਼ ਵੀ ਦੇ ਦਿੱਤਾ ਸੀ। ਇਸ ਆਰਡੀਨੈਂਸ ਦੀ






ਉਲੰਘਣਾ ਕਰਨ ਵਾਲਿਆਂ ਨੂੰ ਪੰਜ ਸਾਲ ਦੀ ਕੈਦ ਜਾਂ ਇਕ ਕਰੋੜ ਰੁਪਏ ਜੁਰਮਾਨਾ ਜਾਂ ਦੋਵੇਂ ਸਜ਼ਾਵਾਂ ਇਕੱਠੀਆਂ ਵੀ ਦਿੱਤੀਆਂ ਜਾ ਸਕਦੀਆਂ ਹਨ। ਕੇਂਦਰ ਸਰਕਾਰ ਨੇ ਇਹ ਆਰਡੀਨੈਂਸ ਸਿਰਫ਼ ਕਿਸਾਨਾਂ ਨੂੰ ਸਬਕ ਦੇਣ ਲਈ ਹੀ ਜਾਰੀ ਕੀਤਾ ਸੀ ਕਿਉਂਕਿ ਕਿਸਾਨ ਖੇਤੀਬਾੜੀ ਸੰਬੰਧੀ ਪਾਸ ਕੀਤੇ ਗਏ ਤਿੰਨ ਕਾਨੂੰਨਾਂ ਨੂੰ ਰੱਦ ਕਰਵਾਉਣ ਲਈ ਰੋਸ ਪ੍ਰਦਰਸ਼ਨ ਕਰ ਰਹੇ ਸਨ। ਉਸ ਤੋਂ ਬਾਅਦ ਕੇਂਦਰ ਅਤੇ ਦਿੱਲੀ ਦੀਆਂ ਸਰਕਾਰਾਂ ਭੁੱਲ ਹੀ ਗਈਆਂ ਕਿ ਦਿੱਲੀ ਹਵਾ ਦੇ ਪ੍ਰਦੂਸ਼ਣ ਨਾਲ ਜੂਝ ਰਹੀ ਹੈ।

2021 ਦੇ ਸਤੰਬਰ ਮਹੀਨੇ ਵਿਚ ਦਿੱਲੀ ਵਿਚ ਹਵਾ ਦੇ ਵਧ ਰਹੇ ਪ੍ਰਦੂਸ਼ਣ ਬਾਰੇ ਆਏ ਦੋ ਖੋਜ ਅਧਿਐਨਾਂ ਨੇ ਚਿੰਤਾਜਨਕ ਸਥਿਤੀ ਦਾ ਖੁਲਾਸਾ ਕੀਤਾ ਹੈ। ਇਨ੍ਹਾਂ ਵਿੱਚੋਂ ਇਕ ਖੋਜ ਅਧਿਐਨ ਅਮਰੀਕਾ ਦੀ ਸ਼ਿਕਾਗੋ ਯੂਨੀਵਰਸਿਟੀ ਦੀ ਸੀ ਜਿਸ ਅਨੁਸਾਰ ਹਵਾ ਦੇ ਪ੍ਰਦੂਸ਼ਣ ਨਾਲ ਦਮਾ, ਐਲਰਜੀ, ਅਤੇ ਸਾਹ-ਨਾਲੀ ਦੀਆਂ ਬਿਮਾਰੀਆਂ ਦੇ ਨਾਲ ਨਾਲ ਵਿਅਕਤੀਆਂ ਦੀ ਔਸਤ ਉਮਰ ਵੀ ਘੱਟ ਜਾਂਦੀ ਹੈ ਅਤੇ ਜਿੰਨਾਂ ਜ਼ਿਆਦਾ ਕਿਸੇ ਥਾਂ ਉੱਤੇ ਹਵਾ ਦਾ ਪ੍ਰਦੂਸ਼ਣ ਹੋਵੇਗਾ ਉਸੇ ਅਨੁਪਾਤ ਵਿਚ ਉੱਥੇ ਰਹਿੰਦੇ ਵਿਅਕਤੀਆਂ ਦੀ ਔਸਤ ਉਮਰ ਘਟੇਗੀ। ਇਸ ਰਿਪੋਰਟ ਅਨੁਸਾਰ ਦਿੱਲੀ ਵਿਚ ਰਹਿੰਦੇ ਵਿਅਕਤੀਆਂ ਦੀ ਉਮਰ 9.5 ਸਾਲ ਤੱਕ ਘਟ ਸਕਦੀ ਹੈ ਕਿਉਂਕਿ ਇੱਥੇ ਹਵਾ ਦੇ ਪ੍ਰਦੂਸ਼ਣ ਦਾ ਸਤਰ ਬਹੁਤ ਜ਼ਿਆਦਾ ਹੈ। ਦੇਸ ਦੇ ਦੱਖਣੀ ਹਿੱਸੇ ਵੱਲ ਜਾਂਦਿਆਂ ਹਵਾ ਦੇ ਪ੍ਰਦੂਸ਼ਣ ਦਾ ਸਤਰ ਵੀ ਘਟਦਾ ਜਾਂਦਾ ਹੈ ਅਤੇ ਉੱਥੇ ਰਹਿਣ ਵਾਲਿਆਂ ਦੀ ਔਸਤ ਉਮਰ ਉੱਤੇ ਵੀ ਘੱਟ ਪ੍ਰਭਾਵ ਪੈਂਦਾ ਰਿਕਾਰਡ ਕੀਤਾ ਗਿਆ ਹੈ। ਦੂਜਾ ਖੋਜ ਅਧਿਐਨ ਭਾਰਤ ਦੇ ਲੰਗ ਕੇਅਰ ਫ਼ਾਊਂਡੇਸ਼ਨ ਦੇ ਡਾ. ਅਰਵਿੰਦ ਕੁਮਾਰ ਅਤੇ ਪੂਨੇ ਦੀ ਪਲਮੋਕੇਅਰ ਰਿਸਰਚ ਐਂਡ ਐਜੂਕੇਸ਼ਨ ਫ਼ਾਊਂਡੇਸ਼ਨ ਦੇ ਡਾ. ਸੰਦੀਪ ਸਾਲਵੀ ਨੇ ਮਿਲ ਕੇ ਕੀਤਾ ਹੈ। ਦੂਜਾ ਖੋਜ ਅਧਿਐਨ ਦਿੱਲੀ, ਮੈਸੂਰ, ਅਤੇ ਕੋਟਾਯਾਮ ਦੇ ਸਕੂਲ ਜਾਣ ਵਾਲੇ ਬੱਚਿਆਂ ਦੀ ਸਿਹਤ ਉੱਤੇ ਹਵਾ ਦੇ ਪ੍ਰਦੂਸ਼ਣ ਦੇ ਅਸਰ ਨਾਲ ਸੰਬੰਧਿਤ ਹੈ। ਇਸ ਅਧਿਐਨ ਅਨੁਸਾਰ ਦਿੱਲੀ ਦੇ ਬੱਚਿਆਂ ਉੱਤੇ ਹਵਾ ਦੇ ਪ੍ਰਦੂਸ਼ਣ ਦਾ ਮੈਸੂਰ, ਅਤੇ ਕੋਟਾਯਾਮ ਦੇ ਬੱਚਿਆਂ ਨਾਲੋਂ ਜ਼ਿਆਦਾ ਅਸਰ ਪੈ ਰਿਹਾ ਹੈ। ਦਿੱਲੀ ਵਿਚ ਸਕੂਲ ਜਾਣ ਵਾਲੇ ਤਿੰਨ ਬੱਚਿਆਂ ਵਿਚੋਂ ਇਕ ਬੱਚਾ ਦਮੇ ਦੀ ਬਿਮਾਰੀ ਤੋਂ ਪੀੜਿਤ ਹੈ, ਜਦੋਂਕਿ ਮੈਸੂਰ, ਅਤੇ ਕੋਟਾਯਾਮ ਵਿਚ 22.6 ਫ਼ੀਸਦ ਬੱਚੇ ਦਮੇ ਦੇ ਰੋਗੀ ਹਨ।

ਇਨ੍ਹਾਂ ਅਧਿਐਨਾਂ ਤੋਂ ਪਤਾ ਲੱਗਦਾ ਹੈ ਕਿ ਦਿੱਲੀ ਵਿਚ ਵਧ ਰਿਹਾ ਹਵਾ ਦਾ ਪ੍ਰਦੂਸ਼ਣ ਕਿਸੇ ਇਕ ਮਹੀਨੇ ਅਤੇ ਰੁੱਤ ਨਾਲ ਸੰਬੰਧਿਤ ਨਹੀਂ ਹੈ। ਇਹ ਦਿੱਲੀ ਵਿਚ ਸਾਰਾ ਸਾਲ ਰਹਿੰਦਾ ਹੈ ਅਤੇ ਦਿੱਲੀ ਲੰਮੇ ਸਮੇਂ ਤੋਂ ਇਸ ਦੀ ਲਪੇਟ ਵਿਚ ਆਈ ਹੋਈ ਹੈ। ਇਸ ਨਾਲ ਦਿੱਲੀ ਦਾ ਹਰ ਵਿਅਕਤੀ, ਬੱਚਿਆਂ ਤੋਂ ਲੈ ਕੇ ਬਜ਼ੁਰਗਾਂ ਤੱਕ, ਪ੍ਰਭਾਵਿਤ ਹੋ ਰਿਹਾ ਹੈ। ਇਹ ਖੋਜ ਅਧਿਐਨ ਤੱਥਾਂ ਉੱਤੇ ਆਧਾਰਿਤ ਹਨ, ਪਰ ਅਫ਼ਸੋਸ ਦੀ ਗੱਲ ਹੈ ਕਿ ਉਦੋਂ ਨਾ ਤਾਂ ਕੇਂਦਰ ਸਰਕਾਰ ਅਤੇ ਨਾ ਹੀ ਦਿੱਲੀ ਸਰਕਾਰ ਨੇ ਇਨ੍ਹਾਂ ਅਧਿਐਨਾਂ ਬਾਰੇ ਚਿੰਤਾ ਪ੍ਰਗਟ ਕੀਤੀ ਅਤੇ ਨਾ ਹੀ ਕੋਈ ਉਪਰਾਲਾ ਸ਼ੁਰੂ ਕੀਤਾ।

ਹਰ ਸਾਲ ਦੀ ਤਰ੍ਹਾਂ ਇਸ ਸਾਲ ਫਿਰ ਅਕਤੂਬਰ ਮਹੀਨੇ ਦੇ ਸ਼ੁਰੂ ਹੁੰਦੇ ਹੀ ਦਿੱਲੀ ਵਿਚ ਹਵਾ ਦੇ ਵਧਦੇ ਪ੍ਰਦੂਸ਼ਣ ਉੱਤੇ ਬਿਆਨਬਾਜ਼ੀ ਹੋਣੀ ਸ਼ੁਰੂ ਹੋ ਗਈ ਹੈ। ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦਾ ਕਹਿਣਾ ਹੈ ਕਿ ਸਤੰਬਰ ਤੱਕ ਦਿੱਲੀ ਦੀ ਹਵਾ ਸਾਫ਼ ਰਹੀ, ਪਰ ਇਹ ਮੱਧ-ਅਕਤੂਬਰ ਤੱਕ ਦਿੱਲੀ ਦੇ ਆਲੇ-ਦੁਆਲੇ ਦੇ ਰਾਜਾਂ ਵਿਚ ਪਰਾਲੀ ਸਾੜਨ ਨਾਲ ਪ੍ਰਦੂਸ਼ਿਤ ਹੋਣੀ ਸ਼ੁਰੂ ਹੋ ਜਾਵੇਗੀ। ਕੇਜਰੀਵਾਲ ਨੇ ਇਹ ਵੀ ਕਿਹਾ ਹੈ ਕਿ ਦਿੱਲੀ ਤੋਂ ਬਿਨਾਂ ਬਾਕੀ ਦੇ ਰਾਜਾਂ ਦੀਆਂ ਸਰਕਾਰਾਂ ਕਿਸਾਨਾਂ ਦੀ ਮੱਦਦ ਨਹੀਂ ਕਰ ਰਹੀਆਂ ਜਿਸ ਕਰਕੇ ਉਹ ਪਰਾਲੀ ਸਾੜ ਰਹੇ ਹਨ ਅਤੇ ਹਵਾ ਪ੍ਰਦੂਸ਼ਿਤ ਹੋ ਰਹੀ ਹੈ। ਦਿੱਲੀ ਸਰਕਾਰ ਨੇ ਤਾਂ ਆਪਣੇ ਖੇਤਰ ਵਿਚਲੇ 39 ਪਿੰਡਾਂ ਦੇ ਕਿਸਾਨਾਂ ਨੂੰ ਉਨ੍ਹਾਂ ਦੇ 1935 ਏਕੜ ਖੇਤੀ ਵਾਲੀ ਜ਼ਮੀਨ ਉੱਤੇ ਪਰਾਲੀ ਤੋਂ ਖਾਦ ਬਣਾਉਣ ਲਈ ਪੂਸਾ ਬਾਇਓ-ਡੀਕੰਮਪੋਜ਼ਰ ਮੁਫ਼ਤ ਵੰਡਿਆ ਹੈ ਜਿਸ ਦੇ ਨਤੀਜੇ ਬਹੁਤ ਚੰਗੇ ਆਏ ਹਨ। ਉਨ੍ਹਾਂ ਨੇ ਕਿਹਾ ਕਿ ਪੂਸਾ ਬਾਇਓ-ਡੀਕਮਪੋਜ਼ਰ ਦੇ ਛਿੜਕਾਅ ਨਾਲ 15-20 ਦਿਨਾਂ ਵਿਚ ਪਰਾਲੀ ਖੇਤ ਵਿਚ ਗਲ ਕੇ ਖਾਦ ਬਣ ਗਈ ਹੈ। ਦਿੱਲੀ ਸਰਕਾਰ ਆਪਣੇ ਖੇਤਰ ਵਿਚਲੇ ਕਿਸਾਨਾਂ ਨੂੰ ਮੁਫ਼ਤ ਬਾਇਓ-ਡੀਕੰਮਪੋਜ਼ਰ ਅਤੇ ਹੋਰ ਲੋੜੀਂਦੀਆਂ ਸਹੂਲਤਾਂ ਮੁਹੱਈਆ ਕਰਵਾ ਸਕਦੀ ਹੈ ਕਿਉਂਕਿ ਉੱਥੋਂ ਦਾ ਖੇਤੀ ਅਧੀਨ ਰਕਬਾ ਤਾਂ ਪੰਜਾਬ ਦੇ ਖੇਤੀ ਅਧੀਨ ਰਕਬੇ (4200000 ਹੈਕਟੇਅਰ) ਤੋਂ ਬਹੁਤ ਜ਼ਿਆਦਾ ਘਟ ਹੈ ਅਤੇ ਉਸ ਕੋਲ ਵਿੱਤੀ ਸਮਰੱਥਾ ਬਾਕੀ ਜ਼ਿਆਦਾ ਰਾਜਾਂ ਨਾਲੋਂ ਕਿਤੇ ਵੱਧ ਹੈ।

ਪਰਾਲੀ ਸਾੜਨ ਨਾਲ ਧੂੰਆਂਖੀ-ਧੁੰਦ ਦੀ ਸਮੱਸਿਆ ਤਾਂ ਉਦੋਂ ਪੈਦਾ ਹੁੰਦੀ ਹੈ ਜਦੋਂ ਹਵਾ ਦੇ ਚੱਲਣ ਦੀ ਗਤੀ ਬਹੁਤ ਘੱਟ ਹੋਵੇ, ਵਾਤਾਵਰਨ ਵਿਚ ਧੂੰਏਂ, ਅਤੇ ਮਿੱਟੀ ਦੇ ਕਣ, ਅਤੇ ਹਵਾ ਵਿਚ ਨਮੀ ਦੀ ਮਾਤਰਾ ਜ਼ਿਆਦਾ ਹੋਏ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੀ 2020 ਦੀ ਇਕ ਖੋਜ ਅਨੁਸਾਰ 2017, 2018, ਅਤੇ 2019 ਵਿਚ ਹਵਾ ਦੇ ਚੱਲਣ ਦੀ ਗਤੀ ਬਹੁਤ ਘੱਟ ਸੀ ਜਿਸ ਨਾਲ ਪੰਜਾਬ ਅਤੇ ਹਰਿਆਣੇ ਵਿਚ ਪਰਾਲੀ ਸਾੜਨ ਨਾਲ ਹੋਇਆ ਪ੍ਰਦੂਸ਼ਣ ਦਿੱਲੀ ਤੱਕ ਪਹੁੰਚ ਨਹੀਂ ਸਕਦਾ ਸੀ। ਉਸ ਪ੍ਰਦੂਸ਼ਣ ਨਾਲ ਦਿੱਲੀ ਨਹੀਂ, ਸਗੋਂ ਇਨ੍ਹਾਂ ਰਾਜਾਂ ਦੀ ਹਵਾ ਹੀ ਪ੍ਰਦੂਸ਼ਿਤ ਹੋਈ ਸੀ।

ਦਿੱਲੀ ਦੇ ਮੁੱਖ ਮੰਤਰੀ ਨੇ ਇਹ ਕਿਹਾ ਕਿ ਸਤੰਬਰ ਤੱਕ ਦਿੱਲੀ ਦੀ ਹਵਾ ਸਾਫ਼ ਸੀ ਅਤੇ ਹੁਣ ਪਰਾਲੀ ਨੂੰ ਅੱਗ ਲਗਾਉਣ ਨਾਲ ਪ੍ਰਦੂਸ਼ਿਤ ਹੋ ਜਾਵੇਗੀ। ਭਾਰਤ ਦੇ ਮੌਸਮ ਵਿਭਾਗ ਦੇ ਅੰਕੜਿਆਂ ਅਨੁਸਾਰ ਦਿੱਲੀ ਵਿਚ ਮੌਨਸੂਨ ਪੌਣਾਂ ਨਾਲ ਪਏ ਮੀਂਹ ਨੇ ਕਈ ਰਿਕਾਰਡ ਤੋੜ ਦਿੱਤੇ ਹਨ। ਇਸ ਸਾਲ ਮੌਨਸੂਨ ਪੌਣਾਂ ਨਾਲ ਦਿੱਲੀ ਵਿਚ 1,169.7 ਮਿਲੀਮੀਟਰ ਮੀਂਹ ਪਿਆ ਜੋ ਆਮ ਨਾਲੋਂ 80 ਫ਼ੀਸਦ ਜ਼ਿਆਦਾ ਹੈ। ਭਾਰੀ ਮੀਂਹ ਪੈਣ ਨਾਲ ਹਵਾ ਵਿਚਲੇ ਪ੍ਰਦੂਸ਼ਿਤ ਕਣ ਧਰਤੀ ਉੱਤੇ ਆਕੇ ਟਿਕ ਜਾਂਦੇ ਹਨ ਜਿਸ ਨਾਲ ਏਅਰ ਕੁਆਲਿਟੀ ਇੰਡੈਕਸ ਚੰਗੀ ਸਥਿਤੀ ਵਿਚ ਪਹੁੰਚ ਜਾਂਦਾ ਹੈ। ਏਅਰ ਕੁਆਲਿਟੀ ਇੰਡੈਕਸ ਦੇ ਮਾਪਦੰਡ ਅਨੁਸਾਰ 0 ਤੋਂ 50 ਤੱਕ ਚੰਗਾ, 51 ਤੋਂ 100 ਤੱਕ ਤਸੱਲੀਬਖਸ਼, 101-200 ਤੱਕ ਵਿਚ ਮੱਧਮ, 201 ਤੋਂ 300 ਤੱਕ ਖ਼ਰਾਬ, 301 ਤੋਂ 400 ਤੱਕ ਬਹੁਤ ਖ਼ਰਾਬ ਅਤੇ 401 ਤੋਂ 500 ਤੱਕ ਨੂੰ ਬਹੁਤ ਜ਼ਿਆਦਾ ਖ਼ਰਾਬ ਮੰਨਿਆ ਜਾਂਦਾ ਹੈ। ਸੈਂਟਰਲ ਪਅਲੂਸ਼ਨ ਕੰਟਰੋਲ ਬੋਰਡ ਦੇ ਅਨੁਸਾਰ 18 ਸਤੰਬਰ ਨੂੰ ਦਿੱਲੀ ਦਾ ਏਅਰ ਕੁਆਲਿਟੀ ਇੰਡੈਕਸ ਭਾਰੀ ਮੀਂਹ ਪੈਣ ਤੋਂ ਬਾਅਦ ਵੀ 69 ਹੀ ਸੀ ਜੋ ਚੰਗਾ ਨਹੀਂ, ਸਿਰਫ਼ ਤਸਲੀਬਖ਼ਸ਼ ਹੀ ਸੀ। ਇਸ ਤੋਂ ਇਲਾਵਾ ਪੀ.ਐੱਮ. 10 ਅਤੇ ਪੀ.ਐੱਮ. 2.5 ਦੀ ਹਵਾ ਵਿਚ ਘਣਤਾ 67 ਅਤੇ 27 ਪ੍ਰਤਿ ਘਣ ਮੀਟਰ ਸੀ ਜਿਨ੍ਹਾਂ ਨੂੰ ਨੈਸ਼ਨਲ ਮਾਪਦੰਡਾਂ ਦੇ ਅਨੁਸਾਰ ਚੰਗਾ ਤਾਂ ਨਹੀਂ ਤਸੱਲੀਬਖ਼ਸ਼ ਮੰਨਿਆ ਜਾਂਦਾ ਹੈ। ਡਬਲਿਓ. ਐੱਚ. ਓ. ਦੇ ਪੁਰਾਣੇ (2005) ਵਾਲੇ ਮਾਪਦੰਡਾਂ ਅਨੁਸਾਰ 18 ਸਤੰਬਰ 2021 ਤੋਂ ਪੀ.ਐੱਮ. 10 ਦੀ ਮਾਤਰਾ 3.3 ਅਤੇ ਪੀ. ਐੱਮ. 2.5 ਦੀ ਮਾਤਰਾ 2.7 ਗੁਣਾ ਵੱਧ ਸੀ ਅਤੇ 2021 ਦੇ ਨਵੇਂ ਮਾਪਦੰਡਾਂ ਅਨੁਸਾਰ ਪੀ.ਐੱਮ. 10 ਦੀ ਮਾਤਰਾ 4.6 ਗੁਣਾ ਅਤੇ ਪੀ.ਐੱਮ. 2.5 ਦੀ ਮਾਤਰਾ 5.4 ਗੁਣਾ ਵੱਧ ਸੀ।

ਸੈਂਟਰਲ ਪਅਲੂਸ਼ਨ ਕੰਟਰੋਲ ਬੋਰਡ ਅਨੁਸਾਰ ਦਿੱਲੀ ਵਿਚ 2021 ਵਿਚ ਜਨਵਰੀ ਤੋਂ ਲੈ ਕੇ ਅਗਸਤ ਦੇ ਆਖੀਰ ਤੱਕ ਅੱਠ ਮਹੀਨਿਆਂ ਵਿਚ ਕਿਸੇ ਇਕ ਦਿਨ ਵੀ ਦਿੱਲੀ ਵਾਸੀਆਂ ਨੂੰ ਚੰਗੀ ਗੁਣਵਤਾ ਵਾਲੀ ਹਵਾ ਨਸੀਬ ਨਹੀਂ ਹੋਈ। ਇਸ ਦੇ ਮੁਕਾਬਲੇ 2020 ਵਿਚ ਦਿੱਲੀ ਵਾਸੀਆਂ ਨੇ 5 ਦਿਨ ਸਾਫ਼ ਹਵਾ ਵਿਚ ਸਾਹ ਲਿਆ ਜਦੋਂਕਿ 2019 ਅਤੇ 2017 ਦੇ ਦੋ ਸਾਲਾਂ ਵਿੱਚ ਇਨ੍ਹਾਂ ਦਿਨਾਂ ਦੀ ਗਿਣਤੀ 4 ਦਿਨ ਭਾਵ 2 ਦਿਨ 2019 ਅਤੇ 2 ਦਿਨ 2017 ਵਿਚ ਸੀ। 2018 ਵਿਚ 365 ਦਿਨ ਹੀ ਦਿੱਲੀ ਦੀ ਹਵਾ ਦੀ ਕੁਆਲਿਟੀ ਮਾੜੀ ਹੀ ਰਹੀ ਹੈ। ਸੋ, ਪਿਛਲੇ ਪੰਜ ਸਾਲਾਂ ਵਿਚ ਸਿਰਫ਼ 9 ਦਿਨ ਹੀ ਦਿੱਲੀ ਏਅਰ ਕੁਆਲਿਟੀ ਇੰਡੈਕਸ ਚੰਗਾ ਰਿਹਾ ਹੈ।

ਹੁਣ ਸਵਾਲ ਪੁੱਛਣਾ ਬਣਦਾ ਹੈ ਕਿ ਜੇਕਰ ਪਰਾਲੀ ਸਾੜਨ ਨਾਲ ਦਿੱਲੀ ਵਿਚ ਅਕਤੂਬਰ ਦੇ ਮਹੀਨੇ ਵਿਚ ਹਵਾ ਦੇ ਪ੍ਰਦੂਸ਼ਣ ਵਿਚ ਵਾਧਾ ਹੋ ਜਾਂਦਾ ਹੈ ਤਾਂ ਬਾਕੀ ਦੇ ਘੱਟੋ-ਘੱਟ 11 ਮਹੀਨੇ ਤਾਂ ਦਿੱਲੀ ਦੀ ਹਵਾ ਸਾਫ਼ ਰਹਿਣੀ ਚਾਹੀਦੀ ਹੈ, ਪਰ ਸੈਂਟਰਲ ਪਅਲੂਸ਼ਨ ਕੰਟਰੋਲ ਬੋਰਡ ਦੇ ਰਿਕਾਰਡ ਤੋਂ ਸਾਬਤ ਹੁੰਦਾ ਹੈ ਕਿ ਪਿਛਲੇ 5 ਸਾਲਾਂ ਵਿਚ ਹਰ ਸਾਲ ਔਸਤਨ 1.8 ਦਿਨ ਹੀ ਦਿੱਲੀ ਵਾਸੀਆਂ ਨੂੰ ਸਾਫ਼ ਹਵਾ ਮਿਲੀ ਹੈ। ਮਨਿਸਟਰੀ ਆਫ਼ ਇੰਨਵਾਰਨਮੈਂਟ, ਫ਼ੌਰੈਸਟ ਅਤੇ ਕਲਾਈਮੇਟ ਚੇਂਜ ਦੀ ਇਕ ਰਿਪੋਰਟ ਅਨੁਸਾਰ ਖੇਤੀਬਾੜੀ ਖੇਤਰ ਤੋਂ 2014 ਵਿਚ ਗਰੀਨਹਾਉਸ ਗੈਸਾਂ ਦੀ ਕੁੱਲ ਨਿਕਾਸੀ ਵਿਚੋਂ ਸਿਰਫ਼ 16 ਫ਼ੀਸਦ ਹੋਈ ਸੀ ਜਿਹੜੀ 2016 ਵਿਚ ਘਟ ਕੇ 14 ਫ਼ੀਸਦ ਹੀ ਰਹਿ ਗਈ ਹੈ। ਉਰਜਾ ਖੇਤਰ, ਜਿਸ ਵਿਚ ਬਿਜਲੀ ਪੈਦਾ ਕਰਨ ਅਤੇ ਆਵਾਜਾਈ ਦੇ ਸਾਧਨ ਸ਼ਾਮਲ ਹਨ, ਤੋਂ 2014 ਵਿਚ 72.2 ਫ਼ੀਸਦ ਅਤੇ 2016 ਵਿਚ 75 ਫ਼ੀਸਦ ਗਰੀਨਹਾਉਸ ਗੈਸਾਂ ਦੀ ਨਿਕਾਸੀ ਹੋਈ ਹੈ। ਇਨ੍ਹਾਂ ਤੱਥਾਂ ਦੇ ਸੰਬੰਧ ਵਿਚ ਦਿੱਲੀ ਵੀ ਕੋਈ ਅੱਪਵਾਦ ਨਹੀਂ ਹੈ। ਦਿੱਲੀ ਦੇ ਹਵਾ ਦੇ ਪ੍ਰਦੂਸ਼ਣ ਲਈ ਖੇਤੀਬਾੜੀ ਖੇਤਰ ਜਾਂ ਦਿੱਲੀ ਦੇ ਆਲੇ-ਦੁਆਲੇ ਦੇ ਰਾਜਾਂ ਦੇ ਕਿਸਾਨ ਨਹੀਂ, ਸਗੋਂ ਮੁੱਖ ਤੌਰ ਉੱਤੇ ਦਿੱਲੀ ਦੇ ਸਥਾਨਕ ਸਰੋਤ ਹੀ ਜ਼ਿੰਮੇਵਾਰ ਹਨ।

ਇਹ ਤੱਥ ਤਾਂ ਕਰੋਨਾ ਮਹਾਮਾਰੀ ਦੇ ਦਿਨਾਂ ਵਿਚ ਲੌਕਡਾਉਨ ਸਮੇਂ ਦੌਰਾਨ ਵੀ ਦਿੱਲੀ ਵਿਚ ਉਜਾਗਰ ਹੋ ਗਏ ਸਨ, ਪਰ ਸਰਦੀ ਦੇ ਆਉਂਦੇ ਹੀ ਸਰਕਾਰਾਂ ਨੇ ਇਸ ਮੁੱਦੇ ਉੱਤੇ ਫਿਰ ਤੋਂ ਸਿਆਸਤ ਕਰਨੀ ਸ਼ੁਰੂ ਕਰ ਦਿੱਤੀ ਹੈ। ਦਿੱਲੀ ਦੇ ਮੁੱਖ ਮੰਤਰੀ ਨੇ ਜਿਹੜਾ ਦਿੱਲੀ ਦੇ ਸਰਦੀਆਂ ਦੇ ਪ੍ਰਦੂਸ਼ਣ ਨਾਲ ਨਜਿੱਠਣ ਦਾ 10 ਨੁਕਾਤੀ ਵਿੰਟਰ ਐਕਸ਼ਨ ਪਲਾਨ ਬਣਾਇਆ ਹੈ ਉਸ ਵਿਚ ਸ਼ਾਮਲ ਨੁਕਤੇ (1) ਪਰਾਲੀ ਤੋਂ ਖਾਦ ਬਣਾਉਣਾ, (2) ਉਸਾਰੀ ਦੇ ਕੰਮਾਂ ਤੋਂ ਪੈਦਾ ਹੋਣ ਵਾਲੇ ਧੂੜ ਅਤੇ ਮਿੱਟੀ ਦੇ ਕਣਾਂ ਨੂੰ ਘਟਾਉਣਾ, (3) ਕੂੜੇ ਦੇ ਢੇਰਾਂ ਨੂੰ ਅੱਗ ਲਗਾਉਣ ਉੱਤੇ ਰੋਕ ਲਗਾਉਣੀ, (4) ਪਟਾਖੇ ਬਣਾਉਣ ਅਤੇ ਚਲਾਉਣ ਉੱਤੇ ਰੋਕ ਲਗਾਉਣਾ, (5) ਮੋਟਰ-ਗੱਡੀਆਂ ਦੇ ਪ੍ਰਦੂਸ਼ਣ ਨੂੰ ਘਟਾਉਣ ਦੇ ਉਪਰਾਲੇ ਕਰਨਾ, (6) ਦਿੱਲੀ ਵਿਚ ਹੋਰ ਸਮੌਗ ਟਾਵਰ ਲਗਾਉਣੇ, (7) ਹਵਾ ਦਾ ਜ਼ਿਆਦਾ ਪ੍ਰਦੂਸ਼ਣ ਪੈਦਾ ਕਰਨ ਵਾਲੀਆਂ ਹਰ ਤਰ੍ਹਾਂ ਦੀਆਂ ਇਕਾਈਆਂ ਦੀ ਨਿਸ਼ਾਨਦੇਹੀ ਕਰਕੇ ਉਨ੍ਹਾਂ ਉੱਤੇ ਨਿਗਰਾਨੀ ਰੱਖਣੀ, (8) ਈਕੋ ਵੇਸਟ ਪਾਰਕ ਬਣਾਉਣਾ, (9) ਗਰੀਨ ਵਾਰ ਰੂਮਜ਼ ਨੂੰ ਮਜ਼ਬੂਤ ਕਰਨਾ, ਅਤੇ (10) ਗਰੀਨ ਐਪ ਹਨ।

ਸਰਦੀਆਂ ਦੇ ਪ੍ਰਦੂਸ਼ਣ ਨਾਲ ਨਜਿੱਠਣ ਲਈ ਇਨ੍ਹਾਂ 10 ਨੁਕਤਿਆਂ ਵਿਚੋਂ ਸਿਰਫ਼ ਇਕ ਨੁਕਤਾ ਖੇਤੀ ਅਤੇ ਦਿੱਲੀ ਦੇ ਨਾਲ ਲੱਗਦੇ ਰਾਜਾਂ ਨਾਲ ਸੰਬੰਧਿਤ ਹੈ। ਇਸ ਗੱਲ ਤੋਂ ਕੋਈ ਵੀ ਇਨਕਾਰੀ ਨਹੀਂ ਹੋ ਸਕਦਾ ਕਿ ਪਰਾਲੀ ਸਾੜਨ ਨਾਲ ਹਵਾ ਪ੍ਰਦੂਸ਼ਿਤ ਹੁੰਦੀ ਹੈ, ਪਰ ਸਾਰਾ ਦਾ ਸਾਰਾ ਦੋਸ਼ ਇਸ ਉੱਤੇ ਮੜ੍ਹ ਦੇਣਾ ਵੀ ਕੋਈ ਸਲਾਹੁਣਯੋਗ ਜਾਂ ਨਿਆਂਪੂਰਵਕ ਗੱਲ ਨਹੀਂ। ਪਿਛਲੇ ਸਾਲ ਕੇਂਦਰ ਸਰਕਾਰ ਨੇ ਆਪ ਮੰਨਿਆ ਹੈ ਕਿ ਪਰਾਲੀ ਸਾੜਨ ਨਾਲ ਦਿੱਲੀ ਦੇ ਹਵਾ ਦੇ ਕੁੱਲ ਪ੍ਰਦੂਸ਼ਣ ਵਿਚ 4-6 ਫ਼ੀਸਦ ਦਾ ਵਾਧਾ ਹੁੰਦਾ ਹੈ ਅਤੇ ਬਾਕੀ 94-96 ਫ਼ੀਸਦ ਵਾਧਾ ਹੋਰ ਸਰੋਤਾਂ ਤੋਂ ਹੁੰਦਾ ਹੈ। ਦਿੱਲੀ ਦੇ ਮੁੱਖ ਮੰਤਰੀ ਦਾ ਇਹ 10 ਨੁਕਤੀ ਪ੍ਰੋਗਰਾਮ ਵੀ ਇਹ ਸਾਫ਼ ਤੌਰ ਉੱਤੇ ਦੱਸਦਾ ਕਿ ਨੌਂ ਨੁਕਤੇ ਦਿੱਲੀ ਸ਼ਹਿਰ ਦੀਆਂ ਸਥਾਨਕ ਗਤੀਵਿਧੀਆਂ ਨਾਲ ਜੁੜੇ ਹਨ। ਇਸ ਲਈ ਦਿੱਲੀ ਸਰਕਾਰ ਨੂੰ ਚਾਹੀਦਾ ਹੈ ਕਿ ਦਿੱਲੀ ਵਿਚ ਵਧਦੇ ਹਵਾ ਦੇ ਪ੍ਰਦੂਸ਼ਣ ਉੱਤੇ ਕਾਬੂ ਪਾਉਣ ਲਈ ਸਥਾਨਕ ਪ੍ਰਦੂਸ਼ਣ ਸਰੋਤਾਂ ਦੀ ਨਿਸ਼ਾਨਦੇਹੀ ਕਰ ਕੇ ਉਪਰਾਲੇ ਕਰੇ, ਨਾ ਕਿ ਸਾਰਾ ਦੋਸ਼ ਗੁਆਂਢੀ ਰਾਜਾਂ ਉੱਤੇ ਮੜ੍ਹ ਕੇ ਆਪਣੀ ਜ਼ਿੰਮੇਵਾਰੀ ਤੋਂ ਪੱਲਾ ਝਾੜਨ ਦੀ ਅਸਫ਼ਲ ਕੋਸ਼ਿਸ਼ ਕਰਨ ਵਿਚ ਸਮਾਂ ਨਸ਼ਟ ਕਰੇ। ਦਿੱਲੀ ਸਰਕਾਰ ਇਸ 10 ਨੁਕਾਤੀ ਵਿੰਟਰ ਪਅਲੂਸ਼ਨ ਕੰਟਰੋਲ ਐਕਸ਼ਨ ਪਲਾਨ ਨੂੰ ਸਿਰਫ਼ ਸਰਦੀਆਂ ਦੀ ਰੁੱਤ ਵਿਚ ਹਵਾ ਦੇ ਪ੍ਰਦੂਸ਼ਣ ਨੂੰ ਘਟਾਉਣ ਲਈ ਹੀ ਨਹੀਂ, ਸਗੋਂ ਦਿੱਲੀ ਵਿਚ ਤੇਜ਼ੀ ਨਾਲ ਵਧ ਰਹੇ ਪ੍ਰਦੂਸ਼ਣ ਨੂੰ ਰੋਕਣ ਲਈ ਨਿਯਮਬੱਧ ਤਰੀਕੇ ਨਾਲ ਪੱਕੇ ਤੌਰ ਉੱਤੇ ਲਾਗੂ ਕਰ ਦੇਵੇ। ਇਸ ਤਰ੍ਹਾਂ ਕਰਨ ਨਾਲ ਦਿੱਲੀ ਵਿਚਲਾ ਹਵਾ ਦਾ ਪ੍ਰਦੂਸ਼ਣ ਘਟਣਾ ਸ਼ੁਰੂ ਹੋ ਜਾਵੇਗਾ।

ਆਈਕਿਊਏਅਰ ਸੰਸਥਾ ਦੇ ਅੰਕੜਿਆਂ ਅਨੁਸਾਰ ਦਿੱਲੀ ਵਿਚ ਹਵਾ ਦੇ ਪ੍ਰਦੂਸ਼ਣ ਦਾ ਅੰਦਾਜ਼ਾ ਇਸ ਤੱਥ ਤੋਂ ਵੀ ਸਾਫ਼ ਲੱਗ ਸਕਦਾ ਹੈ ਕਿ ਦਿੱਲੀ ਵਿਚ 2021 ਵਿਚ 30,000 ਲੋਕਾਂ ਦੀ ਮੌਤ ਹਵਾ ਦੇ ਪ੍ਰਦੂਸ਼ਣ ਕਾਰਨ ਹੋਈ ਅਤੇ 5 ਬਿ-ਲੀਅਨ ਅਮਰੀਕੀ ਡਾਲਰਾਂ ਦਾ ਆਰਥਿਕ ਘਾਟਾ ਪਿਆ ਹੈ। ਹਵਾ ਦੇ ਪ੍ਰਦੂਸ਼ਣ ਨਾਲ ਆਮ ਵਿਅਕਤੀ ਕਈ ਤਰ੍ਹਾਂ ਦੀਆਂ ਬਿਮਾਰੀਆਂ ਦਾ ਸ਼ਿਕਾਰ ਹੋ ਕੇ ਸਮੇਂ ਤੋਂ ਪਹਿਲਾ ਮਰ ਰਿਹਾ ਹੈ। ਬੱਚੇ ਜਿਨ੍ਹਾਂ ਨੂੰ ਅਸੀਂ ਦੇਸ ਦਾ ਭਵਿੱਖ ਕਹਿੰਦੇ ਹਾਂ ਜਦੋਂ ਹਵਾ ਦੇ ਪ੍ਰਦੂਸ਼ਣ ਨਾਲ ਉਨ੍ਹਾਂ ਦਾ ਤਾਂ ਆਪਣਾ ਭਵਿੱਖ ਹੀ ਧੁੰਧਲਾ ਹੋ ਰਿਹਾ ਹੈ, ਤਾਂ ਉਹ ਦੇਸ ਦੇ ਭਵਿੱਖ ਲਈ ਕੀ ਕਰਨਗੇ। ਇਸ ਲਈ ਕੇਂਦਰ ਸਰਕਾਰ ਨੂੰ ਚਾਹੀਦਾ ਹੈ ਕਿ ਦੇਸ ਦੇ ਵਰਤਮਾਨ ਅਤੇ ਭਵਿੱਖ ਨੂੰ ਬਚਾਉਣ ਲਈ ਦਿੱਲੀ ਦੇ 10 ਨੁਕਾਤੀ ਵਿੰਟਰ ਐਕਸ਼ਨ ਪਲਾਨ ਨੂੰ ਪੱਕੇ ਤੌਰ ਉੱਤੇ ਇਕੱਲੇ ਦਿੱਲੀ ਵਿਚ ਹੀ ਨਹੀਂ, ਬਲਕਿ ਸਾਰੇ ਦੇਸ ਵਿਚ ਲਾਗੂ ਕਰ ਦੇਵੇ। ਇਸ ਦੇ ਨਾਲ ਨਾਲ ਦਿੱਲੀ ਸਰਕਾਰ ਦਾ ਫ਼ਰਜ਼ ਬਣਦਾ ਹੈ ਕਿ ਆਵਾਜਾਈ ਦੇ ਜਨਤਕ ਸਾਧਨ ਜਨਸੰਖਿਆ ਦੇ ਅਨੁਪਾਤ ਵਿਚ ਵਧਾਵੇ ਅਤੇ ਇਨ੍ਹਾਂ ਨੂੰ ਇੰਨੇ ਚੁਸਤ-ਦਰੁਸਤ ਕਰ ਦੇਵੇ ਤਾਂਕਿ ਲੋਕ ਨਿੱਜੀ ਸਾਧਨਾਂ ਦੀ ਥਾਂ ਉੱਤੇ ਜਨਤਕ ਸਾਧਨਾਂ ਨੂੰ ਤਰਜੀਹ ਦੇਣ ਲੱਗ ਜਾਣ। ਤੇਲ ਅਤੇ ਕੋਲੇ ਨਾਲ ਚੱਲਣ ਵਾਲੀਆਂ ਸਾਰੇ ਤਰ੍ਹਾਂ ਦੀਆਂ ਉਦਯੋਗਿਕ ਇਕਾਈਆਂ, ਆਵਾਜਾਈ ਦੇ ਸਾਧਨਾਂ, ਬਿਜਲੀ ਪੈਦਾ ਕਰਨ ਵਾਲੇ ਪਲਾਂਟਾਂ ਵਿਚ ਨਵਿਆਉਣ-ਯੋਗ ਸਾਧਨਾਂ ਤੋਂ ਉਰਜਾ ਪੈਦਾ ਕਰਨ।

ਦਿੱਲੀ ਸਰਕਾਰ ਦਿੱਲੀ ਵਿਚ ਪੁਰਾਣੇ ਦਰਖ਼ਤ ਪੁਟਣ ਉੱਤੇ ਪੂਰਨ ਤੌਰ ਰੋਕ ਲਗਾਵੇ ਅਤੇ ਸਜਾਵਟੀ ਦਰਖ਼ਤ ਲਗਾਉਣ ਦੀ ਥਾਂ ਉੱਤੇ ਸਥਾਨਕ ਦਰਖ਼ਤ ਲਗਾਉਣ ਦੀ ਵਿਉਂਤਬੰਦੀ ਕਰੇ ਅਤੇ ਅਰਾਵਲੀ ਪਹਾੜ ਅਤੇ ਉੱਥੋਂ ਦੇ ਜੰਗਲਾਂ ਦੇ ਉਚਿਤੇ ਤੌਰ ਉੱਤੇ ਸਾਂਭ-ਸੰਭਾਲ ਕਰੇ ਤਾਂਕਿ ਇਕ ਤਾਂ ਰਾਜਸਥਾਨ ਤੋਂ ਆਉਣ ਵਾਲੀਆਂ ਰੇਤ ਨਾਲ ਭਰੀਆਂ ਹਵਾਵਾਂ ਤੋਂ ਦਿੱਲੀ ਦਾ ਬਚਾ ਹੋ ਸਕੇ ਦੂਜਾ ਉਹ ਦਿੱਲੀ ਵਿਚ ਵਧਦੀਆਂ ਗਰੀਨਹਾਉਸ ਗੈਸਾਂ ਸੋਖ ਕੇ ਇੱਥੋਂ ਦਾ ਪ੍ਰਦੂਸ਼ਣ ਘਟਾਉਣ ਵਿਚ ਸਹਾਈ ਹੋਣਗੇ।

ਜੇਕਰ ਦਿੱਲੀ ਸਰਕਾਰ ਗਵਾਂਢੀ ਰਾਜਾਂ ਦੇ ਕਿਸਾਨਾਂ ਉੱਤੇ ਇਲਜ਼ਾਮ ਲਗਾਉਣ ਦੀ ਪ੍ਰਵਿਰਤੀ ਤੋਂ ਆਪਣੇ ਆਪ ਨੂੰ ਸੁਰਖ਼ੁਰੂ ਕਰਦੇ ਹੋਏ ਉਪਰੋਕਤ ਸੁਝਾਵਾ ਅਤੇ ਕੁਝ ਹੋਰ ਉਪਾਵਾਂ ਉੱਪਰ ਅਮਲ ਕਰੇ ਤਾਂ ਸਹਿਜੇ ਹੀ ਦਿੱਲੀ ਵਿਚ ਹਵਾ ਦੇ ਪ੍ਰਦੂਸ਼ਣ ਉੱਪਰ ਕਾਬੂ ਪਾਇਆ ਜਾ ਸਕਦਾ ਹੈ।

# ਭਾਰਤ ਵਿਚ ਭੁੱਖਮਰੀ ਉੱਪਰ ਕਾਬੂ ਪਾਉਣਾ ਬਹੁਤ ਜ਼ਰੂਰੀ

14 ਅਕਤੂਬਰ 2021 ਨੂੰ ਦੋ ਸੰਸਥਾਵਾਂ 'ਕਨਸਰਨ ਵਰਲਡਵਾਈਡ' ਅਤੇ 'ਵੈਲਟ ਹੰਗਰ ਹਿਲਪੇ' (ਸੰਸਾਰ ਵਿਚ ਫੈਲੀ ਭੁੱਖਮਰੀ ਦੀ ਸਮੱਸਿਆ ਬਾਰੇ ਖੋਜ ਕਰਨ ਵਾਲੀ ਇਕ ਜਰਮਨ ਸੰਸਥਾ) ਨੇ ਸਾਂਝੇ ਤੌਰ ਉੱਤੇ ਦੁਨੀਆ ਵਿਚ ਭੁੱਖਮਰੀ ਦੀ ਦਰਜਾਬੰਦੀ (ਗਲੋਬਲ ਹੰਗਰ ਇੰਡੈਕਸ-ਜੀ.ਐਚ.ਆਈ.) ਜਾਰੀ ਕਰ ਦਿੱਤੀ ਹੈ। ਇਨ੍ਹਾਂ ਸੰਸਥਾਵਾਂ ਵੱਲੋਂ ਦੁਨੀਆ ਵਿਚ ਭੁੱਖਮਰੀ ਦੀ ਦਰਜਾਬੰਦੀ ਵਿਚ 116 ਮੁਲਕਾਂ ਨੂੰ ਸ਼ਾਮਲ ਕੀਤਾ ਗਿਆ ਹੈ। ਇਸ ਦਰਜਾਬੰਦੀ ਵਿਚ ਭਾਰਤ ਦਾ 101ਵਾਂ ਸਥਾਨ ਹੈ। ਇਸ ਦਾ ਭਾਵ ਹੈ ਕਿ 116 ਮੁਲਕਾਂ ਵਿਚੋਂ 100 ਮੁਲਕਾਂ ਵਿਚ ਭਾਰਤ ਦੇ ਮੁਕਾਬਲੇ ਵਿਚ ਘੱਟ ਅਤੇ ਸਿਰਫ਼ 15 ਮੁਲਕਾਂ ਵਿਚ ਵੱਧ ਭੁੱਖਮਰੀ ਹੈ। ਇਸ 2021 ਦੀ ਦਰਜਾਬੰਦੀ ਵਿਚ ਭਾਰਤ ਦਾ ਸਥਾਨ 2020 ਦੀ ਦਰਜਾਬੰਦੀ ਨਾਲੋਂ ਵੀ ਮਾੜਾ ਹੈ ਕਿਉਂਕਿ ਉਸ ਸਮੇਂ 107 ਮੁਲਕਾਂ ਵਿਚੋਂ ਭਾਰਤ ਦਾ ਸਥਾਨ 94ਵਾਂ ਸੀ। ਬਹੁਤ ਹੀ ਜ਼ਿਆਦਾ ਅਫ਼ਸੋਸ ਦੀ ਗੱਲ ਹੈ ਕਿ ਸਾਡੇ ਗੁਆਂਢੀ ਅਤੇ ਸਾਡੇ ਨਾਲੋਂ ਕਿਤੇ ਛੋਟੇ ਮੁਲਕਾਂ ਦਾ ਇਸ ਦਰਜਾਬੰਦੀ ਵਿਚ ਸਥਾਨ ਸਾਡੇ ਮੁਕਾਬਲੇ ਵਿਚ ਘੱਟ ਮਾੜਾ ਹੈ। ਉਦਾਹਰਣ ਲਈ ਇਸ ਦਰਜਾਬੰਦੀ ਵਿਚ ਮਿਆਂਮਾਰ ਦਾ 71ਵਾਂ, ਨੇਪਾਲ ਦਾ 76ਵਾਂ, ਬੰਗਲਾਦੇਸ਼ ਦਾ ਵੀ 76ਵਾਂ ਅਤੇ ਪਾਕਿਸਤਾਨ ਦਾ 92ਵਾਂ ਸਥਾਨ ਹੈ।

'ਗਲੋਬਲ ਹੰਗਰ ਇੰਡੈਕਸ' ਦੁਨੀਆ ਵਿਚ ਭੁੱਖਮਰੀ ਖ਼ਿਲਾਫ ਜਾਗਰੂਕਤਾ ਅਤੇ ਸਮਝ ਨੂੰ ਵਧਾਉਣ ਲਈ ਬਣਾਇਆ ਜਾਦਾ ਹੈ। ਭੁੱਖਮਰੀ ਦੀ ਬਹੁ-ਦਿਸ਼ਾਵੀ ਪ੍ਰਕਿਰਤੀ ਨੂੰ ਸਮਝਣ ਲਈ ਇਸ ਦੀ ਦਰਜਾਬੰਦੀ 4 ਸੂਚਕਾਂ ਦੇ ਆਧਾਰ ਉੱਪਰ ਤਿਆਰ ਕੀਤੀ ਜਾਂਦੀ ਹੈ। ਪਹਿਲਾ ਸੂਚਕ ਉਨ੍ਹਾਂ ਲੋਕਾਂ ਨਾ਼ਲ ਸਬੰਧਿਤ ਹੈ ਜਿਨ੍ਹਾਂ ਨੂੰ ਅਪੂਰਨ ਖੁਰਾਕ ਮਿਲਦੀ ਹੈ। ਅਪੂਰਨ ਖੁਰਾਕ ਤੋਂ ਭਾਵ ਹੈ ਕਿ ਖੁਰਾਕ ਵਿਚੋਂ ਲੋੜ ਤੋਂ ਘੱਟ ਕੈਲਰੀਆਂ ਮਿਲਦੀਆਂ ਹੋਣ। ਦੂਜੇ ਸੂਚਕ ਦਾ ਸਬੰਧ 5 ਸਾਲ ਤੋਂ ਘੱਟ ਉਮਰ ਦੇ ਉਨ੍ਹਾਂ ਬੱਚਿਆਂ ਨਾ਼ਲ ਹੈ ਜਿਨ੍ਹਾਂ ਦੀ ਲੰਬਾਈ ਅਨੁਸਾਰ ਉਨ੍ਹਾਂ ਦਾ ਵਜ਼ਨ ਘੱਟ ਹੋਵੇ। ਤੀਜਾ ਸੂਚਕ 5 ਸਾਲ ਤੋਂ ਘੱਟ ਉਮਰ ਦੇ ਉਨ੍ਹਾਂ ਬੱਚਿਆਂ ਸਬੰਧੀ ਹੈ ਜਿਨ੍ਹਾਂ ਦੀ ਉਮਰ ਅਨੁਸਾਰ ਉਨ੍ਹਾਂ ਦੀ ਲੰਬਾਈ ਘੱਟ ਹੋਵੇ। ਚੌਥਾ ਅਤੇ ਆਖ਼ਰੀ ਸੂਚਕ 5 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੀ ਮੌਤ ਨਾ਼ਲ ਸਬੰਧਿਤ ਹੈ।

ਭਾਰਤ ਦੇ ਹੁਕਮਰਾਨ ਨੇੜਲੇ ਭਵਿੱਖ ਵਿਚ ਮੁਲਕ ਨੂੰ ਕੌਮਾਂਤਰੀ ਮਹਾਸ਼ਕਤੀ ਵਜੋਂ ਦੇਖਦੇ ਅਤੇ ਪ੍ਰਚਾਰਦੇ ਹੋਏ ਕਦੇ ਵੀ ਥੱਕਦੇ ਨਹੀਂ ਹਨ। ਜਦੋਂ ਮੁਲਕ ਦੀ ਆਰਥਿਕ ਵਿਕਾਸ ਦਰ ਵਧ ਰਹੀ ਹੁੰਦੀ ਹੈ ਤਾਂ ਸਾਡੇ ਹੁਕਮਰਾਨ ਆਪਣੀ ਪਿੱਠ ਆਪੇ ਥਪਥਪਾਉਣ ਵਿਚ ਕੋਈ ਵੀ ਕਸਰ ਬਾਕੀ ਨਹੀਂ ਛੱਡਦੇ। ਸਾਡੇ ਹੁਕਮਰਾਨ ਮੁਲਕ ਦੀ ਜੀ.ਡੀ.ਪੀ. ਦੇ ਆਕਾਰ ਉੱਤੇ ਮੁਲਕ ਦੀ ਉੱਚੀ ਦਰਜਾਬੰਦੀ ਨੂੰ ਵੀ ਆਪਣੀ ਪ੍ਰਾਪਤੀ ਵਜੋਂ ਪ੍ਰਚਾਰਦੇ ਹੋਏ ਇਹ ਭੁੱਲ ਜਾਂਦੇ ਹਨ ਕਿ ਜਨਸੰਖਿਆ ਦੇ ਪੱਖ ਤੋਂ ਵਰਤਮਾਨ ਸਮੇਂ ਦੌਰਾਨ ਅਸੀਂ ਚੀਨ ਦੇ ਨੇੜੇ ਪਹੁੰਚਣ ਵਾ਼ਲੇ ਹਾਂ ਅਤੇ ਜੇਕਰ ਇਸ ਉੱਪਰ ਕਾਬੂ ਨਾ ਪਾਇਆ ਤਾਂ ਭਾਰਤ ਦੁਨੀਆ ਦਾ ਸਭ ਤੋਂ ਵੱਧ ਜਨਸੰਖਿਆ ਵਾ਼ਲਾ ਮੁਲਕ ਬਣ ਜਾਵੇਗਾ। ਜੇਕਰ ਮੁਲਕ ਦੀ ਜੀ.ਡੀ.ਪੀ. ਦੇ ਆਕਾਰ ਅਤੇ ਇਸ ਦੀ ਜਨਸੰਖਿਆ ਵਿਚਕਾਰ ਸਬੰਧ ਨੂੰ ਦੇਖਦੇ ਹੋਏ ਪ੍ਰਤਿ ਵਿਅਕਤੀ ਆਮਦਨ ਦੇਖੀਏ ਤਾਂ ਸਾਡੇ ਮੁਲਕ ਦਾ ਦਰਜਾ ਬਹੁਤ ਹੀ ਨੀਵਾਂ ਹੈ। ਹਾਲਾਂਕਿ ਪ੍ਰਤਿ ਵਿਅਕਤੀ ਆਮਦਨ ਔਸਤਨ ਆਮਦਨ ਹੁੰਦੀ ਹੈ ਅਤੇ ਬਹੁਤ ਵਾਰ ਔਸਤਾਂ ਜਿੰਨਾਂ ਕੁਝ ਦਿਖਾਉਂਦੀਆਂ ਹਨ ਉਸ ਤੋਂ ਕਿਤੇ ਜ਼ਿਆਦਾ ਲੁਕੋ ਜਾਂਦੀਆਂ ਹਨ। ਜਦੋਂ ਮੁਕਲ ਦੀ ਆਰਥਿਕ ਵਿਕਾਸ ਦਰ ਵਿਚ ਖੜ੍ਹੋਤ ਆ ਜਾਵੇ ਜਾਂ ਇਹ ਥੱਲੇ ਨੂੰ ਆਉਣਾ ਸ਼ੁਰੂ ਕਰ ਦੇਵੇ ਤਾਂ ਸਾਡੇ ਹੁਕਮਰਾਨ ਆਰਥਿਕ ਸੁਧਾਰਾਂ ਦੇ ਨਾਮ ਥੱਲੇ ਲੋਕ-ਵਿਰੋਧੀ ਆਰਥਿਕ ਨੀਤੀਆਂ ਬਣਾਉਣ ਅਤੇ ਉਨ੍ਹਾਂ ਲਾਗੂ ਕਰਨ ਵਿਚ ਬਹੁਤ ਤੇਜ਼ੀ ਕਰਦੇ ਹੋਏ ਭੋਰਾ ਵੀ ਸਮਾਂ ਨਹੀਂ ਲਗਾਉਂਦੇ।

ਸਰਕਾਰ ਅਤੇ ਇਸ ਦੇ ਵੱਖ ਵੱਖ ਅਦਾਰੇ ਅਰਥਵਿਗਿਆਨੀਆਂ ਨਾ਼ਲ ਭਰੇ ਪਏ ਹਨ, ਪਰ ਇਨ੍ਹਾਂ ਅਰਥ ਵਿਗਿਆਨੀਆਂ ਦੇ ਨਾ਼ਲ ਨਾ਼ਲ ਬਾਹਰ ਦੇ ਕਈ ਅਰਥ ਵਿਗਿਆਨੀ ਆਪਣੇ ਕੋਲੋਂ ਅੰਕੜੇ ਬਣਾ ਕੇ ਨਤੀਜਾ-ਪ੍ਰਮੁੱਖ ਅਧਿਐਨਾਂ ਦਾ ਸਹਾਰਾ ਲੈਂਦਿਆਂ ਹੋਇਆਂ ਲੋਕਾਂ ਨੂੰ ਭੰਬਲਭੂਸੇ ਵਿਚ ਪਾਉਣ ਲਈ ਆਪਣੀ ਸਮਰੱਥਾ ਤੋਂ ਵੱਧ ਜ਼ੋਰ ਲਗਾ ਦਿੰਦੇ ਹਨ ਤਾਂ ਜੋ ਲੋਕਾਂ ਨੂੰ ਇਹ ਪਤਾ ਨਾ ਲੱਗ ਸਕੇ ਕਿ ਅਤੇ ਹੁਕਮਰਾਨ ਆਰਥਿਕ ਸੁਧਾਰਾਂ ਦੇ ਨਾਮ ਥੱਲੇ ਲੋਕ-ਵਿਰੋਧੀ ਆਰਥਿਕ ਨੀਤੀਆਂ ਬਣਾ ਅਤੇ ਉਨ੍ਹਾਂ ਨੂੰ ਲਾਗੂ ਕਰ ਰਹੇ ਹਨ। ਇਹ ਲੋਕ ਇਹ ਪ੍ਰਚਾਰ ਵੀ ਕਰਦੇ ਹਨ ਅਜਿਹੀਆਂ ਨੀਤੀਆਂ ਮੁਲਕ ਦੇ ਨਾ਼ਲ ਨਾ਼ਲ ਇਨ੍ਹਾਂ ਨੀਤੀਆਂ ਕਾਰਨ ਹਾਸ਼ੀਆਗ੍ਰਸਤ ਲੋਕਾਂ ਜਿਨ੍ਹਾਂ ਨੂੰ ਵਾਰ ਵਾਰ ਦੁਰਕਾਰਿਆ ਅਤੇ ਉਜਾੜਿਆ ਜਾਂਦਾ ਹੈ ਉਨ੍ਹਾਂ ਦੇ ਹੱਕ ਵਿਚ ਵੀ ਹਨ। ਇਸ ਸਬੰਧ ਵਿੱਚ ਉਹ 'ਰਿਸਾਅ ਦੀ ਨੀਤੀ' ਦਾ ਉਹ ਬਿਰਤਾਂਤ ਘੜਦੇ ਹਨ ਜਿਸ ਅਨੁਸਾਰ ਜਦੋਂ ਇਨ੍ਹਾਂ ਨੀਤੀਆਂ ਨਾਲ ਅੱਤ ਅਮੀਰ ਲੋਕ ਹੋਰ ਅਮੀਰ ਹੁੰਦੇ ਤਾਂ ਉਨ੍ਹਾਂ ਦੀ ਵਧੀ ਹੋਈ ਆਮਦਨ ਦਾ ਇਕ ਹਿੱਸਾ ਹੌ਼ਲੀ ਹੌ਼ਲੀ ਗ਼ਰੀਬ ਲੋਕਾਂ ਦੀਆਂ ਜੇਬਾਂ ਵਿਚ ਚਲਿਆ ਜਾਂਦਾ ਹੈ। ਦੁਨੀਆ ਦੇ ਸਾਰੇ ਮੁਲਕਾਂ, ਖ਼ਾਸ ਕਰਕੇ ਵਿਕਸਤ ਮੁਲਕ, ਵਿਚ ਇਹ ਨੀਤੀ ਬੁਰੀ ਤਰ੍ਹਾਂ ਫੇਲ੍ਹ ਹੋਈ ਹੈ।



ਸਰਕਾਰ ਅਤੇ ਸਰਮਾਏਦਾਰ/ਕਾਰਪੋਰੇਟ ਜਗਤ ਤੋਂ ਨਿੱਕੀਆਂ ਨਿੱਕੀਆਂ ਵਿਅਰਥ ਰਿਆਇਤਾਂ/ਫ਼ਾਇਦੇ ਜਿਵੇਂ ਕਮਿਸ਼ਨ, ਕਮੇਟੀਆਂ ਅਤੇ ਹੋਰ ਉੱਚ-ਪੱਧਰੀ ਅਦਾਰਿਆਂ ਵਿਚ ਉੱਚੀ ਤਨਖਾਹ ਅਤੇ 'ਉੱਚੇ ਰੁਤਬੇ' ਵਾ਼ਲੇ ਅਹੁਦੇ ਮੱਲਣ ਦੀ ਝਾਕ ਵਿਚ ਅਜਿਹੇ ਅਰਥਵਿਗਿਆਨੀ ਆਪਣੇ ਕੋ਼ਲੋਂ ਹੀ ਅੰਕੜੇ ਬਣਾਉਣ ਅਤੇ ਨਤੀਜਾ-ਪ੍ਰਮੁੱਖ ਅਧਿਐਨ ਕਰਨ ਨੂੰ ਆਪਣੀ ਪ੍ਰਾਪਤੀ ਵਜੋਂ ਪ੍ਰਚਾਰਦੇ ਹਨ। ਅਸਲੀਅਤ ਵਿਚ, ਚੁਣੌਤੀ ਲੋਕ-ਪੱਖੀ ਉਦੇਸ਼ਾਂ ਦੀ ਪ੍ਰਾਪਤੀ ਲਈ ਠੀਕ ਤਰ੍ਹਾਂ ਇਕੱਠੇ ਕੀਤੇ ਗਏ ਅੰਕੜਿਆਂ ਦੇ ਢੁਕਵੇਂ ਵਿਸ਼ਲੇਸ਼ਣ ਦੀ ਮਦਦ ਨਾਲ ਸਮਾਜ, ਖ਼ਾਸ ਕਰਕੇ ਕਿਰਤੀ ਵਰਗਾਂ, ਦੀਆਂ ਮੁਸ਼ਕਿਲਾਂ ਦੇ ਹੱਲ ਲੱਭਣ ਦੀ ਹੁੰਦੀ ਹੈ। ਅੰਕੜਿਆਂ ਬਾਰੇ ਨੇਕ ਉਦੇਸ਼, ਠੀਕ ਆਧਾਰ, ਅਤੇ ਢੁਕਵੇਂ ਵਿਸ਼ਲੇਸ਼ਣ ਤੋਂ ਸੱਖਣੀ ਬਿਆਨਬਾਜੀ/ਪ੍ਰਚਾਰ ਅਤੇ ਥੋਥੀਆਂ ਅਤੇ ਕਿਰਤੀ ਵਰਗ-ਵਿਰੋਧੀ ਦਲੀਲਾਂ ਕਿਸੇ ਵੀ ਅਰਥਵਿਵਸਥਾ/ਸਮਾਜ ਦੀਆਂ ਸਮੱਸਿਆਵਾਂ ਨੂੰ ਸੁਲਝਾਉਣ ਦੀ ਬਜਾਇ ਹੋਰ ਉਲਝਾ ਦਿੰਦੀਆਂ ਹਨ। ਲੋਕ-ਪੱਖੀ ਉਦੇਸ਼ਾਂ ਨਾ਼ਲ ਠੀਕ ਆਧਾਰ ਬਣਾ ਕੇ ਸੰਜੀਦਗੀ ਨਾ਼ਲ ਇਕੱਠੇ ਕੀਤੇ ਅੰਕੜਿਆਂ ਦਾ ਢੁਕਵਾਂ ਵਿਸ਼ਲੇਸ਼ਣ ਅਰਥਵਿਵਸਥਾ/ਸਮਾਜ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਵਿਚ ਸਹਾਈ ਹੁੰਦਾ ਹੈ। ਦੂਜੇ ਪਾਸੇ, ਆਪਣੇ ਕੋ਼ਲੋਂ ਅੰਕੜੇ ਬਣਾ ਕੇ ਜਾਂ ਗ਼ਲਤ ਅਤੇ ਅਧੂਰੀ ਜਾਣਕਾਰੀ ਤੋਂ ਤਿਆਰ ਕੀਤੇ ਨਤੀਜਾ-ਪ੍ਰਮੁੱਖ ਅਧਿਐਨ ਠੀਕ ਉਸੇ ਤਰ੍ਹਾਂ ਦਾ ਮਾਰੂ/ਖ਼ਤਰਨਾਕ ਅਸਰ ਕਰਦੇ ਹਨ ਜਿਵੇਂ ਸਰਜਨ ਦੇ ਮੇਜ਼ ਉੱਪਰ ਮਰੀਜ਼ ਦੀਆਂ ਪਈਆਂ ਗ਼ਲਤ ਟੈਸਟ ਰਿਪੋਰਟਾਂ ਕਰਦੀਆਂ ਹਨ। ਇਸ ਸਬੰਧੀ ਵਿਚ ਇਹ ਸਮਝਣਾ ਜ਼ਰੂਰੀ ਹੋ ਜਾਂਦਾ ਹੈ ਕਿ ਜਿਹੜੀਆਂ ਕਦਰਾਂ-ਕੀਮਤਾਂ ਉੱਪਰ ਕਿਸੇ ਮੁਲਕ/ਸਮਾਜ ਦੀ ਨੀਂਹ ਟਿਕੀ ਹੁੰਦੀ ਹੈ ਉਨ੍ਹਾਂ ਤੋਂ ਮਿੱਟੀ-ਘੱਟਾ ਝਾੜਨਾ ਸਮੇਂ ਦੀ ਲੋੜ ਬਣ ਜਾਂਦੀ ਹੈ।

ਭਾਰਤ ਵਿਚ ਭੁੱਖਮਰੀ ਦੇ ਅਨੇਕਾਂ ਕਾਰਨਾਂ ਵਿਚ ਮੁਲਕ ਦੀ ਆਰਥਿਕ ਵਿਕਾਸ ਦਰ ਨੂੰ ਤੇਜ਼ ਕਰਨ ਲਈ 1991 ਤੋਂ ਅਪਣਾਈਆਂ ਗਈਆਂ ਉਦਾਰੀਕਰਨ, ਨਿੱਜੀਕਰਨ, ਅਤੇ ਸੰਸਾਰੀਕਰਨ ਦੀਆਂ 'ਨਵੀਆਂ ਆਰਥਿਕ ਨੀਤੀਆਂ' ਦੇ ਕਾਰਨ ਉਪਜੀਆਂ ਸਮਾਜਿਕ-ਆਰਥਿਕ ਅਸਮਾਨਤਾਵਾਂ, ਬੇਰੁਜ਼ਗਾਰੀ, ਅਤੇ ਘੋਰ ਗ਼ਰੀਬੀ ਪ੍ਰਮੁੱਖ ਹਨ। 'ਨਵੀਆਂ ਆਰਥਿਕ ਨੀਤੀਆਂ' ਦੇ ਅਪਣਾਉਣ ਤੋਂ ਬਾਅਦ ਵਿੱਦਿਆ, ਅਤੇ ਸਿਹਤ-ਸੰਭਾਲ ਦੇ ਖੇਤਰਾਂ ਵਿੱਚ ਮਾਰੀਆਂ ਮੱਲਾਂ ਦੇ ਬਹੁਤ ਸਾਰੇ ਸਰਕਾਰੀ ਅਤੇ ਸਰਮਾਏਦਾਰ/ਕਾਰਪੋਰੇਟ ਜਗਤ ਦੇ ਦਾਅਵੇ ਸਾਹਮਣੇ ਆਉਂਦੇ ਰਹਿੰਦੇ ਹਨ। ਨਿਰਸੰਦੇਹ, ਮੁਲਕ ਵਿਚ ਉੱਚੇ ਮਿਆਰ ਦੇ ਨਿੱਜੀ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਅਤੇ ਹੋਰ ਅਦਾਰਿਆਂ ਅਤੇ ਹਸਪਤਾਲ ਦੀ ਗਿਣਤੀ ਤੇਜ਼ੀ ਨਾ਼ਲ ਵਧ ਰਹੀ ਹੈ, ਪਰ ਮੁਲਕ ਦੇ ਆਮ ਲੋਕ ਇਨ੍ਹਾਂ ਸੇਵਾਵਾਂ ਪ੍ਰਾਪਤ ਕਰਨ ਦਾ ਸੁਪਨਾ ਵੀ ਨਹੀਂ ਲੈ ਸਕਦੇ ਕਿਉਂਕਿ ਇਨ੍ਹਾਂ ਅਦਾਰਿਆਂ ਤੱਕ ਸਿਰਫ਼ ਅਮੀਰ ਮੁਲਕ ਨਿਵਾਸੀਆਂ ਅਤੇ ਕੁਝ ਕੇਸਾਂ ਵਿਚ ਬਾਹਰਲੇ ਮੁਲਕਾਂ ਦੇ ਨਿਵਾਸੀਆਂ ਦੀ ਪਹੁੰਚ ਹੀ ਹੈ।

ਭਾਰਤ ਵਿਚ ਮੁੱਢ-ਕਦੀਮ ਤੋਂ ਹੀ ਸਮਾਜਿਕ-ਆਰਥਿਕ ਅਸਮਾਨਤਾਵਾਂ ਦੇਖਣ ਨੂੰ ਮਿਲਦੀਆਂ ਰਹੀਆਂ ਹਨ। 1947 ਵਿਚ ਮੁਲਕ ਦੇ ਆਜ਼ਾਦ ਹੋਣ ਤੋਂ ਬਾਅਦ 1951 ਵਿਚ ਯੋਜਨਾਬੰਦੀ ਦੀ ਸ਼ੁਰੂਆਤ ਕੀਤੀ ਗਈ। ਪੰਜ ਸਾਲਾ ਯੋਜਨਾਵਾਂ ਦੌਰਾਨ ਜਨਤਕ ਖੇਤਰ ਦੇ ਅਦਾਰਿਆਂ ਦੇ ਵਿਸਥਾਰ ਅਤੇ ਵਿਕਾਸ ਨੂੰ ਮੁੱਖ ਤਰਜੀਹ ਦਿੱਤੀ ਜਾਂਦੀ ਰਹੀ ਜਿਸ ਸਦਕਾ ਮਿਸ਼ਰਤ ਅਰਥਵਿਵਸਥਾ ਹੋਂਦ ਵਿਚ ਆਈ। ਭਾਵੇਂ ਜਨਤਕ ਖੇਤਰ ਦੇ ਅਦਾਰਿਆਂ ਦੇ ਕੰਮਕਾਜ ਵਿਚ ਕੁਝ ਕੁ ਊਣਤਾਈਆਂ ਵੀ ਸਾਹਮਣੇ ਆਈਆਂ, ਪਰ ਇਸ ਦੇ ਸਾਰਥਿਕ ਨਤੀਜੇ ਬਹੁਤ ਜ਼ਿਆਦਾ ਸਨ ਜਿਨ੍ਹਾਂ ਨੂੰ ਵੱਖ ਵੱਖ ਖੋਜ ਅਧਿਐਨਾਂ ਦੁਆਰਾ ਸਾਹਮਣੇ ਲਿਆਂਦਾ ਗਿਆ। ਮੁਲਕ ਵਿਚ 1951-80 ਦੇ ਸਮੇਂ ਨੂੰ ਯੋਜਨਾਬੰਦੀ ਦਾ ਯੁੱਗ ਮੰਨਿਆ ਗਿਆ ਹੈ ਅਤੇ ਇਸ ਸਮੇਂ ਦੌਰਾਨ ਮੁਲਕ ਵਿਚ ਸਮਾਜਿਕ-ਆਰਥਿਕ ਅਸਮਾਨਤਾਵਾਂ ਘਟਿਆਂ। 1980 ਤੋਂ ਬਾਅਦ ਯੋਜਨਾਬੰਦੀ ਨੂੰ ਪੁੱਠੇ ਗੇਅਰ ਵਿਚ ਪਾ ਦਿੱਤਾ ਗਿਆ, 1991 ਤੋਂ 'ਨਵੀਆਂ ਆਰਥਿਕ ਨੀਤੀਆਂ' ਲਾਗੂ ਕਰ ਦਿੱਤੀਆਂ ਗਈਆਂ ਅਤੇ 2015 ਦੌਰਾਨ ਯੋਜਨਾ ਕਮਿਸ਼ਨ ਦਾ ਭੋਗ ਪਾ ਕੇ ਉਸ ਦੀ ਜਗ੍ਹਾ ਸਰਮਾਏਦਾਰ/ਕਾਰਪੋਰੇਟ ਜਗਤ-ਪੱਖੀ 'ਨੀਤੀ ਆਯੋਗ' ਬਣਾ ਦਿੱਤਾ ਗਿਆ। ਇਨ੍ਹਾਂ ਅਤੇ ਕੁਝ ਹੋਰ ਕਾਰਨਾਂ ਕਰਕੇ ਮੁਲਕ ਵਿਚ ਸਮਾਜਿਕ-ਆਰਥਿਕ ਅਸਮਾਨਤਾਵਾਂ ਤੇਜ਼ੀ ਨਾਲ ਵਧ ਰਹੀਆਂ ਹਨ। ਔਕਸਫੋਮ ਅਤੇ ਹੋਰ ਕੌਮਾਂਤਰੀ ਅਤੇ ਰਾਸ਼ਟਰੀ ਸੰਸਥਾਵਾਂ ਦੇ ਅਧਿਐਨ ਇਹ ਤੱਥ ਸਾਹਮਣੇ ਲਿਆਏ ਹਨ ਕਿ 1991 ਤੋਂ ਮੁਲਕ ਦੇ ਅੱਤ ਦੇ ਅਮੀਰ 1 ਫ਼ੀਸਦ ਲੋਕਾਂ ਅਤੇ ਬਾਕੀ ਦੇ 99 ਫ਼ੀਸਦ ਲੋਕਾਂ ਦਰਮਿਆਨ ਸਮਾਜਿਕ-ਆਰਥਿਕ ਅਸਮਾਨਤਾਵਾਂ ਬਹੁਤ ਤੇਜ਼ੀ ਨਾ਼ਲ ਵਧ ਰਹੀਆਂ ਹਨ। ਮੁਲਕ ਵਿਚ ਅੱਤ ਦੇ ਅਮੀਰ 1 ਫ਼ੀਸਦ ਲੋਕ ਆਪਣੇ ਨਫ਼ਿਆਂ ਵਿਚ ਬੇਤਹਾਸ਼ਾ ਵਾਧਾ ਕਰਨ ਲਈ ਮੁਲਕ ਦੇ ਸਾਧਨਾਂ ਦੀ ਕਾਨੂੰਨੀ ਅਤੇ ਗ਼ੈਰ-ਕਾਨੂੰਨੀ ਢੰਗਾਂ ਨਾ਼ਲ ਵਰਤੋਂ ਕਰ ਰਹੇ ਹਨ। ਇਨ੍ਹਾਂ 'ਨਵੀਆਂ ਆਰਥਿਕ ਨੀਤੀਆਂ' ਨੂੰ ਅਪਣਾਉਣ ਨਾਲ ਸਾਡਾ ਮੁਲਕ ਦੋ ਮੁਲਕਾਂ 'ਇੰਡੀਆ' ਅਤੇ 'ਭਾਰਤ' ਵਿਚ ਵੰਡਿਆ ਗਿਆ। ਇੰਡੀਆ ਉਨ੍ਹਾਂ ਅੱਤ ਦੇ ਅਮੀਰ ਲੋਕਾਂ ਦਾ ਜਿਨ੍ਹਾਂ ਕੋ਼ਲ ਜ਼ਿੰਦਗੀ ਦੇ ਸਮੇਂ ਸੁਖ-ਸਾਧਨਾਂ ਦੇ ਨਾ਼ਲ ਨਾ਼ਲ ਇੱਥੇ ਪੈਦਾ ਕੀਤੀ ਜਾ ਰਹੇ ਧਨ-ਦੌਲਤ ਦਾ ਇਕ ਬਹੁਤ ਹੀ ਵੱਡਾ ਹਿੱਸਾ ਜਾ ਰਿਹਾ ਹੇ ਅਤੇ ਭਾਰਤ ਉਨ੍ਹਾਂ ਬਹੁਤ ਵੱਡੀ ਗਿਣਤੀ ਲੋਕਾਂ ਦਾ ਮੁਲਕ ਬਣਾ ਦਿੱਤਾ ਗਿਆ ਜਿਹੜੇ ਜ਼ਿੰਦਗੀ ਦੀਆਂ ਮੁਢਲੀਆਂ ਲੋੜਾਂ ਨੂੰ ਪੂਰੀਆਂ ਕਰਨ ਤੋਂ ਵੀ ਅਸਮਰੱਥ ਹਨ। ਇਸ ਦੀ ਪਰਤੱਖ ਉਦਾਹਰਣ ਕਰੋਨਾ ਮਹਾਮਾਰੀ ਨੇ ਸਾਹਮਣੇ ਲਿਆ ਦਿੱਤੀ ਜਿਸ ਸਮੇਂ ਦੌਰਾਨ ਅੱਤ ਦੇ ਅਮੀਰਾਂ ਦੇ ਧਨ/ਦੌਲਤ ਵਿਚ ਬੇਤਹਾਸ਼ਾ ਵਾਧਾ ਦਰਜ ਕੀਤਾ ਗਿਆ, ਜਦੋਂਕਿ ਕਿਰਤੀ ਵਰਗਾਂ ਦੇ ਲੋਕ ਸਿਰਫ਼ ਦੋ-ਡੰਡ ਦੀ ਰੋਟੀ ਲਈ ਵੀ ਖੱਜਲਖੁਆਰ ਕੀਤੇ ਜਾ ਰਹੇ ਸਨ।



ਡਾ. ਗਿਆਨ ਸਿੰਘ
ਸਾਬਕਾ ਪ੍ਰੋਫ਼ੈਸਰ, ਅਰਥ-ਵਿਗਿਆਨ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ
91-99156-82196

ਨੈਸ਼ਨਲ ਸੈਂਪਲ ਸਰਵੇ ਦਫ਼ਤਰ ਦੇ ਅੰਕੜਿਆਂ ਅਨੁਸਾਰ 2009-10 ਦੌਰਾਨ ਭਾਰਤ ਦੇ ਕੁੱਲ ਕਿਰਤੀਆਂ ਵਿਚੋਂ 84.17 ਫ਼ੀਸਦ ਗ਼ੈਰ-ਸੰਗਠਿਤ ਅਤੇ ਸਿਰਫ਼ 15.83 ਫ਼ੀਸਦ ਸੰਗਠਿਤ ਖੇਤਰਾਂ ਵਿਚ ਸਨ। ਇਸ ਤੋਂ ਕਿਤੇ ਵੱਧ ਦੁਖਦਾਈ ਪਹਿਲੂ ਇਹ ਹੈ ਕਿ 92.83 ਫ਼ੀਸਦ ਕਿਰਤੀ ਗ਼ੈਰ-ਰਸਮੀ ਅਤੇ 7-17 ਫ਼ੀਸਦ ਕਿਰਤੀ ਰਸਮੀ ਰੁਜ਼ਗਾਰ ਵਿਚ ਸਨ। ਸਰਮਾਏਦਾਰ ਅਤੇ ਕਾਰਪੋਰੇਟ ਜਗਤ-ਪੱਖੀ ਸਰਕਾਰ ਦੀਆਂ ਆਰਥਿਕ ਨੀਤੀਆਂ ਕਾਰਨ ਗ਼ੈਰ-ਸੰਗਠਿਤ ਖੇਤਰਾਂ ਅਤੇ ਗ਼ੈਰ-ਰਸਮੀ ਰੁਜ਼ਗਾਰ ਵਿਚ ਕਿਰਤੀਆਂ ਦੀ ਫ਼ੀਸਦ ਗਿਣਤੀ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ। ਇਨ੍ਹਾਂ ਕਿਰਤੀਆਂ ਨੂੰ ਪੱਕੇ ਰੁਜ਼ਗਾਰ ਅਤੇ ਹੋਰ ਸਹੂਲਤਾਂ ਦੀ ਕੋਈ ਵੀ ਗਰੰਟੀ ਨਹੀਂ ਹੁੰਦੀ ਜਿਸ ਕਾਰਨ ਇਨ੍ਹਾਂ ਦਾ ਆਮਦਨ ਪੱਧਰ ਅਤੇ ਉਸ ਦੇ ਨਤੀਜੇ ਜੀਵਨ-ਸਤਰ ਬਹੁਤ ਹੀ ਨੀਵਾਂ ਹੈ। ਮੁਲਕ ਦੇ ਖੇਤੀਬਾੜੀ ਖੇਤਰ ਵਿਚ 88 ਫ਼ੀਸਦ ਸੀਮਾਂਤ, ਅਤੇ ਛੋਟੇ ਕਿਸਾਨ ਅਤੇ ਇਨ੍ਹਾਂ ਤੋਂ ਬਿਨਾਂ ਵੱਡੀ ਗਿਣਤੀ ਵਿਚ ਖੇਤ ਮਜ਼ਦੂਰ ਅਤੇ ਪੇਂਡੂ ਛੋਟੇ ਕਾਰੀਗਰ ਹਨ। ਇਹ ਵਰਗ ਕਰਜ਼ੇ ਦੇ ਪਹਾੜ ਅਤੇ ਘੋਰ ਗ਼ਰੀਬੀ ਦਾ ਸੰਤਾਪ ਹੰਢਾ ਰਹੇ ਹਨ।

ਮੁਲਕ ਦੀ ਆਰਥਿਕ ਵਿਕਾਸ ਦਰ ਵਿਚ ਤੇਜ਼ ਵਾਧਾ ਤਾਂ ਹੀ ਮਹੱਤਵਪੂਰਨ ਹੋ ਸਕਦਾ ਹੈ ਜੇਕਰ ਇਸ ਦੇ ਫ਼ਾਇਦੇ ਕਿਰਤੀ ਵਰਗਾਂ ਤੱਕ ਵੀ ਪਹੁੰਚਣ ਅਤੇ ਮੁਲਕ ਵਿਚ ਸਮਾਜਿਕ-ਆਰਥਿਕ ਅਸਮਾਨਤਾਵਾਂ ਘਟਣ। ਇਸ ਲਈ ਗ਼ਰੀਬੀ ਦੀ ਰੇਖਾ ਦੀ ਉਹ ਪਰਿਭਾਸ਼ਾ ਅਪਣਾਉਣੀ ਚਾਹੀਦੀ ਹੈ ਜਿਸ ਵਿਚ ਉਨ੍ਹਾਂ ਲੋਕਾਂ ਨੂੰ ਗ਼ਰੀਬ ਮੰਨਿਆ ਜਾਵੇ ਜਿਹੜੇ ਰੋਟੀ, ਕੱਪੜੇ, ਮਕਾਨ, ਵਿੱਦਿਆ, ਸਿਹਤ-ਸਹੂਲਤਾਂ, ਸਾਫ਼ ਵਾਤਾਵਰਨ, ਅਤੇ ਸਮਾਜਿਕ ਸੁਰੱਖਿਆ ਦੀਆਂ ਬੁਨਿਆਦੀ ਲੋੜਾਂ ਪੂਰੀਆਂ ਕਰਨ ਤੋਂ ਅਸਮਰੱਥ ਹਨ।

ਇਸ ਦੇ ਨਾ਼ਲ ਨਾ਼ਲ 'ਖੁਸ਼ਹਾਲੀ ਦੀ ਰੇਖਾ' ਵੀ ਪਰਿਭਾਸ਼ਤ ਕਰਨੀ ਬਣਦੀ ਹੈ। ਅੱਤ ਦੇ ਅਮੀਰ ਖੁਸ਼ਹਾਲ ਲੋਕਾਂ ਉੱਪਰ ਕਰ ਵਧਾ ਕੇ ਉਨ੍ਹਾਂ ਤੋਂ ਪ੍ਰਾਪਤ ਆਮਦਨ ਨੂੰ ਕਿਰਤੀ ਵਰਗਾਂ ਦੀ ਭਲਾਈ ਲਈ ਵਰਤਣਾ ਬਣਦਾ ਹੈ। ਅਜਿਹਾ ਤਾਂ ਹੀ ਸੰਭਵ ਹੋਵੇਗਾ ਜੇਕਰ ਮੁਲਕ ਦੇ ਹੁਕਮਰਾਨ ਲੋਕ ਅਤੇ ਕੁਦਰਤ-ਪੱਖੀ ਆਰਥਿਕ ਵਿਕਾਸ ਮਾਡਲ ਅਪਣਾਉਣਗੇ। ਭਾਰਤ ਵਿੱਚ ਭੁੱਖਮਰੀ ਉਪਰ ਕਾਬੂ ਪਾਉਣ ਲਈ ਅਜਿਹਾ ਕਰਨਾ ਅਤਿ ਜ਼ਰੂਰੀ ਹੈ।

# ਸੌਦੇਬਾਜੀ ਦੀ ਭੇਟ ਚੜ੍ਹਦੀਆਂ ਜ਼ਿੰਦਗੀਆਂ



ਹਰਕੀਰਤ ਕੌਰ
91-97791-18066

ਸੌਦੇਬਾਜੀ ਭਾਵ ਵਪਾਰ। ਵਸਤਾਂ ਦਾ ਵਪਾਰ ਸੋਹਣਾ ਲੱਗਦਾ ਹੈ। ਕਈ ਵਾਰ ਵਸਤਾਂ ਦੇ ਹੁੰਦੇ ਵਪਾਰ ਵਿੱਚ ਬੰਦੇ ਨੂੰ ਨਫਾ ਹੁੰਦਾ ਹੈ ਕਦੇ ਨੁਕਸਾਨ। ਇਸ ਵਪਾਰ ਵਿੱਚ ਹੁੰਦਾ ਵਾਧਾ ਘਾਟਾ ਚੱਲਦਾ ਰਹਿੰਦਾ ਹੈ। ਅੱਜ ਦਾ ਮਨੁੱਖ ਬਹੁਤ ਤੇਜ਼ੀ ਨਾਲ ਅੱਗੇ ਵੱਧ ਰਿਹਾ ਹੈ ਅਤੇ ਹੋਰ ਵੱਧਣਾ ਚਾਹੁੰਦਾ ਹੈ।

ਸਮਾਜ ਦੇ ਬਹੁਤਾਂਤ ਲੋਕ ਜਿਆਦਾ ਨਫਾ ਕਮਾਉਣ ਦੇ ਚੱਕਰ ਵਿੱਚ ਹਰ ਤਰ੍ਹਾਂ ਦੇ ਹੱਥਕੰਡੇ ਅਪਨਾਉਣ ਲੱਗੇ ਅਤੇ ਠੱਗੀਆਂ ਠੋਰੀਆਂ, ਚਲਾਕੀਆਂ, ਭ੍ਰਿਸ਼ਟਾਚਾਰੀ ਆਦਿ ਦਾ ਬੋਲਬਾਲਾ ਵੱਧਣ ਲੱਗਾ। ਵਪਾਰ ਤੋਂ ਹੁੰਦਾ ਹੁੰਦਾ ਇਹ ਧੰਦਾ ਹਰ ਖੇਤਰ ਵਿੱਚ ਵੇਖਣ ਨੂੰ ਮਿਲਣ ਲੱਗਾ। ਹਰ ਖੇਤਰ ਵਿੱਚ ਵਪਾਰ ਹੋਣ ਲੱਗਾ। ਹਸਪਤਾਲਾਂ ਵਿੱਚ ਮਰੀਜ਼ ਦੀ ਜਾਨ ਨੂੰ ਨਹੀਂ ਡਾਕਟਰ ਦੀ ਫੀਸ ਨੂੰ ਜਿਆਦਾ ਤਵੱਜੋ ਮਿਲਣ ਲੱਗੀ, ਵਿਦਿਆ ਦੇ ਖੇਤਰ ਵਿੱਚ ਕਈ ਵਿਦਿਆਰਥੀ ਇਮਤਿਹਾਨ ਇਸ ਕਰਕੇ ਨਹੀਂ ਦੇ ਸਕੇ ਕਿਉਂ ਕਿ ਉਹ ਸਕੂਲ, ਕਾਲਜ ਦੀ ਫੀਸ ਨਹੀਂ ਭਰ ਸਕੇ।

ਇੱਕ ਵਿਦਿਆਰਥੀ ਦੇ ਭਵਿੱਖ ਨਾਲੋਂ ਫ਼ੀਸ ਨੂੰ ਜਿਆਦਾ ਮਹੱਤਤਾ ਮਿਲੀ। ਪੁਲਿਸ ਪ੍ਰਸ਼ਾਸਨ ਵਿੱਚ ਇੱਕ ਗਰੀਬ ਜਾਂ ਔਰਤ ਦੀ ਸ਼ਿਕਾਇਤ ਉੱਪਰ ਇਸ ਕਰਕੇ ਗੌਰ ਨਹੀਂ ਕੀਤਾ ਜਾਂਦਾ ਕਿਉਂਕਿ ਉਸ ਕੋਲ ਪੁਲਿਸ ਕਰਮਚਾਰੀਆਂ ਦੀ ਜੇਬ ਵਿੱਚ ਪਾਉਣ ਲਈ ਪੈਸੇ ਰੂਪੀ ਛਿੱਲੜਾਂ ਨਹੀ ਹਨ। ਤਿੰਨ ਮਹੱਤਵਪੂਰਣ ਸੱਸੇ (ਸ) ਸਿਹਤ, ਸਿੱਖਿਆ, ਸੁਰੱਖਿਆ ਸਾਰੇ ਵਪਾਰ ਦੀ ਭੇਟ ਚੜ੍ਹ ਗਏ। ਲੋਕਾਂ ਨੇ ਇਸ ਵਿਰੁੱਧ ਅਵਾਜ਼ ਤਾਂ ਕੀ ਉਠਾਉਣੀ ਸੀ ਸਮਾਜ ਨੇ ਇਸੇ ਬਦਲ ਰਹੇ ਵਤੀਰੇ ਨਾਲ ਸਮਝੌਤਾ ਕਰਨਾ ਅਸਾਨ ਸਮਝਿਆ।

ਇਹ ਤਾਂ ਗੱਲ ਸੀ ਸਮਾਜ ਦੇ ਕਾਰ ਵਿਹਾਰ ਦੇ ਪੱਖਾਂ ਦੀ, ਪਰ ਹਾਲਤ ਤਾਂ ਉਦੋਂ ਤਰਸਯੋਗ ਹੁੰਦੀ ਨਜ਼ਰ ਆਉਂਦੀ ਹੈ ਜਦੋਂ ਸਮਾਜਿਕ ਕਾਰਕੁਨ ਵਿਹਾਰਾਂ ਤੋਂ ਅੱਗੇ ਸੌਦੇਬਾਜੀ ਨਿੱਜੀ ਜੀਵਨ ਨੂੰ ਪ੍ਰਭਾਵਿਤ ਕਰਨ ਲੱਗੇ। ਅੱਜ ਜਿੱਥੇ ਮਨੁੱਖ ਹਰ ਕੰਮ ਵਿੱਚ ਨਫਾ ਭਾਲਦਾ ਹੈ, ਉੱਥੇ ਲੋਕਾਂ ਦੇ ਜ਼ਜਬਾਤਾਂ, ਭਾਵਨਾਵਾਂ ਦੀ ਵੀ ਸੌਦੇਬਾਜੀ ਹੋਣ ਲੱਗੀ ਹੈ। ਲੋਕ ਆਪਣੀਆਂ ਮੌਜ ਮਸਤੀਆਂ ਲਈ ਕਿਸੇ ਦੇ ਵੀ ਜਜਬਾਤਾਂ ਨਾਲ ਖੇਡਦੇ ਹਨ, ਇਸ ਸੌਦੇਬਾਜੀ ਦੇ ਚੱਕਰ ਵਿੱਚ ਮਾਨਸਿਕ ਤੌਰ ਤੇ ਇੱਕ ਇਨਸਾਨ ਨੂੰ ਐਨਾ ਤੋੜ ਦਿੱਤਾ ਜਾਂਦਾ ਹੈ ਕਿ ਉਹ ਫਿਰ ਕਿਸੇ ਉੱਪਰ ਇਤਬਾਰ ਕਰਨ ਯੋਗ ਨਹੀਂ ਰਹਿੰਦਾ।

ਇਸ ਤੋਂ ਇਲਾਵਾ ਲੋਕ ਆਪਣੇ ਬੱਚਿਆਂ ਦੇ ਰਿਸ਼ਤੇ ਤੈਅ ਕਰਨ ਸਮੇਂ ਵੀ ਬੱਚੇ ਬੱਚੀ ਦੇ ਗੁਣ ਔਗੁਣ ਦੇਖਣ ਦੀ ਬਜਾਇ ਲੜਕੀ ਵਾਲੇ ਲੜਕੇ ਦਾ ਵਿਦੇਸ਼ ਹੋਣਾ ਅਤੇ ਲੜਕੀ ਦਾ ਆਈਲੈਟਸ ਦੇਖਦੇ ਹਨ, ਜ਼ਿੰਦਗੀ ਦੀ ਇਸ ਸੌਦੇਬਾਜੀ ਵਿੱਚ ਫਿਰ ਇੱਕ ਜ਼ਿੰਦਗੀ ਹਾਰ ਜਾਂਦੀ ਹੈ ਤੇ ਇਸ ਫਾਨੀ ਸੰਸਾਰ ਨੂੰ ਹਮੇਸ਼ਾ ਲਈ ਅਲਵਿਦਾ ਕਹਿ ਜਾਂਦੀ ਹੈ।

ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਇਸ ਸੌਦੇਬਾਜੀ ਨੂੰ ਰੋਕਿਆ ਕਿਵੇਂ ਜਾਵੇ। ਇਸਦਾ ਇੱਕ ਹੀ ਉੱਤਰ ਹੈ ਕਿ ਅਸੀਂ ਸਾਰੇ ਸਕੂਨਮਈ ਜ਼ਿੰਦਗੀ ਜਿਊਣਾ ਤਾਂ ਚਾਹੁੰਦੇ ਹਾਂ , ਪਰ ਸਾਨੂੰ ਪਦਾਰਥਿਕ ਵਾਦੀ ਚੀਜ਼ਾਂ ਵਿੱਚ ਸਕੂਨ ਨਜ਼ਰ ਆਉਣ ਲੱਗਾ ਹੈ, ਜਿੰਨਾ ਨੂੰ ਪਾਉਣ ਲਈ ਮਨੁੱਖ ਇਹ ਸੌਦੇਬਾਜੀ ਕਰਦਾ ਹੈ। ਪਰ ਸਕੂਨ ਫਿਰ ਵੀ ਪ੍ਰਾਪਤ ਨਹੀਂ ਕਰ ਪਾਉਂਦਾ, ਕਿਉਂਕਿ ਸਕੂਨ ਸੱਚ ਵਿੱਚ ਹੁੰਦਾ ਹੈ ਅਤੇ ਇਸ ਸੌਦੇਬਾਜੀ ਦੇ ਚੱਕਰ ਵਿੱਚ ਅਸੀਂ ਸੱਚ ਤੋਂ ਕੋਹਾਂ ਦੂਰ ਆ ਚੁੱਕੇ ਹਾਂ। ਜ਼ਿੰਦਗੀ ਨੂੰ ਅਸਾਨ ਬਣਾਈਏ, ਕੋਝੀਆਂ, ਫੋਕੀਆਂ ਛੋਛੇਬਾਜ਼ੀਆਂ ਤੋਂ ਉੱਪਰ ਉੱਠ ਸਿੱਧਾ ਸਾਦਾ ਜੀਵਨ ਜਿਊਣ ਦਾ ਯਤਨ ਕਰੀਏ ਨਹੀਂ ਤਾਂ ਇੱਕ ਦਿਨ ਅਜਿਹਾ ਆਵੇਗਾ ਕਿ ਜਜਬਾਤਾਂ ਦੇ ਹੁੰਦੇ ਇਸ ਵਪਾਰ ਵਿੱਚ ਮਨੁੱਖ ਪੈਸਾ ਤਾਂ ਸ਼ਾਇਦ ਅਥਾਹ ਇਕੱਠਾ ਕਰ ਲਵੇ ਪਰ ਮਾਨਸਿਕ ਸ਼ਾਂਤੀ ਤੇ ਖੁਸ਼ੀ ਖੰਭ ਲਾ ਕਿਧਰੇ ਦੂਰ ਉੱਡ ਜਾਵੇਗੀ।

# ਕਾਂਗਰਸ ਦੇ ਕਈ ਨੇਤਾਵਾਂ ਦਾ ਮੁੱਖ ਮੰਤਰੀ ਨਾਂ ਬਣਨ ਦਾ ਦਰਦ

## ਕਈ ਨੇਤਾ ਕਢਦੇ ਹਨ, ਕਦੀ ਮੰਦਭਾਸ਼ਾ ਬੋਲਕੇ ਜਾ ਅਧਾਰਹੀਣ ਦੋਸ਼ ਲਗਾਕੇ



ਹਰਦੀਪ ਸਿੰਘ ਚੁੰਬਰ
+91-94636-01616

ਕੇਂਦਰ ਸਰਕਾਰ ਦਾ ਫੈਸ਼ਲਾ ਬਾਰਡਰ ਸਿਕਿਊਰਟੀ ਦੇ ਅਧਿਕਾਰ ਦਾ ਖੇਤਰ ਦਾ ਦਾਇਰਾ ਪੰਜਾਬ ਸਮੇਤ ਕਈ ਰਾਜਾਂ ਵਿੱਚ 15 ਕਿਲੋਮੀਟਰ ਤੋਂ 50 ਕਿਲੋਮੀਟਰ ਕੀਤਾ। ਰਾਜਾਂ ਨੂੰ ਤਕਲੀਫ। ਲੇਕਿਨ ਗੁਜਰਾਤ ਵਿੱਚ ਪਹਿਲੀ ਹੀ 80 ਕਿਲੋਮੀਟਰ ਸੀ ਜਿਸ ਨੂੰ ਘਟਾਕੇ ਬਾਕੀ ਰਾਜਾਂ ਦੇ ਬਰਾਬਰ 50 ਕਿਲੋਮੀਟਰ ਕੀਤਾ ਗਿਆ।

**ਗ੍ਰਹਿ ਮੰਤਰਾਲੇ ਦਾ ਨੋਟਿਸ**

ਆਪਣੇ ਨੋਟਿਸ ਵਿੱਚ, ਗ੍ਰਹਿ ਮੰਤਰਾਲੇ ਨੇ ਲਿਖਿਆ ਸੀ, "11 ਅਕਤੂਬਰ, 2021 ਨੂੰ ਲਾਗੂ ਕੀਤੀ ਗਈ ਸੋਧ ਉਸ ਖੇਤਰ ਨੂੰ ਪਰਿਭਾਸ਼ਤ ਕਰਨ ਵਿੱਚ ਇਕਸਾਰਤਾ ਸਥਾਪਤ ਕਰਦੀ ਹੈ ਜਿਸ ਦੇ ਅੰਦਰ ਸੀਮਾ ਸੁਰੱਖਿਆ ਬਲ ਆਪਣੀ ਡਿਊਟੀ ਦੇ ਚਾਰਟਰ ਦੇ ਅਨੁਸਾਰ ਕੰਮ ਕਰ ਸਕਦਾ ਹੈ ਅਤੇ ਆਪਣੀ ਭੂਮਿਕਾ ਅਤੇ ਇਸ ਦੀ ਤਾਇਨਾਤੀ ਦੇ ਖੇਤਰਾਂ ਵਿੱਚ ਬਾਰਡਰ ਗਾਰਡਿੰਗ ਦੇ ਕੰਮ ਨੂੰ ਚਲਾ ਸਕਦਾ ਹੈ॥

ਗੁਜਰਾਤ ਵਿੱਚ ਬੀਐਸਐਫ ਦੇ ਅਧਿਕਾਰ ਖੇਤਰ ਅਧੀਨ ਖੇਤਰ ਨੂੰ 80 ਕਿਲੋਮੀਟਰ ਖੇਤਰ ਤੋਂ ਘਟਾ ਕੇ 50 ਕਿਲੋਮੀਟਰ ਬੈਲਟ ਕਰ ਦਿੱਤਾ ਗਿਆ ਹੈ। ਇਹ ਰਾਜਸਥਾਨ ਵਿੱਚ 50 ਕਿਲੋਮੀਟਰ ਦੀ ਦੂਰੀ ਤੇ ਬਣੀ ਹੋਈ ਹੈ। ਮੇਘਾਲਿਆ, ਨਾਗਾਲੈਂਡ, ਮਿਜ਼ੋਰਮ, ਤ੍ਰਿਪੁਰਾ, ਮਣੀਪੁਰ, ਜੰਮੂ -ਕਸ਼ਮੀਰ ਅਤੇ ਲੱਦਾਖ ਵਿੱਚ, ਕੋਈ ਸੀਮਾ ਨਿਰਧਾਰਤ ਨਹੀਂ ਕੀਤੀ ਗਈ ਹੈ, ਜਿਵੇਂ ਕਿ ਪਹਿਲਾਂ ਸੀ। ਬਾਰਡਰ ਸਕਿਉਰਿਟੀ ਫੋਰਸ ਐਕਟ, 1968 ਦੀ ਧਾਰਾ 139, ਜੋ ਕੇਂਦਰ ਨੂੰ ਫੋਰਸ ਦੇ ਅਧਿਕਾਰ ਖੇਤਰ ਨੂੰ ਸੂਚਿਤ ਕਰਨ ਦਾ ਅਧਿਕਾਰ ਦਿੰਦੀ ਹੈ, ਦੀ ਮੰਗ ਹੈ ਕਿ ਅਜਿਹਾ ਕੋਈ ਵੀ ਆਦੇਸ਼ ਸੰਸਦ ਦੇ ਹਰੇਕ ਸਦਨ ਦੇਸਾਹਮਣੇ ਰੱਖਿਆ ਜਾਵੇ। ਸਦਨ ਇਨ੍ਹਾਂ ਆਦੇਸ਼ਾਂ ਨੂੰ ਸੋਧ ਜਾਂ ਰੱਦ ਕਰ ਸਕਦੇ ਹਨ।

ਕੇਂਦਰ ਸਰਕਾਰ ਨੇ ਨੋਟੀਫਿਕੇਸ਼ਨ ਜਾਰੀ ਕਰ ਕੇ ਸਰਹੱਦੀ ਸੁਰੱਖਿਆ ਦਲ (ਬੀਐੱਸਐੱਫ) ਦੇ ਅਧਿਕਾਰੀਆਂ ਦੇ ਅਧਿਕਾਰ ਖੇਤਰ ਵਿੱਚ ਵਾਧਾ ਕੀਤਾ ਹੈ। ਇਹ ਅਧਿਕਾਰੀ ਹੁਣ ਭਾਰਤ ਦੇ ਸਰਹੱਦੀ ਸੂਬਿਆਂ (ਪੰਜਾਬ, ਪੱਛਮੀ ਬੰਗਾਲ, ਅਸਾਮ ਤੇ ਤ੍ਰਿਪੁਰਾ) ਦੇ ਕੌਮਾਤਰੀ ਸਰਹੱਦ ਤੋਂ 50 ਕਿਲੋਮੀਟਰ ਦੇ ਘੇਰੇ ਵਿੱਚ ਸ਼ੱਕੀ ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰ ਸਕਣਗੇ, ਉਨ੍ਹਾਂ ਦੀ ਤਲਾਸ਼ੀ ਲੈ ਸਕਣਗੇ ਤੇ ਇਤਰਾਜ਼ਯੋਗ ਸਾਮਾਨ ਨੂੰ ਜ਼ਬਤ ਵੀ ਕਰ ਸਕਣਗੇ। ਕੇਂਦਰੀ ਗ੍ਰਹਿ ਮੰਤਰਾਲੇ ਵੱਲੋਂ ਜਾਰੀ ਕੀਤੇ ਇਸ ਨੋਟੀਫਿਕੇਸ਼ਨ ਵਿੱਚ ਕਿਹਾ ਗਿਆ ਹੈ ਕਿ ਬੀ ਐੱਸ ਐੱਫ ਨੂੰ ਹੁਣ ਸੀਆਰਪੀਸੀ (ਕੋਡ ਆਫ ਕ੍ਰਿਮੀਨਲ ਪ੍ਰੋਸਿਜਰ), ਪਾਸਪੋਰਟ ਐਕਟ ਅਤੇ ਪਾਸਪੋਰਟ (ਐਂਟਰੀ ਟੂ ਇੰਡੀਆ) ਐਕਟ ਤਹਿਤ ਕਾਰਵਾਈ ਕਰਨ ਲਈ ਅਥਾਰਿਟੀ ਦੇ ਦਿੱਤੀ ਗਈ ਹੈ। ਨੋਟੀਫਿਕੇਸ਼ਨ ਅਨੁਸਾਰ ਬੀਐੱਸਐੱਫ ਨੂੰ ਕੌਮਾਂਤਰੀ ਸਰਹੱਦ ਨਾਲ ਲੱਗਦੇ ਉਪਰੋਕਤ ਚਾਰ ਸੂਬਿਆਂ ਵਿਚਲੇ 50 ਕਿਲੋਮੀਟਰ ਇਲਾਕੇ ਵਿੱਚ ਛਾਪਾ ਮਾਰਨ ਤੇ ਸ਼ੱਕੀ ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰਨ ਦੀ ਪ੍ਰਵਾਨਗੀ ਦੇ ਦਿੱਤੀ ਗਈ ਹੈ। ਪਹਿਲਾਂ ਇਹ ਘੇਰਾ 15 ਕਿਲੋਮੀਟਰ ਤੱਕ ਹੀ ਸੀਮਤ ਸੀ। ਇਸ ਤੋਂ ਇਲਾਵਾ ਬੀਐੱਸਐੱਫ ਨਾਗਾਲੈਂਡ, ਮਿਜ਼ੋਰਮ, ਤ੍ਰਿਪੁਰਾ, ਮਨੀਪੁਰ ਤੇ ਲੱਦਾਖ ਵਿੱਚ ਵੀ ਸਰਚ ਤੇ ਗ੍ਰਿਫਤਾਰੀ ਮੁਹਿਮ ਚਲਾ ਸਕੇਗੀ।

ਇਸੇ ਦੌਰਾਨ ਪੰਜਾਬ ਸਰਕਾਰ ਨੇ ਬੀਐੱਸਐੱਫ ਦੇ ਅਧਿਕਾਰ ਖੇਤਰ ਨੂੰ ਵਧਾਉਣ ਵਾਲੇ ਕੇਂਦਰ ਸਰਕਾਰ ਦੇ ਇਸ ਨੋਟੀਫਿਕੇਸ਼ਨ ਦਾ ਵਿਰੋਧ ਕੀਤਾ ਹੈ। ਸ਼੍ਰੋਮਣੀ ਅਕਾਲੀ ਦਲ ਵੀ ਇਸ ਨੋਟੀਫਿਕੇਸ਼ਨ ਦੇ ਖ਼ਿਲਾਫ਼ ਨਿੱਤਰਿਆ ਹੈ।

**ਕਾਂਗਰਸੀ ਆਗੂ ਸੁਨੀਲ ਜਾਖੜ-**

ਕਾਂਗਰਸੀ ਆਗੂ ਸੁਨੀਲ ਜਾਖੜ ਨੇ ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੀ ਦੀ ਆਲੋਚਨਾ ਕੀਤੀ।

ਉਨ੍ਹਾਂ ਨੇ ਟਵਿੱਟਰ 'ਤੇ ਲਿਖਿਆ, "ਸਾਵਧਾਨ ਰਹੋ ਜੋ ਤੁਸੀਂ ਮੰਗਦੇ ਹੋ! ਕੀ ਸੀਐਮ ਚੰਨੀ ਅਣਜਾਣੇ ਵਿੱਚ ਅੱਧਾ ਪੰਜਾਬ ਕੇਂਦਰ ਸਰਕਾਰ ਨੂੰ ਸੌਂਪਣ ਵਿੱਚ ਕਾਮਯਾਬ ਹੋ ਗਿਆ ਹੈ? 25,000 ਵਰਗ ਕਿਲੋਮੀਟਰ (ਕੁੱਲ 50,000 ਵਰਗ ਕਿਲੋਮੀਟਰ ਵਿੱਚੋਂ) ਹੁਣ ਬੀਐਸਐਫ ਦੇ ਅਧਿਕਾਰ ਖੇਤਰ ਵਿੱਚ ਆ ਗਿਆ ਹੈ। ਪੰਜਾਬ ਪੁਲਿਸ ਖੜ੍ਹੀ ਹੈ ਕੀ ਅਸੀਂ ਅਜੇ ਵੀ ਸੂਬਿਆਂ ਨੂੰ ਵਧੇਰੇ ਖੁਦਮੁਖਤਿਆਰੀ ਚਾਹੁੰਦੇ ਹਾਂ?"

ਸੁਨੀਲ ਜਾਖੜ ਨੇ ਸੀਐਮ ਚੰਨੀ ਦੀ 5 ਅਕਤੂਬਰ ਦੀ ਇੱਕ ਫੇਸਬੁੱਕ ਪੋਸਟ ਦੇ ਸਕ੍ਰੀਨਸ਼ਾਟ ਨੂੰ ਰੀਟਵੀਟ ਕੀਤਾ ਜਿਸ ਵਿੱਚ ਮੁੱਖ ਮੰਤਰੀ ਨੇ ਲਿਖਿਆ ਸੀ, "ਅੱਗੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਕਿਹਾ ਕਿ ਉਹ ਨਸ਼ਿਆਂ ਅਤੇ ਹਥਿਆਰਾਂ ਦੀ ਤਸਕਰੀ ਨੂੰ ਰੋਕਣ ਲਈ ਪੰਜਾਬ ਨਾਲ ਅੰਤਰਰਾਸ਼ਟਰੀ ਸਰਹੱਦ ਨੂੰ ਸੀਲ ਕਰ ਦੇਣ। ਮੈਨੂੰ ਉਮੀਦ ਹੈ ਕਿ ਐਚ ਐਮ ਇਨ੍ਹਾਂ ਮਾਮਲਿਆਂ 'ਤੇ ਤੁਰੰਤ ਸਖਤ ਕਾਰਵਾਈ ਕੀਤੀ ਜਾਵੇ।"

ਇਸ ਦੌਰਾਨ ਕਾਂਗਰਸ ਦੇ ਬੁਲਾਰੇ ਮਨੀਸ਼ ਤਿਵਾੜੀ ਨੇ ਵੀ ਟਵਿੱਟਰ 'ਤੇ ਇਸ ਮੁੱਦੇ' ਤੇ ਆਪਣੀ ਰਾਏ ਜ਼ਾਹਰ ਕੀਤੀ। ਉਹਨਾ ਉਹ ਹੀ ਕਿਹਾ ਹੈ ਜੋ ਕੇਂਦਰ ਦੀ ਸਰਕਾਰ ਨੇ ਪੰਜਾਬ ਸਮੇਤ ਬਾਕੀ ਰਾਜਾਂ ਲਈ ਫੈਸ਼ਲਾ ਲਿਆ ਹੈ। ਅਤੇ ਕਿਹਾ ਹੈ ਕਿ ਪੰਜਾਬ ਹੁਣ ਅੱਧਾ ਕੇਂਦਰ ਦੇ ਅਧੀਨ ਆ ਜਾਵੇਗਾ।

**ਪੰਜਾਬ ਦੇ ਉਪ ਮੁੱਖ ਮੰਤਰੀ**

ਪੰਜਾਬ ਦੇ ਉਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਵੀ ਇੱਕ ਬਿਆਨ ਜਾਰੀ ਕਰਕੇ ਕੇਂਦਰ ਦੇ ਇਸ ਕਦਮ ਦੀ ਆਲੋਚਨਾ ਕੀਤੀ ਅਤੇ ਅਮਿਤ ਸ਼ਾਹ ਨੂੰ ਫੈਸਲਾ ਵਾਪਸ ਲੈਣ ਲਈ ਕਿਹਾ।ਉਨ੍ਹਾਂ ਕਿਹਾ ਕਿ ਇਹ "ਤਰਕਹੀਣ" ਫੈਸਲਾ ਸਰਹੱਦੀ ਸੁਰੱਖਿਆ ਬਲਾਂ ਦੇ ਉਭਾਰ ਦੀ ਭਾਵਨਾ ਦੇ ਬਿਲਕੁਲ ਉਲਟ ਸੀ, ਜਿਨ੍ਹਾਂ ਨੂੰ ਅੰਤਰਰਾਸ਼ਟਰੀ ਸਰਹੱਦ 'ਤੇ ਧਿਆਨ ਕੇਂਦਰਤ ਕਰਨ ਅਤੇ ਰੱਖਿਆ ਦੀ ਪਹਿਲੀ ਲਾਈਨ ਵਜੋਂ ਕੰਮ ਕਰਨ ਦੀ ਲੋੜ ਹੈ। ਉਸਨੇ ਅੱਗੇ ਕਿਹਾ ਕਿ ਅੰਦਰਲੇ ਖੇਤਰਾਂ ਵਿੱਚ ਪੁਲਿਸ ਦੀ ਸਰਹੱਦ ਦੀ ਰਾਖੀ ਕਰਨ ਵਾਲੀ ਫੋਰਸ ਦੀ ਭੂਮਿਕਾ ਨਹੀਂ ਹੈ।

ਸੁਖਜਿੰਦਰ ਸਿੰਘ ਰੰਧਾਵਾ ਨੇ ਕਿਹਾ, "ਪੰਜਾਬ ਪੁਲਿਸ ਇੱਕ ਰਾਸ਼ਟਰਵਾਦੀ ਫੋਰਸ ਹੈ ਜਿਸਨੇ ਸੂਬੇ ਵਿੱਚ ਅੱਤਵਾਦ ਨੂੰ ਖਤਮ ਕੀਤਾ। ਕੇਂਦਰ ਨੂੰ ਆਪਣੀ ਸਮਰੱਥਾ ਵਿੱਚ ਵਿਸ਼ਵਾਸ ਹੋਣਾ ਚਾਹੀਦਾ ਹੈ।"ਉਨ੍ਹਾਂ ਨੇ ਇਸ ਕਦਮ ਨੂੰ ਸੰਘਵਾਦ 'ਤੇ ਹਮਲਾ ਦੱਸਿਆ ਅਤੇ ਕਿਹਾ ਕਿ ਉਹ ਇਸ ਮੁੱਦੇ ਨੂੰ ਸੁਲਝਾਉਣ ਲਈ ਨਿੱਜੀ ਤੌਰ' ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਮੁਲਾਕਾਤ ਕਰਨਗੇ।ਉਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਕਿਹਾ, "ਭਾਰਤ ਸਰਕਾਰ ਦੁਆਰਾ ਮੌਜੂਦਾ ਪ੍ਰਬੰਧਾਂ ਨੂੰ ਇਕਤਰਫ਼ਾ ਰੂਪ ਵਿੱਚ ਬਦਲਣ ਦੇ ਕੋਈ ਵਾਜਬ ਕਾਰਨ ਨਹੀਂ ਹਨ, ਸਿਵਾਏ ਰਾਜ ਸਰਕਾਰ ਅਤੇ ਸੰਘਵਾਦ ਦੀ ਭਾਵਨਾ ਨੂੰ ਕਮਜ਼ੋਰ ਕਰਨ ਦੇ।"




**ਪੰਜਾਬ ਦੇ ਮੁੱਖ ਮੰਤਰੀ ਦਾ ਟਵੀਟ**

ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਬੁੱਧਵਾਰ ਨੂੰ ਟਵਿੱਟਰ 'ਤੇ ਪੰਜਾਬ, ਪੱਛਮੀ ਬੰਗਾਲ ਅਤੇ ਅਸਾਮ ਦੀ ਅੰਤਰਰਾਸ਼ਟਰੀ ਸਰਹੱਦ ਦੇ ਨਾਲ ਸੀਮਾ ਸੁਰੱਖਿਆ ਬਲ ਦੇ ਅਧਿਕਾਰ ਖੇਤਰ ਨੂੰ 50 ਕਿਲੋਮੀਟਰ ਤੱਕ ਵਧਾਉਣ ਦੇ ਕੇਂਦਰ ਦੇ ਫੈਸਲੇ ਦੀ ਨਿੰਦਾ ਕੀਤੀ ਹੈ। ਪਹਿਲਾਂ, ਬੀ ਐਸ ਐਫ ਦਾ ਅਧਿਕਾਰ ਖੇਤਰ ਸਰਹੱਦ ਦੇ ਨਾਲ 15 ਕਿਲੋਮੀਟਰ ਦੀ ਪੱਟੀ ਸੀ।

ਇਸ ਦੇ ਅਧਿਕਾਰ ਖੇਤਰ ਅਧੀਨ ਆਉਂਦੇ ਖੇਤਰ ਵਿੱਚ, ਬੀਐਸਐਫ ਦੇ ਅਧਿਕਾਰੀਆਂ ਕੋਲ ਪੁਲਿਸ ਵਿੱਚ ਉਨ੍ਹਾਂ ਦੇ ਸਾਥੀਆਂ ਦੇ ਬਰਾਬਰ ਗ੍ਰਿਫਤਾਰੀ, ਤਲਾਸ਼ੀ ਅਤੇ ਜ਼ਬਤ ਕਰਨ ਦੀਆਂ ਸ਼ਕਤੀਆਂ ਹਨ। ਪੰਜਾਬ ਦੇ ਮੁੱਖ ਮੰਤਰੀ ਚੰਨੀ ਨੇ ਕੇਂਦਰ ਸਰਕਾਰ ਦੇ ਇਸ ਕਦਮ ਨੂੰ "ਸੰਘਵਾਦ 'ਤੇ ਸਿੱਧਾ ਹਮਲਾ" ਕਿਹਾ ਅਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਅਪੀਲ ਕੀਤੀ ਕਿ ਉਹ ਇਸ ਫੈਸਲੇ ਨੂੰ ਵਾਪਸ ਲਵੇ।

ਪੰਜਾਬ ਦੇ ਮੁੱਖ ਮੰਤਰੀ ਨੇ ਕੇਂਦਰ ਤੋਂ ਭਾਰਤ-ਪਾਕਿ ਸਰਹੱਦ 'ਤੇ ਬੀਐਸਐਫ ਦੇ ਅਧਿਕਾਰ ਖੇਤਰ ਨੂੰ ਵਧਾਉਣ ਦੇ ਫੈਸਲੇ ਨੂੰ ਵਾਪਸ ਲੈਣ ਦੀ ਅਪੀਲ ਕੀਤੀ। ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਬੁੱਧਵਾਰ ਨੂੰ ਟਵਿੱਟਰ 'ਤੇ ਸੀਮਾ ਸੁਰੱਖਿਆ ਬਲ ਦੇ ਅਧਿਕਾਰ ਖੇਤਰ ਨੂੰ ਪੰਜਾਬ, ਪੱਛਮੀ ਬੰਗਾਲ ਅਤੇ ਅਸਾਮ ਦੀ ਅੰਤਰਰਾਸ਼ਟਰੀ ਸਰਹੱਦ ਦੇ ਨਾਲ 50 ਕਿਲੋਮੀਟਰ ਦੀ ਪੱਟੀ ਤੱਕ ਵਧਾਉਣ ਦੇ ਕੇਂਦਰ ਦੇ ਫੈਸਲੇ ਦੀ ਨਿੰਦਾ ਕੀਤੀ।

**ਰਾਜਨੀਤਿਕ ਦਲਾਂ ਦਾ ਵਿਰੋਧ ਪ੍ਰਤੀਕਰਮ**

ਸ਼੍ਰੋਮਣੀ ਅਕਾਲੀ ਦਲ (ਸ਼੍ਰੋਮਣੀ ਅਕਾਲੀ ਦਲ) ਅਤੇ ਆਮ ਆਦਮੀ ਪਾਰਟੀ (ਆਪ) ਸਮੇਤ ਵਿਰੋਧੀ ਪਾਰਟੀਆਂ ਨੇ ਕੇਂਦਰ ਦੇ ਫੈਸਲੇ ਦੀ ਆਲੋਚਨਾ ਕੀਤੀ।ਅਕਾਲੀ ਦਲ ਦੇ ਬੁਲਾਰੇ ਦਲਜੀਤ ਸਿੰਘ ਚੀਮਾ ਨੇ ਕਿਹਾ, "ਅਜਿਹਾ ਕਰਕੇ ਕੇਂਦਰ ਸਰਕਾਰ ਅਸਿੱਧੇ ਤੌਰ 'ਤੇ ਪੰਜਾਬ' ਤੇ ਰਾਜ ਕਰਨਾ ਚਾਹੁੰਦੀ ਹੈ ਅਤੇ ਇਹ ਸੰਘਵਾਦ 'ਤੇ ਹਮਲਾ ਹੈ। ਅਕਾਲੀ ਦਲ ਕੇਂਦਰ ਸਰਕਾਰ ਦੇ ਇਸ ਫੈਸਲੇ ਦਾ ਖੁੱਲ੍ਹ ਕੇ ਵਿਰੋਧ ਕਰਦਾ ਹੈ।" ਸ਼੍ਰੋਮਣੀ ਅਕਾਲੀ ਦਲ ਨੇ ਕੇਂਦਰ ਦੇ ਫੈਸਲੇ ਨੂੰ "ਅੰਦਰੂਨੀ ਐਮਰਜੈਂਸੀ" ਕਰਾਰ ਦਿੱਤਾ।ਸਿਰਫ ਕੇਂਦਰ ਹੀ ਨਹੀਂ, ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸਰਦਾਰ ਸੁਖਬੀਰ ਸਿੰਘ ਬਾਦਲ ਨੇ ਵੀ ਸੂਬੇ ਦੀ ਕਾਂਗਰਸ ਸਰਕਾਰ ਦੀ ਆਲੋਚਨਾ ਕੀਤੀ ਜਿਸ ਨੂੰ ਉਸਨੇ "ਪ੍ਰੌਕਸੀ ਦੁਆਰਾ ਕੇਂਦਰੀ ਰਾਜ" ਦੱਸਿਆ ਹੈ।

"ਇਹ ਸਭ ਤੋਂ ਘੱਟ ਸੰਭਾਵਨਾ ਹੈ ਕਿ ਕੇਂਦਰ ਨੇ ਰਾਜ ਸਰਕਾਰ ਦੀ ਜਾਣਕਾਰੀ ਅਤੇ ਅਗਾਂ ਸਹਿਮਤੀ ਤੋਂ ਬਗੈਰ ਅਜਿਹਾ ਸਖਤ ਫੈਸਲਾ ਲਿਆ ਹੁੰਦਾ। ਸ੍ਰੀ ਚੰਨੀ ਅਤੇ ਉਨ੍ਹਾਂ ਦੇ ਸਾਥੀ ਹੁਣ ਜੋ ਸ਼ੋਰ -ਸ਼ਰਾਬਾ ਕਰ ਰਹੇ ਹਨ, ਉਹ ਇਸ ਫੈਸਲੇ ਵਿੱਚ ਆਪਣੀ ਸਾਂਝ ਨੂੰ ਛੁਪਾਉਣ ਦੀ ਸਿਰਫ ਕੋਸ਼ਿਸ਼ ਹੈ," ਉਸ ਨੇ ਕਿਹਾ। ਸਰਦਾਰ ਸੁਖਬੀਰ ਸਿੰਘ ਬਾਦਲ ਨੇ ਮੁੱਖ ਮੰਤਰੀ ਚੰਨੀ ਨੂੰ ਅਪੀਲ ਕੀਤੀ, "ਤੁਹਾਨੂੰ ਲੋਕਾਂ ਨੂੰ ਦੱਸਣਾ ਚਾਹੀਦਾ ਹੈ ਕਿ ਕੇਂਦਰ ਤੋਂ ਇਸ ਅਪਮਾਨਜਨਕ ਹਰਕਤ ਨੂੰ ਰੋਕਣ ਲਈ ਤੁਸੀਂ ਅਸਲ ਵਿੱਚ ਕੀ ਕਰਨ ਦਾ ਪ੍ਰਸਤਾਵ ਕਰਦੇ ਹੋ।"




ਇਸ ਦੌਰਾਨ, 'ਆਪ' ਦੀ ਪੰਜਾਬ ਇਕਾਈ ਨੇ ਕਿਹਾ ਕਿ ਕੇਂਦਰ ਦੇ ਫੈਸਲੇ ਨੇ "ਰਾਜਾਂ ਦੇ ਅਧਿਕਾਰਾਂ" ਨਾਲ ਸਮਝੌਤਾ ਕੀਤਾ ਹੈ।ਆਮ ਆਦਮੀ ਪਾਰਟੀ ਦੇ ਕੁਲਤਾਰ ਸਿੰਘ ਸੰਧਵਾਂ ਨੇ ਕਿਹਾ, "ਅਜਿਹਾ ਲਗਦਾ ਹੈ ਕਿ ਕੇਂਦਰ ਸਰਕਾਰ ਪੰਜਾਬ ਦੇ ਲੋਕਾਂ ਨਾਲ ਕੇਂਦਰੀ ਖੇਤੀਬਾੜੀ ਕਾਨੂੰਨਾਂ ਵਿਰੁੱਧ ਲਗਾਤਾਰ ਆਵਾਜ਼ ਉਠਾਉਣ ਦਾ ਬਦਲਾ ਲੈ ਰਹੀ ਹੈ।"

**ਕਾਂਗਰਸ ਦੇ ਅੰਦਰੋਂ ਆਵਾਜ਼ਾਂ ਅਤੇ ਕੈਪਟਨ ਅਮਰਿੰਦਰ ਸਿੰਘ**

ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਆਪਣੇ ਮੀਡੀਆ ਸਲਾਹਕਾਰ ਰਵੀਨ ਠੁਕਰਾਲ ਦੁਆਰਾ ਪੋਸਟ ਕੀਤੇ ਟਵੀਟ ਰਾਹੀਂ ਕੇਂਦਰ ਦੇ ਫੈਸਲੇ ਦਾ ਸਮਰਥਨ ਕੀਤਾ।

ਉਨ੍ਹਾਂ ਕਿਹਾ, "ਕਸ਼ਮੀਰ ਵਿੱਚ ਸਾਡੇ ਸੈਨਿਕ ਮਾਰੇ ਜਾ ਰਹੇ ਹਨ। ਅਸੀਂ ਪਾਕਿ ਸਮਰਥਿਤ ਅੱਤਵਾਦੀਆਂ ਦੁਆਰਾ ਪੰਜਾਬ ਵਿੱਚ ਵੱਧ ਤੋਂ ਵੱਧ ਹਥਿਆਰਾਂ ਅਤੇ ਨਸ਼ੀਲੇ ਪਦਾਰਥਾਂ ਨੂੰ ਧੱਕੇ ਮਾਰਦੇ ਵੇਖ ਰਹੇ ਹਾਂ। ਬੀਐਸਐਫ ਦੀ ਵਧਦੀ ਮੌਜੂਦਗੀ ਅਤੇ ਸ਼ਕਤੀਆਂ ਹੀ ਸਾਨੂੰ ਮਜ਼ਬੂਤ ਬਣਾਉਣਗੀਆਂ। ਆਓ ਕੇਂਦਰੀਹਥਿਆਰਬੰਦ ਬਲਾਂ ਨੂੰ ਅੰਦਰ ਨਾ ਖਿੱਚੀਏ। ਰਾਜਨੀਤੀ।"

ਅਮਰਿੰਦਰ ਸਿੰਘ ਨੇ ਅੱਗੇ ਕਿਹਾ, "ਪੱਖਪਾਤੀ ਵਿਚਾਰ ਰਾਸ਼ਟਰੀ ਸੁਰੱਖਿਆ ਦੇ ਮੁੱਦਿਆਂ 'ਤੇ ਸਾਡੇ ਸਟੈਂਡ ਨੂੰ ਨਿਰਧਾਰਤ ਨਹੀਂ ਕਰ ਸਕਦੇ ਅਤੇ ਨਾ ਹੀ ਕਰਨੇ ਚਾਹੀਦੇ ਹਨ। ਮੈਂ ਕਿਹਾ ਸੀ ਕਿ 2016 ਸਰਜੀਕਲ ਸਟਰਾਈਕ ਦੇ ਸਮੇਂ ਅਤੇ ਮੈਂ ਇਸਨੂੰ ਦੁਬਾਰਾ ਕਹਿ ਰਿਹਾ ਹਾਂ। ਸਾਨੂੰ ਰਾਜਨੀਤੀ ਤੋਂ ਉੱਪਰ ਉੱਠਣਾ ਪਵੇਗਾ। ਭਾਰਤ ਦੀ ਸੁਰੱਖਿਆ ਦਾਅ 'ਤੇ ਹੈ, ਜਿਵੇਂ ਕਿ ਹੁਣ ਹੈ।"

ਨਸ਼ਿਆਂ ਦੇ ਕਾਰਬਾਰ ਦੀ ਗੱਲ ਕਰੀਏ ਤਾਂ ਪੰਜਾਬ ਵਿੱਚ ਡਰਗ ਮਾਫੀਆ ਦਾ ਧੰਦਾ ਕੋਈ ਬਹੁਤਾ ਅਕਾਲੀ ਸਰਕਾਰ ਦੇ ਸਮੇਂ ਵਿੱਚ ਪਣਪਿਆ, 2017 ਦੀਆਂ ਚੋਣਾਂ ਤੋਂ ਪਹਿਲਾਂ ਕੈਪਟਨ ਅਮਰਿੰਦਰ ਸਿੰਘ ਨੇ ਵੀ ਗੁਟਕਾ ਸਾਹਿਬ ਆਪਣੇ ਹੱਥਾਂ ਵਿੱਚ ਲੈ ਕੇ ਨਸ਼ਿਆਂ ਦਾਲੱਕ ਤੋੜਕੇ 4 ਹਫਤਿਆਂ ਵਿੱਚ ਜੜਾਂ ਤੋਂ ਖਤਮ ਕਰਨ ਦੀ ਸੌਂ ਖਾਧੀ ਸੀ। ਕਾਂਗਰਸ ਸਰਕਾਰ ਦੇ ਵੀ 5 ਸਾਲ ਪੂਰੇ ਹੋਂਣ ਵਿੱਚ ਕੁੱਝ ਕੂ ਮਹੀਨੇ ਬਾਕੀ ਹਨ, ਪਰ ਹੁਣ ਤਕ ਕਾਰੋਬਾਰ ਦੇ ਘਟਣ ਵਿੱਚ ਕੋਈ ਅੰਤਰ ਨਹੀਂ ਆਇਆ। ਹਮੇਸ਼ਾ ਰਾਜ ਸਰਕਾਰ ਦੋਸ਼ ਲਾਉਂਦੀ ਰਹੀ ਹੈ ਕਿ ਨਸ਼ਿਆ ਦੀ ਸਪਲਾਈ ਬਾਰਡਰ ਪਾਰ ਤੋਂ ਆਉਂਦੀ ਹੈ। ਦਹਾਕਿਆਂ ਵਧੀ ਇਹ ਕਾਰੋਬਾਰ ਚਲਦਾ ਰਹੇ, ਰਾਜ ਸਰਕਾਰ ਅਕਾਲੀ ਅਤੇ ਕਾਂਗਰਸੀ ਇਸ ਨੂੰ ਕਾਬੂ ਨਾ ਕਰ ਸਕਣ, ਤਾਂ ਦੋਸ਼ੀ ਰਾਜ ਸਰਕਾਰ ਹੀ ਮੰਨੀ ਜਾਵੇਗੀ।

ਸੁਖਬੀਰ ਬਾਦਲ ਅਤੇ ਸੁਨੀਲ ਜਾਖੜ ਵਰਗੇ ਵੱਡੇ ਨੇਤਾ ਪਿੱਛਲੇ 15 ਸਾਲ ਪੰਜਾਬ ਸਰਕਾਰ ਦੇ ਬਹੁਤ ਜਿੰਮੇਵਾਰ ਦਮਦਾਰ ਨੇਤਾ ਰਹੇ ਹਨ। ਉਹ ਆਪਣੇ ਸਮਿਆਂ ਵਿੱਚ ਨਸ਼ਿਆਂ ਨੂੰ ਰੋਕਣ ਵਿੱਚ ਫੇਲ ਹੋਏ ਹਨ। ਉਹ ਅਗਰ ਇਹ ਬਾਰਡਰ ਪਾਰ ਤੋਂ ਆਉਣ ਵਾਲੇ ਨਸ਼ਿਆਂ ਦੇ ਕਾਰੋਬਾਰ ਨੂੰ ਰੋਕ ਦਿੰਦੇ ਤਾਂ ਹੱਕਦਾਰ ਸਨ ਇਹ ਕਹਿਣ ਦੇ ਕਿ ਪੰਜਾਬ ਵਿੱਚ ਬਾਰਡਰ ਪਾਰ ਤੋਂ ਕੋਈ ਸਮਸਿਆ ਨਹੀਂ ਸੀ, ਕੇਂਦਰ ਨੇ ਪੰਜਾਬ ਨੂੰ ਬਾਕੀ ਰਾਜਾਂ ਨਾਲ 50 ਕਿਲੋਮੀਟਰ ਤਕ ਦਾ ਏਰੀਆ ਬੀਆਸਐਫ ਦੇ ਅਧਿਕਾਰ ਵਿੱਚ ਦੇਣਾ ਗਲਤ ਫੈਸਲਾ ਹੈ।ਡਰਗ ਵਰੀ ਅਲਾਮਤ ਉੱਤੇ ਰੋਕ ਲਾਉਣ ਦਾ ਕੰਮ ਵੀ ਨਹੀਂ ਕਰਨਾ, ਜੇ ਕਰ ਕੇਂਦਰ ਨੇ ਫੈਸ਼ਲਾ ਲਿਆ ਤਾਂ ਉਸ ਦੀ ਨੁਤਾਚੀਨੀ ਕਰਨਾ, ਉਹ ਵੀ ਫੈਸ਼ਲਾ ਕੋਈ ਇੱਕਲਾ ਪੰਜਾਬ ਲਈ ਨਹੀ ਹੋਰ ਰਾਜਾਂ ਲਈ ਵੀ ਹੈ। ਬਲਕਿ ਗੁਜਰਾਤ ਵਿੱਚ ਤਾਂ ਪਹਿਲਾਂ ਹੀ 80 ਕਿਲੋਮੀਟਰ ਤਕ ਦਾ ਏਰੀਆਂ ਬੀਐਸਐਫ ਦੇ ਅਧਿਕਾਰ ਖੇਤਰ ਵਿੱਚ ਸੀ ਜਿਸ ਨੂੰ ਹੁਣ ਘਟਾਕੇ ਬਾਕੀ ਰਾਜਾਂ ਸਮੇਤ ਬਰਾਬਰ 50 ਕਿਲੋਮੀਟਰ ਤਕ ਕਰਨ ਦਾ ਫੈਸ਼ਲਾ ਲਿਆ ਹੈ।

ਇਸ ਤਰਾਂ ਦੀ ਰਾਜਨੀਤੀ ਨੂੰ ਦੇਖ ਕੇ ਇਹ ਹੀ ਕਹਿਣਾ ਪੈ ਜਾਂਦਾ ਹੈ ਪੰਜਾਬ ਅਤੇ ਪੰਜਾਬੀਆਂ ਦੇ ਦੁਸ਼ਮਣ ਪੰਜਾਬ ਦੇ ਨੇਤਾ ਹੀ ਰਹੇ ਹਨ। ਬੇਸ਼ਕ ਕਿਸੇ ਹੱਦ ਤੱਕ ਕੇਂਦਰ ਦਾ ਫੈਸ਼ਲਾ ਗਲਤ ਹੋ ਸਕਦਾ ਹੈ, ਪਰ ਬਾਰਡਰ ਦੇ ਪਾਰ ਤੋਂ ਆਉਣ ਵਾਲੇ ਨਸ਼ਿਆਂ ਜਾ ਹੋਰ ਤਰਾਂ ਦੇ ਨਾਜਾਇਜ਼ ਡਰਗ ਅਤੇ ਹੋਰ ਨਾਜਾਇਜ਼ ਕੰਮਾਂ ਨੂੰ ਰੋਕਣ ਪੰਜਾਬ ਦੀ ਅਕਾਲੀ ਅਤੇ ਕਾਂਗਰਸ ਸਰਕਾਰਾਂ ਫੇਲ ਰਹੇ ਹਨ।

ਦੂਜੇ ਪਾਸੇ ਗੱਲ ਕਰੀਏ, ਕਾਂਗਰਸ ਦੇ ਕਈ ਨੇਤਾਵਾਂ ਦਾ ਮੁੱਖਮੰਤਰੀ ਨਾਂ ਬਣ ਸਕਣ ਦਾ ਦਰਦ ਬਾਰ ਬਾਰ ਕਿਸੇ ਨਾਂ ਕਿਸੇ ਰੂਪ ਵਿੱਚ ਫੁੱਟਦਾ ਰਹਿੰਦਾ ਹੈ। ਇਸੇ ਕਾਰਨ ਮੁੱਖਮੰਤਰੀ ਚੰਨੀ ਸਾਹਿਬ ਦੇ ਖਿਲਾਫ ਮੰਦੀ ਭਾਸ਼ਾ ਦੇ ਸ਼ਬਦਨਵਜੋਤ ਸਿੱਧੂ ਨੇ ਪਿਛਲੇ ਦਿਨੀਂ ਵਰਤੇ ਸਨ। ਕੇਂਦਰ ਦੁਆਰਾ ਲਏ ਫੈਸਲੇ ਦਾ ਬੀਐਸਐਫ ਦਾ ਬਾਰਡਰ ਖੇਤਰ ਵਿੱਚ ਚੰਨੀ ਦਾ ਨਾਮ ਜੋੜ ਦੇਣਾ ਸ੍ਰੀਮਾਨ ਸੁਨੀਲ ਜਾਖੜ ਦਾ ਟਵੀਟ ਵੀ ਮੁੱਖ ਮੰਤਰੀ ਬਣਨ ਦੇ ਮਾਲਾਲ ਹੀ ਹੈ ਇਹ ਇਸ ਤੋਂ ਵੱਧ ਕੁੱਝ ਹੋਰ ਵੀ ਨਹੀ। ਪੰਜਾਬ ਕਾਂਗਰਸ ਪ੍ਰਧਾਨ ਹੋਣ ਦੇ ਨਾਤੇ ਸਾਢੇ ਚਾਰ ਸਾਲ ਨਸ਼ਿਆਂ ਨੂੰ ਰੋਕਣ ਲਈ ਜਾਖੜ ਸਾਹਿਬ ਕੁੱਝ ਨਹੀਂ ਕਰ ਕਰਾ ਸਕੇ।

ਬਿਨਾ ਸਿਰ ਪੈਰ ਅਤੇ ਅਧਾਰ ਹੀਣ ਦੋਸ਼ ਲਗਾ ਸੀਐਮ ਚਰਨਜੀਤ ਸਿੰਘ ਚੰਨੀ ਨੂੰ ਬਦਨਾਮ ਕਰਨ ਤੋਂ ਵੱਧ ਕੁੱਝ ਵੀ ਨਹੀਂ। ਐਸਸੀ ਸਮਾਜ ਦੇ ਗਰੀਬ ਪਿੱਛੋਕੜ ਵਿੱਚੋ ਆਏ ਸਰਦਾਰ ਚਰਨਜੀਤ ਸਿੰਘ ਚੰਨੀ ਦਾ ਪੰਜਾਬ ਦੇ ਮੁੱਖਮੰਤਰੀ ਬਣ ਜਾਣਾ, ਕਈ ਕਾਂਗਰਸੀ ਨੇਤਾਵਾਂ ਦੇ ਢਿੱਡ ਦੇ ਮਰੋੜ ਬਣਿਆ ਹੋਇਆ ਹੈ।

ਇਸ ਤੋਂ ਹੋਰ ਅੱਗੇ ਚੰਨੀ ਦੁਆਰਾ ਬਹੁਤ ਹੀ ਸੂਝ ਬੂਝ ਨਾਲ ਚੰਗੇ ਫੈਸਲਿਆਂ ਦੀ ਸਲਾਘਾ ਕਰਨ ਦੀ ਬਜਾਏ ਬਣ ਰਿਹਾ ਹੈ ਬਹੁਤ ਸਾਰੇ ਕਾਂਗਰਸੀ ਨੇਤਾਵਾਂ ਲਈ ਹੋਰ ਦਰਦ ਦਾ ਕਾਰਨ ਬਣ ਰਿਹਾ ਹੈ, ਅਤੇ ਉਹਨਾ ਦੇ ਕੱਦ ਛੋਟਾ ਕਰ ਰਿਹਾ ਹੈ । ਲੇਕਿਨ ਆਨੇ ਬਹਾਨੇ ਚੰਨੀ ਸਾਹਿਬ ਦੇ ਕੰਮਾ ਦੀ ਨੁਤਾਚੀਨੀ ਉਹਨੇ ਨੇਤਾਵਾਂ ਨੂੰ ਅਤੇ ਕਾਂਗਰਸ ਨੂੰ ਹੀ ਭਾਰੀ ਪੈ ਸਕਦੀ ਹੈ। ਕਾਂਗਰਸ ਨੂੰ ਮਜਬੂਤ ਕਰਨ ਲਈ, ਪਾਰਟੀ ਵਿੱਚ ਡਸਿਪਲਨ ਬਨਾਉਣ ਲਈ ਕਾਂਗਰਸ ਦੀ ਕੇਂਦਰੀ ਕਮੇਟੀ ਨੂੰ ਹੋਣਾ ਪਵੇਗਾ ਸਖਤ।

# ਨਵਾਂ ਨੋਟੀਫਿਕੇਸ਼ਨ ਬਾਰਡਰ ਕਰਾਈਮ ਦਾ ਹੱਲ ਨਹੀਂ


ਜੰਮੂ-ਕਸ਼ਮੀਰ ਅਤੇ ਲੱਦਾਖ ਕੇਂਦਰ ਅਧੀਨ ਰਾਜ ਵਿੱਚ 100% ਸ਼ਕਤੀਆਂ ਬੀਐਸਐਫ ਨੂੰ ਫਿਰ ਵੀ ਕਰੌਸ ਬਾਰਡਰ ਕਰਾਈਮ ਨਹੀਂ ਰੁਕ ਸਕੇਤਾਂ ਕੀ ਨਵਾਂ ਫੈਸ਼ਲਾ ਕੋਈ ਹੱਲ ਕਰ ਸਕੇਗਾ?

2014 ਦੇ ਨੋਟੀਫਿਕੇਸ਼ਨ ਨੇ ਉੱਤਰ-ਪੂਰਬੀ ਰਾਜਾਂ ਮਨੀਪੁਰ, ਮਿਜ਼ੋਰਮ, ਤ੍ਰਿਪੁਰਾ, ਨਾਗਾਲੈਂਡ ਅਤੇ ਮੇਘਾਲਿਆ ਅਤੇ ਜੰਮੂ-ਕਸ਼ਮੀਰ ਅਤੇ ਲੱਦਾਖ ਦੇ ਸੰਘ-ਪ੍ਰਸ਼ਾਸਿਤ ਪ੍ਰਦੇਸ਼ਾਂ ਵਾਲੇ "ਪੂਰੇ ਖੇਤਰ" ਵਿੱਚ ਬੀਐਸਐਫ ਦੇ ਅਧਿਕਾਰ ਖੇਤਰ ਦੀ ਆਗਿਆ ਦਿੱਤੀ ਸੀ।ਬਾਰਡਰ ਸਕਿਉਰਿਟੀ ਫੋਰਸ ਐਕਟ, 1968 ਦੀ ਧਾਰਾ 139 ਭਾਰਤ ਸਰਕਾਰ ਨੂੰ ਸਰਹੱਦੀ ਸੁਰੱਖਿਆ ਬਲ ਦੇ ਕਾਰਜ ਖੇਤਰ ਅਤੇ ਸਮੇਂ ਬਾਰੇ ਸਮੇਂ-ਸਮੇਂ ਤੇ ਸੂਚਿਤ ਕਰਨ ਦਾ ਅਧਿਕਾਰ ਦਿੰਦੀ ਹੈ।

ਅੰਤਰਰਾਸ਼ਟਰੀ ਸਰਹੱਦ ਦੇ ਅੰਦਰ ਭਾਰਤੀ ਸੀਮਾ ਸੁਰੱਖਿਆ ਬਲ ਦੇ ਆਪਰੇਸ਼ਨ ਦਾ ਅਧਿਕਾਰ ਖੇਤਰ 15 ਕਿਲੋਮੀਟਰ ਤੋਂ ਵਧਾ ਕੇ 50 ਕਿਲੋਮੀਟਰ ਕਰ ਦਿੱਤਾ ਗਿਆ ਹੈ ਅਤੇ ਇਸ ਦੇ ਅਧਿਕਾਰੀਆਂ ਨੂੰ ਤਸਕਰੀ ਨੂੰ ਰੋਕਣ ਲਈ ਤਿੰਨ ਸਰਹੱਦੀ ਸੂਬਿਆਂ ਪੱਛਮੀ ਬੰਗਾਲ, ਅਸਾਮ ਅਤੇ ਪੰਜਾਬ ਵਿੱਚ ਗ੍ਰਿਫਤਾਰ ਕਰਨ ਅਤੇ ਨਸ਼ੀਲੇ ਪਦਾਰਥਾਂ ਸਮੇਤਜ਼ਬਤ ਕਰਨ ਦੀ ਸ਼ਕਤੀ ਦਿੱਤੀ ਗਈ ਹੈ।

ਹਾਲਾਂਕਿ, ਬੀਐਸਐਫ ਨੂੰ ਕੰਟਰੋਲ ਕਰਨ ਵਾਲੇ ਭਾਰਤੀ ਗ੍ਰਹਿ ਮੰਤਰਾਲੇ ਦੇ ਇਸ ਕਦਮ ਨੇ ਤ੍ਰਿਣਮੂਲ ਕਾਂਗਰਸ ਸ਼ਾਸਤ ਪੱਛਮੀ ਬੰਗਾਲ ਅਤੇ ਕਾਂਗਰਸ ਸ਼ਾਸਤ ਪੰਜਾਬ ਵੱਲੋਂ ਤਿੱਖਾ ਪ੍ਰਤੀਕਰਮ ਦਿੱਤਾ ਹੈ ਜਿਸਨੇ ਇਸਨੂੰ ਕੇਂਦਰੀ ਏਜੰਸੀ-ਆਂਰਾਹੀਂ "ਸੰਘਵਾਦ 'ਤੇ ਸਿੱਧਾ ਹਮਲਾ" ਅਤੇ "ਦਖਲਅੰਦਾਜ਼ੀ ਦੀ ਕੋਸ਼ਿਸ਼" ਦੱਸਿਆ ਹੈ।" ਜਾਰੀ ਇੱਕ ਗਜ਼ਟ ਨੋਟੀਫਿਕੇਸ਼ਨ ਵਿੱਚ, ਗ੍ਰਹਿ ਮੰਤਰਾਲੇ ਨੇ ਕਿਹਾ ਕਿ ਉਹ ਬੀਐਸਐਫ ਦੇ ਅਧਿਕਾਰ ਖੇਤਰ ਵਿੱਚ 2014 ਦੇ ਪਹਿਲਾਂ ਦੇ ਨੋਟੀਫਿਕੇਸ਼ਨ ਵਿੱਚ ਸੋਧ ਕਰ ਰਿਹਾ ਹੈ ਤਾਂ ਕਿ ਉਹ ਉਨ੍ਹਾਂ ਰਾਜਾਂ ਵਿੱਚ ਆਪਣੀ ਸ਼ਕਤੀਆਂ ਦੀ ਵਰਤੋਂ ਕਰ ਸਕੇ ਜਿੱਥੇ ਇਹ ਅੰਤਰਰਾਸ਼ਟਰੀ ਸਰਹੱਦ ਦੀ ਰਾਖੀ ਕਰਦੇ ਹਨ।

ਨਵੀਨਤਮ ਨੋਟੀਫਿਕੇਸ਼ਨ ਬੀਐਸਐਫ ਨੂੰ ਕ੍ਰਿਮੀਨਲ ਪ੍ਰੋਸੀਜਰ ਕੋਡ (ਸੀਆਰਪੀਸੀ), ਪਾਸਪੋਰਟ ਐਕਟ ਅਤੇ ਪਾਸਪੋਰਟ (ਇੰਟਰੀ ਟੂ ਇੰਡੀਆ) ਐਕਟ, ਕਸਟਮਜ਼ ਐਕਟ ਅਤੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਵਿਰੋਧੀ ਕਾਨੂੰਨ ਦੇ ਅਧੀਨ ਇਹ ਕਾਰਵਾਈ ਕਰਨ ਦਾ ਅਧਿਕਾਰ ਦਿੰਦਾ ਹੈ।ਦਿਲਚਸਪ ਗੱਲ ਇਹ ਹੈ ਕਿ ਭਾਜਪਾ ਸ਼ਾਸਤ ਗੁਜਰਾਤ, ਜੋ ਕਿ ਸਰਹੱਦੀ ਰਾਜ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਦਾ ਗ੍ਰਹਿ ਰਾਜ ਹੈ, ਵਿੱਚ ਬੀਐਸਐਫ ਦਾ ਅਧਿਕਾਰ ਖੇਤਰ ਨਵੇਂ ਨੋਟੀਫਿਕੇਸ਼ਨ ਦੁਆਰਾ ਘਟਾ ਦਿੱਤਾ ਗਿਆ ਹੈ ਅਤੇ ਸਰਹੱਦ ਦੀ ਹੱਦ 80 ਕਿਲੋਮੀਟਰ ਤੋਂ ਘਟਾ ਕੇ 50 ਕਿਲੋਮੀਟਰ ਕਰ ਦਿੱਤੀ ਗਈ ਹੈ, ਜਦੋਂ ਕਿ ਰਾਜਸਥਾਨ ਵਿੱਚ ਘੇਰੇ ਦਾ ਖੇਤਰ 50 ਕਿਲੋਮੀਟਰ ਰੱਖਿਆ ਗਿਆ ਹੈ।ਨੋਟੀਫਿਕੇਸ਼ਨ ਵਿੱਚ ਮੇਘਾਲਿਆ, ਨਾਗਾਲੈਂਡ, ਮਿਜ਼ੋਰਮ, ਤ੍ਰਿਪੁਰਾ ਅਤੇ ਮਣੀਪੁਰ, ਜੰਮੂ - ਕਸ਼ਮੀਰ ਅਤੇ ਲੱਦਾਖ ਵਿੱਚ ਬੀਐਸਐਫ ਦੀ ਕਿਸੇ ਸੀਮਾ ਦਾ ਜ਼ਿਕਰ ਨਹੀਂ ਹੈ।




ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਟਵੀਟ ਕੀਤਾ: "ਮੈਂ ਅੰਤਰ-ਰਾਸ਼ਟਰੀ ਸਰਹੱਦਾਂ ਦੇ ਨਾਲ ਚੱਲ ਰਹੀ 50 ਕਿਲੋਮੀਟਰ ਬੈਲਟ ਦੇ ਅੰਦਰ ਬੀਐਸਐਫ ਨੂੰ ਵਾਧੂ ਸ਼ਕਤੀਆਂ ਦੇਣ ਦੇ ਭਾਰਤ ਸਰਕਾਰ (ਭਾਰਤ ਸਰਕਾਰ) ਦੇ ਇੱਕਪਾਸੜ ਫੈਸਲੇ ਦੀ ਸਖਤ ਨਿੰਦਾ ਕਰਦਾ ਹਾਂ, ਜੋ ਸੰਘਵਾਦ ਉੱਤੇ ਸਿੱਧਾ ਹਮਲਾ ਹੈ। ਮੰਤਰੀਅਮਿਤਸ਼ਾਹ ਇਸ ਤਰਕਹੀਣ ਫੈਸਲੇ ਨੂੰ ਤੁਰੰਤ ਵਾਪਸ ਲੈਣ।"ਪੱਛਮੀ ਬੰਗਾਲ ਦੇ ਟਰਾਂਸਪੋਰਟ ਮੰਤਰੀ ਅਤੇ ਟੀਐਮਸੀ ਨੇਤਾ ਫਿਰਹਾਦ ਹਕੀਮ ਨੇ ਕਿਹਾ, "ਕੇਂਦਰ ਸਰਕਾਰ ਦੇਸ਼ ਦੇ ਸੰਘੀ ਢਾਂਚੇ ਦੀ ਉਲੰਘਣਾ ਕਰ ਰਹੀ ਹੈ। ਕਾਨੂੰਨ ਵਿਵਸਥਾ ਰਾਜ ਦਾ ਵਿਸ਼ਾ ਹੈ ਪਰ ਕੇਂਦਰ ਸਰਕਾਰ ਕੇਂਦਰੀ ਏਜੰਸੀਆਂ ਰਾਹੀਂ ਦਖਲ ਦੇਣ ਦੀ ਕੋਸ਼ਿਸ਼ ਕਰ ਰਹੀ ਹੈ।"ਪੰਜਾਬ ਰਾਜ ਦੇ ਗ੍ਰਹਿ ਮੰਤਰੀ ਅਤੇ ਕਾਂਗਰਸੀ ਨੇਤਾ ਸੁਖਜਿੰਦਰ ਸਿੰਘ ਰੰਧਾਵਾ ਨੇ ਇਸ ਕਦਮ ਦੀ ਤੁਲਨਾ "ਅੰਦਰੂਨੀ ਐਮਰਜੈਂਸੀ" ਲਗਾਉਣ ਨਾਲ ਕੀਤੀ।

ਮੇਘਾਲਿਆ, ਨਾਗਾਲੈਂਡ, ਮਿਜ਼ੋਰਮ, ਤ੍ਰਿਪੁਰਾ ਅਤੇ ਮਣੀਪੁਰ, ਜੰਮੂ -ਕਸ਼ਮੀਰ ਅਤੇ ਲੱਦਾਖ, ਰਾਜਸਥਾਨ, ਗੁਜਰਾਤ, ਪੰਜਾਬ ਅਤੇ ਬੰਗਾਲ ਰਾਜਾਂ ਦੇ ਨਵਾਂ ਨੋਟੀਫਿਕੇਸ਼ਨ, ਕੇਂਦਰ ਅਤੇ ਰਾਜਾਂ ਦੇ ਅਧਿਕਾਰ, ਰਾਜ ਸਰਕਾਰਾਂ ਦੇ ਵਖਰੇ ਵਖਰੇ ਪ੍ਰਤੀਕਰਮ ਹਨ। ਭਾਰਤ ਦੀ ਅਜਾਦੀ ਦੇ ਬਾਅਦ ਭਾਰਤ ਦੇ ਕਿਸੇ ਵੀ ਰਾਜਨੀਤਿਕ ਦਲ ਦੇ ਕੇਂਦਰ ਜਾ ਰਾਜ ਦੀਆਂ ਸਰਕਾਰ ਦੀ ਸੱਤਾ ਵਿੱਚ ਹੋਣ ਸਮੇਂ ਦੇ ਕੰਮ ਅਤੇ ਕੀਤੇ ਕੰਮਾ ਦੀ ਪੈਰਵਾਈ ਕਰਨ ਦੇ ਅੰਦਾਜ ਵਿੱਚ ਬਹੁਤਾ ਅੰਤਰ ਨਹੀਂ ਹੁੰਦਾ। ਇਸੇ ਤਰਾਂ ਜਦੋਂ ਇਹੋ ਹੀ ਰਾਜਨੀਤਿਕ ਦਲ ਦੇ ਕੇਂਦਰ ਜਾ ਰਾਜ ਦੀਆਂ ਸਰਕਾਰ ਦੀ ਸੱਤਾ ਤੋਂ ਬਾਹਰ ਹੁੰਦੇ ਹਨ ਜਾ ਵਿਰੋਧ ਧਿਰ ਵਿੱਚ ਹੁੰਦੇ ਹਨ ਤਾਂ ਵੀ ਆਪਣੀ ਯਥਾ ਸ਼ਕਤੀ ਅਨੂਸਾਰ ਲਗਭਗ ਸਭ ਦਾ ਪ੍ਰਤੀਕਰਮ ਇੱਕੋ ਜਿਹਾ ਹੀ ਹੁੰਦਾ ਹੈ। ਇਮਾਨਦਾਰੀ ਨਿਰਪੱਖ ਹੋਕੇ ਜੇ ਕਰ ਲੇਖਾ ਜੋਖਾ ਕੀਤਾ ਜਾਵੇ ਤਾਂ ਜੋ ਕੇਂਦਰ ਵਿੱਚ ਮਜਬੂਤ ਕਾਂਗਰਸ ਦੀਆਂ ਨਹਿਰੂ, ਇੰਦਰਾ ਦੀ ਲੰਮਾ ਸਮਾਂ ਸਰਕਾਰ ਰਹਿਣ ਦੇ ਬਾਅਦ ਭਾਜਪਾ ਦੀ ਮੋਦੀ ਦੀ ਦੂਜੀ ਵਾਰ ਮਜਬੂਤ ਸਰਕਾਰ ਫੈਸ਼ਲਾ ਲੈ ਰਹੀ ਹੈ। ਜਿਸ ਤਰਜ ਉੱਤੇ ਕਾਂਗਰਸ ਦੀਆਂ ਮਜਬੂਤ ਸਰਕਾਰਾਂ ਫੈਸ਼ਲਾ ਲੈਂਦੀਆਂ ਰਹੀਆਂ ਹਨ। ਲਗਭਗ ਉਸੇ ਤਰਾਂ ਦੇ ਫੈਸ਼ਲੇ ਭਾਜਪਾ ਦੀ ਮੋਦੀ ਦੀ ਸਰਕਾਰ ਬਹੁਤੇ ਫੈਸ਼ਲੇ ਲੈ ਰਹੀ ਹੈ, ਕੇਂਦਰ ਦੇ ਫੈਸ਼ਲਿਆਂ ਉੱਤੇ ਫਰਕ ਕੇਵਲ ਵਿਰੋਧੀ ਧਿਰਾਂ ਦੇ ਕਮਜੋਰ ਜਾ ਮਜਬੂਤ ਹੋਣ ਦਾ ਹੀ ਫਰਕ ਪਾਉਂਦਾ ਰਿਹਾ ਹੈ।ਸੱਤਾ ਬੇਸ਼ਕ ਕੇਂਦਰ ਜਾ ਰਾਜ ਦੀ ਸਰਕਾਰ ਦੀ ਹੋਵੇ, ਸੱਤਾ ਵਿਚ ਬੈਠੇ ਲੋਕ ਉਹ ਸਭ ਦੇਖ ਨਹੀਂ ਪਾਉਂਦੇ, ਜੋ ਉਹ ਸੱਤਾ ਤੋਂ ਬਾਹਰ ਹੁੰਦੇ ਹੋਏ ਦੇਖਦੇ ਰਹੇ ਹੁੰਦੇ ਹਨ।

ਇਹ ਕਿਸੇ ਇੱਕ ਰਾਜਨੀਤਿਕ ਦਲ ਦੀ ਗੱਲ ਨਹੀਂ ਹੈ। ਬਿਨਾ ਸ਼ਰਤ ਭਾਜਪਾ ਦਾ ਸਮਰਥਨ ਦੇਣ ਵਾਲਾ ਬਾਦਲਾਂ ਦਾ ਆਪਣਾ ਅਕਾਲੀ ਦਲ ਜੋ ਬੋਲੀ ਸਰਕਾਰ ਵਿੱਚ ਹੁੰਦੇ ਹੋਏ ਬਾਲਦਾ ਰਿਹਾ ਹੈ, ਉਸ ਸਮੇਂ ਦੀਆਂ ਖਬਰਾਂ, ਵੀਡੀਓ ਦੇਖ ਕੇ ਕੋਈ ਵੀ ਅੰਦਾਜਾ ਲਗਾ ਸਕਦਾ ਹੈ। ਇਹੋ ਹਾਲ ਭਜਾਪਾ ਅਤੇ ਮੋਦੀ ਦਾ ਹੈ, ਉਹਨਾ ਦੀਆਂ ਵੀ ਕੇਂਦਰ ਦੀ ਕਾਂਗਰਸ ਦੀ ਸਰਕਾਰ ਦੇ ਫੈਸ਼ਲਿਆਂ ਦੀ ਅਲੋਚਨਾ ਕਰਨ ਦੀਆਂ ਖਬਰਾਂ ਅਤੇ ਵੀਡੀਓ ਸਾਰੀਆਂ ਨੂੰ ਲੋਕ ਦੇਖਦੇ ਸੁਣਦੇ ਰਹਿੰਦੇ ਹਨ।ਇਹ ਕੰਮ ਜੋ ਰਾਜਨੀਤਿਕ ਦਲ ਕਰ ਰਹੇ ਹਨ, ਹੁਣ ਇਕ ਰਾਜਨੀਤਿਕ ਪਰੰਪਰਾ ਬਣ ਗਿਆ ਦਿਖਣ ਲਗ ਪਿਆ ਹੈ। ਇਸ ਤੋ ਬਾਹਰ ਆ ਕੇ ਹੀ ਭਾਰਤ ਦੂਜੇ ਦੇਸ਼ਾਂ ਦਾ ਮੁਕਾਬਲਾ ਕਰ ਸਕਦਾ ਹੈ। ਰਾਜਨੀਤਿਕ ਨੇਤਿਕਤਾ ਦਾ ਨਿਘਾਰ ਜੋ ਪਿੱਛਲੇ 7 ਸਾਲਾਂ ਦੇ ਉਸ ਨੇ ਭਾਰਤ ਦੇ ਦਰਜੇ ਨੂੰ ਵਿਸ਼ਵ ਦੇ ਹੋਰਾਂ ਦੇਸ਼ਾਂ ਦੇ ਮੁਕਾਬਲੇ ਦਰਜਾ ਬਹੁਤ ਜਿਆਦਾ ਨੀਵਾਂ ਕੀਤਾ ਹੈ ਉਹ ਭਾਵੇਂ ਭ੍ਰਿਸ਼ਟਾਚਾਰ, ਗਰੀਬੀ, ਰੁਜ਼ਗਰ, ਨਿਆਏ, ਸੁਰੱਖਿਆ, ਸਿੱਖਿਆ ਦੇ ਮਿਆਰ ਅਤੇ ਵਿਕਾਸ ਦਰ ਵਰਗੇ ਦੇ ਮਾਮਲਿਆਂ ਦੇ ਸਬੰਧ ਵਿੱਚ ਹੋਵੇ। ਇਸ ਗਿਰਦੇ ਮਿਆਰ ਦੇ ਪ੍ਰਤੀ ਸਾਰਿਆਂ ਹੀ ਦਲਾਂ ਨੂੰ ਬਹੁਤ ਸੁਹਿਰਦਤਾ ਨਾਲ ਵਿਚਾਰ ਕਰਨਾ ਬਣਦੇ ਹੈ।


ਹਰਦੀਪ ਸਿੰਘ ਚੁੰਬਰ
+91-94636-01616

ਵਿਚਾਰ ਕਰਕੇ ਰਾਹ ਬਦਲਣਾ ਪਵੇਗਾ ਕਿਸ ਤਰਾਂ ਭਾਰਤੀਆਂ ਦੇ ਨੈਤਿਕਤਾ ਦੇ ਡਿਗਦੇ ਕਿਰਦਾਰ ਨੂੰ ਉਸਾਰਿਆ ਜਾਵੇ। ਕੇਵਲ ਸੁਰਖਿਆ ਏਜੰਸੀਆਂ ਦੀ ਅਦਲਾ ਬਦਲੀ ਨਾਲ ਬਹੁਤਾ ਫਰਕ ਨਹੀਂ ਪੈਂਦਾ, ਕਿਉਂ ਕਿ ਉਹ ਵੀ ਦੂਜੀ ਸੁਰਖਿਆ ਏਜੰਸੀ ਵਾਲੇ ਵੀ ਤਾਂ ਉਹਨਾ ਹੀ ਸਕੂਲਾਂ ਕਾਲਿਜਾਂ ਵਿੱਚੋਂ ਉਹ ਜਿਹੀ ਸਿੱਖਿਆ ਲੈਕੇ ਪੜੇ ਹੁੰਦੇ ਹਨ, ਅਤੇ ਦੂਜੀ ਸੁਰਖਿਆ ਏਜੰਸੀ ਵਾਲਿਆਂ ਦੀ ਤਰਾਂ ਇਸੇ ਭਾਰਤੀ ਸਮਾਜ ਦੇ ਅੰਗ ਹੁੰਦੇ ਹਨ। ਸਿੱਖਿਆ ਦੇ ਮਿਆਰਾਂ ਨੂੰ ਸੁਧਾਰਨਾ ਹੋਵੇਗਾ, ਸੰਵਿਧਾਨ ਅਤੇ ਨੈਤਿਕਤਾ ਨੂੰ ਸਿੱਖਿਆ ਦਾ ਜਰੂਰੀ ਅੰਗ ਬਨਾਉਣਾ ਹੋਵੇਗਾ। ਲੰਮੀ ਪ੍ਰਕਿਰਿਆ ਹੈ, ਸੰਭਵ ਹੈ, ਇਹੋ ਰਾਹ ਹੈ ਵਿਕਾਸ਼ ਦੇ ਸਹੀ ਰਾਹ ਜਾਣ ਲਈ।

# ਆਦਿਵਾਸੀ ਕਦੇ ਵੀ ਹਿੰਦੂ ਨਹੀਂ ਸਨ, ਉਹ ਕਦੇ ਨਹੀਂ ਹੋਣਗੇ: ਝਾਰਖੰਡ ਦੇ ਮੁੱਖ ਮੰਤਰੀ

ਝਾਰਖੰਡ ਦੇ ਮੁੱਖ ਮੰਤਰੀ ਹੇਮੰਤ ਸੋਰੇਨ ਨੇ ਐਤਵਾਰ ਨੂੰ ਕਿਹਾ ਕਿ "ਆਦਿਵਾਸੀ ਕਦੇ ਵੀ ਹਿੰਦੂ ਨਹੀਂ ਸਨ ਅਤੇ ਉਹ ਕਦੇ ਵੀ ਨਹੀਂ ਹੋਣਗੇ" ਅਤੇ ਇਸ ਬਾਰੇ ਕੋਈ ਭੰਬਲਭੂਸਾ ਨਹੀਂ ਹੋਣਾ ਚਾਹੀਦਾ। ਉਨ੍ਹਾਂ ਨੇ ਅੱਗੇ ਕਿਹਾ ਕਿ ਆਦਿਵਾਸੀ ਸਮਾਜ ਹਮੇਸ਼ਾਂ ਕੁਦਰਤ ਦੇ ਉਪਾਸਕਾਂ ਦਾ ਰਿਹਾ ਹੈ, ਅਤੇ ਇਹੀ ਕਾਰਨ ਹੈ ਕਿ ਉਨ੍ਹਾਂ ਨੂੰ "ਸਵਦੇਸ਼ੀ ਲੋਕ" ਵਜੋਂ ਗਿਣਿਆ ਜਾਂਦਾ ਹੈ।

ਸੋਰੇਨ ਸ਼ਨੀਵਾਰ ਰਾਤ ਨੂੰ ਹਾਰਵਰਡ ਯੂਨੀਵਰਸਿਟੀ ਵਿਖੇ 18 ਵੀਂ ਸਲਾਨਾ ਭਾਰਤ ਕਾਨਫਰੰਸ ਵਿੱਚ ਵਰਚੁਅਲ ਲੈਕਚਰ ਦੇਣ ਤੋਂ ਬਾਅਦ ਇਸ ਸਵਾਲ ਦੇ ਜਵਾਬ ਦੇ ਰਹੇ ਸਨ ਕਿ ਕੀ ਆਦਿਵਾਸੀ ਹਿੰਦੂ ਸਨ? ਸੈਸ਼ਨ ਦਾ ਸੰਚਾਲਨ ਸੂਰਜ ਯੇਂਗਡੇ, ਸੀਨੀਅਰ ਫੈਲੋ, ਹਾਰਵਰਡ ਕੈਨੇਡੀ ਸਕੂਲ ਨੇ ਕੀਤਾ।

ਉਨ੍ਹਾਂ ਕਿਹਾ, "ਸਾਡੇ ਰਾਜ ਵਿੱਚ 32 ਕਬਾਇਲੀ ਭਾਈਚਾਰੇ ਹਨ, ਪਰ ਝਾਰਖੰਡ ਵਿੱਚ ਅਸੀਂ ਆਪਣੀ ਭਾਸ਼ਾ, ਸੱਭਿਆਚਾਰ ਨੂੰ ਉਤਸ਼ਾਹਤ ਨਹੀਂ ਕਰ ਸਕੇ ਹਾਂ।"

ਮੁੱਖ ਮੰਤਰੀ ਨੇ ਕਿਹਾ, "ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਸਰਕਾਰ ਨੇ ਕੇਂਦਰ ਸਰਕਾਰ ਤੋਂ ਅਗਲੀ ਮਰਦਮਸ਼ੁਮਾਰੀ ਵਿੱਚ ਆਦਿਵਾਸੀਆਂ ਲਈ ਇੱਕ ਵੱਖਰਾ ਕਾਲਮ ਬਣਾਉਣ ਦੀ ਮੰਗ ਕੀਤੀ ਹੈ ਤਾਂ ਜੋ ਉਹ ਸੁਰੱਖਿਆ ਦੇ ਨਾਲ ਆਪਣੀ ਪਰੰਪਰਾ ਅਤੇ ਸਭਿਆਚਾਰ ਨੂੰ ਜਾਰੀ ਰੱਖ ਸਕਣ। "ਆਦਿਵਾਸੀ ਕਦੇ ਵੀ ਹਿੰਦੂ ਨਹੀਂ ਸਨ ਅਤੇ ਉਹ ਕਦੇ ਨਹੀਂ ਹੋਣਗੇ ।।। ਆਦਿਵਾਸੀ ਕਿੱਥੇ ਜਾਣਗੇ, ਕੀ ਉਹ ਹਿੰਦੂ, ਸਿੱਖ, ਜੈਨ, ਮੁਸਲਿਮ, ਈਸਾਈ .ਮਰਦਮਸ਼ੁਮਾਰੀ ਵਿੱਚ॥ ਲਿਖਣਗੇ ।।। ਮੈਨੂੰ ਪਤਾ ਲੱਗਾ ਕਿ ਇਹਨਾਂ ਲੋਕਾਂ .ਕੇਂਦਰ ਸਰਕਾਰ॥ ਨੇ'ਹੋਰ' ਕਾਲਮ ਹਟਾ ਦਿੱਤਾ ਹੈ। ਅਜਿਹਾ ਲਗਦਾ ਹੈ ਕਿ ਉਨ੍ਹਾਂ ਨੂੰ ਸਿਰਫ ਇਸ ਵਿੱਚ ਸਮਾਯੋਜਿਤ ਕਰਨਾ ਪਏਗਾ।"

ਉਸਨੇ ਅੱਗੇ ਕਿਹਾ, "ਸੋਰੇਨ ਨੇ ਕਿਹਾ ਕਿ ਰਾਜ ਸਰਕਾਰ ਦਾ ਫੋਕਸ ਇਸ ਸਾਲ ਲੋਕਾਂ ਨੂੰ ਨੌਕਰੀਆਂ ਪ੍ਰਦਾਨ ਕਰਨਾ ਹੈ, ਪਰ ਕੇਂਦਰ ਸਰਕਾਰ ਨੌਕਰੀਆਂ ਬਾਰੇ ਗੱਲ ਨਹੀਂ ਕਰ ਰਹੀ ਹੈ। "ਅਤੇ ਇਹ ਕਿਉਂ ਹੋਣਾ ਚਾਹੀਦਾ ਹੈ। ਜੇ ਕੇਂਦਰ ਸਰਕਾਰ ਉਨ੍ਹਾਂ ਨੂੰ ਨੌਕਰੀਆਂ ਦਿੰਦੀ ਹੈ, ਅਤੇ ਹਰ ਕੋਈ ਵਿਅਸਤ ਰਹੇਗਾ, ਤਾਂ ਕੌਣ ਭਾਜਪਾ ਦਾ ਝੰਡਾ ਚੁਕੇਗਾ।"

ਉਨ੍ਹਾਂ ਨੇ ਰਾਜ ਦੀ ਪਿਛਲੀ ਭਾਜਪਾ ਸਰਕਾਰ ਨੂੰ ਆਪਣੇ ਰਾਜਨੀਤਿਕ ਏਜੰਡੇ ਦੀ ਪ੍ਰਾਪਤੀ ਲਈ ਕਾਨੂੰਨ ਦੀ ਵਰਤੋਂ ਕਰਨ 'ਤੇ ਵੀ ਨਿਸ਼ਾਨਾ ਸਾਧਿਆ ਅਤੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਇੱਕ ਕਾਰਕੁਨ ਫਾਦਰ ਸਟੈਨ ਸਵਾਮੀ ਨੂੰ ਸਾਜ਼ਿਸ਼ਕਾਰ ਕਰਾਰ ਦਿੱਤੇ ਜਾਣ ਤੋਂ ਬਾਅਦ ਜੇਲ੍ਹ ਭੇਜਿਆ ਗਿਆ ਹੈ। ਝਾਰਖੰਡ ਦੇ ਖਣਿਜਾਂ ਨਾਲ ਭਰਪੂਰ ਰਾਜ ਹੋਣ ਦੇ ਪਿਛੋਕੜ ਵਿੱਚ "ਖਾਨਾਨ ਨਹੀਂ, ਪਰਿਯਟਨ (ਸੈਰ ਸਪਾਟਾ, ਖਣਿਜ ਨਹੀਂ)" ਦੇ ਹਾਲ ਹੀ ਦੇ ਰਾਜ ਨਾਅਰੇ ਬਾਰੇ ਪੁੱਛੇ ਜਾਣ 'ਤੇ ਮੁੱਖ ਮੰਤਰੀ ਨੇ ਕਿਹਾ ਕਿ ਦੁਨੀਆ ਦੇ ਲਗਭਗ ਸਾਰੇ ਦੇਸ਼ ਜਿੱਥੇ ਖਣਿਜਾਂ ਦੀ ਖਣਨ ਹੁੰਦੀ ਹੈ, ("ਝਾਰਖੰਡ")ਇੱਕ ਚੰਗੇ ਰਾਜਵਿੱਚ ਨਹੀਂ ਹਨ। ਉਨ੍ਹਾਂ ਨੇ ਵਿਕਾਸ ਦੇ ਨਵੇਂ ਉਪਾਅ ਵਜੋਂ ਸੈਰ ਸਪਾਟੇ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ, "ਜਿਨ੍ਹਾਂ ਜੰਗਲਾਂ ਨੂੰ ਆਦਿਵਾਸੀ ਦੇਵਤਾ ਮੰਨਦੇ ਹਨ, ਦੂਸਰੇ ਉਨ੍ਹਾਂ ਜੰਗਲ ਖੇਤਰਾਂ ਨੂੰ ਖਾਣਾਂ ਅਤੇ ਖਣਿਜਾਂ ਵਜੋਂ ਵੇਖਦੇ ਹਨ।"

ਸੋਰੇਨ ਨੇ ਕਿਹਾ ਕਿ ਅਨੁਸੂਚਿਤ ਜਾਤੀ ਅਤੇ ਅਨੁਸੂਚਿਤ ਜਨਜਾਤੀ ਭਾਈਚਾਰੇ ਦੇ ਲੋਕਾਂ ਨੂੰ ਸਾਲਾਂ ਤੋਂ ਨਜ਼ਰ ਅੰਦਾਜ਼ ਅਤੇ ਦਮਨ ਕੀਤਾ ਗਿਆ ਹੈ। "ਮਾਨਸਿਕਤਾ ਨਹੀਂ ਬਦਲੀ ਹੈ। ਮੈਂ ਅਕਸਰ ਲੋਕਾਂ ਨੂੰ ਆਦਿਵਾਸੀ/ਐਸਸੀ/ਐਸਟੀ ਨੂੰ ਇਹ ਕਹਿੰਦਿਆਂ ਸੁਣਦਾ ਹਾਂ ਕਿ 'ਤੁਮ ਲਾਗ ਹੈ ਲੈਕ ਨਾ ਹੋ (ਤੁਸੀਂ ਲੋਕ ਕਾਬਲ ਨਹੀਂ ਹੋ)', "ਉਸਨੇ ਕਿਹਾ। ਆਪਣੀ ਉਦਾਹਰਣ ਦਿੰਦੇ ਹੋਏ, ਉਨ੍ਹਾਂ ਨੇ ਕਿਹਾ ਕਿ ਇੱਕ ਆਦਿਵਾਸੀ ਹੋਣ ਦੇ ਬਾਵਜੂਦ ਉਹ ਮੁੱਖ ਮੰਤਰੀ ਦੇ ਅਹੁਦੇ 'ਤੇ ਪਹੁੰਚੇ ਪਰ ਇਹ ਆਸਾਨ ਨਹੀਂ ਸੀ।

"ਸੰਵਿਧਾਨ ਵਿੱਚ ਸੁਰੱਖਿਆ ਦੇ ਬਾਵਜੂਦ, ਆਦਿਵਾਸੀਆਂ ਨੂੰ ਉਨ੍ਹਾਂ ਦਾ ਬਣਦਾ ਹੱਕ ਨਹੀਂ ਮਿਲਦਾ, ਉਹ ਸਦੀਆਂ ਤੋਂ ਧੱਕੇ ਜਾਂਦੇ ਆ ਰਹੇ ਹਨ, ਅੱਜ ਵੀ ਇਹੀ ਮਾਨਸਿਕਤਾ ਹੈ। ਉਨ੍ਹਾਂ ਨੂੰ ਨਜ਼ਰ ਅੰਦਾਜ਼ ਕੀਤਾ ਜਾਂਦਾ ਹੈ, ਇਹ ਚਿੰਤਾ ਦਾ ਵਿਸ਼ਾ ਹੈ, "ਉਸਨੇ ਕਿਹਾ।

ਰਾਜ ਵਿੱਚ ਮਹਾਂਮਾਰੀ ਦੇ ਦੌਰਾਨ ਉਸਦੀ ਸਰਕਾਰ ਦੁਆਰਾ ਚੁੱਕੇ ਗਏ ਕਦਮਾਂ ਬਾਰੇ, ਉਸਨੇ ਕਿਹਾ ਕਿ ਹਾਲਾਂਕਿ ਬਹੁਤ ਸਾਰੇ ਮਜ਼ਦੂਰਾਂ ਦੀ ਮੌਤ ਹੋ ਗਈ, ਰਾਜ ਨੇ ਬਹੁਤ ਸਾਰੇ ਲੋਕਾਂ ਨੂੰ ਲੌਕਡਾਊਨ ਦੌਰਾਨ ਮੁਹੱਈਆ ਕਰਵਾਇਆ ਸੀ।

ਉਨ੍ਹਾਂ ਕਿਹਾ ਕਿ 2021 ਰੁਜ਼ਗਾਰ ਦਾ ਸਾਲ ਹੋਵੇਗਾ ਅਤੇ ਸਰਕਾਰੀ ਨੌਕਰੀਆਂ ਦੇ ਚਾਹਵਾਨਾਂ ਲਈ ਵਧੇਰੇ ਅਸਾਮੀਆਂ ਖਾਲੀ ਕੀਤੀਆਂ ਜਾਣਗੀਆਂ। ਇਹੀ ਕਾਰਨ ਹੈ ਕਿ ਸਰਕਾਰ ਆਦਿਵਾਸੀਆਂ ਦੇ ਬੱਚਿਆਂ ਨੂੰ ਵਿਦੇਸ਼ਾਂ ਵਿੱਚ ਉੱਘੀਆਂ ਵਿਦਿਅਕ ਸੰਸਥਾਵਾਂ ਵਿੱਚ ਸਿੱਖਿਆ ਪ੍ਰਾਪਤ ਕਰਨ ਦੇ ਮੌਕੇ ਪ੍ਰਦਾਨ ਕਰ ਰਹੀ ਹੈ। ਭਾਰਤ ਸਰਕਾਰ ਵੀ ਅਜਿਹੀਆਂ ਯੋਜਨਾਵਾਂ ਚਲਾਉਂਦੀ ਹੈ। ਉਨ੍ਹਾਂ ਕਿਹਾ ਕਿ ਪਰ ਆਦਿਵਾਸੀ ਬੱਚਿਆਂ ਨੂੰ ਲਾਭ ਨਹੀਂ ਮਿਲਦਾ। ਉਨ੍ਹਾਂ ਕਿਹਾ, "ਰਾਜ ਨੂੰ ਬਣਿਆਂ 20 ਸਾਲ ਹੋ ਗਏ ਹਨ ਪਰ ਝਾਰਖੰਡ ਅਜੇ ਉੱਥੇ ਨਹੀਂ ਪਹੁੰਚਿਆ ਜਿੱਥੇ ਇਸ ਨੂੰ ਹੋਣਾ ਚਾਹੀਦਾ ਸੀ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਸਰਕਾਰ ਨੇ ਉਨ੍ਹਾਂ ਦੇ ਵਿਕਾਸ ਲਈ ਇੱਕ ਕਬਾਇਲੀ ਯੂਨੀਵਰਸਿਟੀ ਸ਼ੁਰੂ ਕਰਨ ਦਾ ਫੈਸਲਾ ਕੀਤਾ ਹੈ।

# 'ਢਾਹਾਂ ਸਾਹਿਤ ਪੁਰਸਕਾਰ' ਨੇ ਬਣਾਈ ਪਿੰਡ ਢਾਹਾਂ ਦੀ ਕੌਮਾਂਤਰੀ ਪਛਾਣ

## ਆਰ ਤੇ ਪਾਰ ਦੇ ਪੰਜਾਬੀ ਲੇਖਕਾਂ ਨੂੰ ਹਰ ਵਰ੍ਹੇ ਦਿੱਤੀ ਜਾਂਦੀ ਹੈ 45 ਹਜ਼ਾਰ ਡਾਲਰ ਦੀ ਨਗਦੀ

**ਬੰਗਾ (ਸੁਰਜੀਤ ਮਜਾਰੀ)-** ਇਥੋਂ ਨਜ਼ਦੀਕੀ ਪਿੰਡ ਢਾਹਾਂ ਨੂੰ ਪੰਜਾਬੀ ਸਾਹਿਤ 'ਚ ਸੱਭ ਤੋਂ ਵੱਡੀ ਰਾਸ਼ੀ ਵਾਲਾ ਪੁਰਸਕਾਰ ਦੇਣ ਲਈ ਕੌਮਾਂਤਰੀ ਪਛਾਣ ਮਿਲੀ ਹੈ। ਇਹ ਕਾਰਜ ਪਿੰਡ ਢਾਹਾਂ ਵਾਸੀ ਬਰਜਿੰਦਰ ਸਿੰਘ ਢਾਹਾਂ ਆਪਣੀ ਜਨਮ ਭੂਮੀਂ ਨੂੰ ਸਿਜਦਾ ਕਰਦਿਆਂ ਆਪਣੀ ਕਰਮ ਭੂਮੀ ਵੈਨਕੋਵਰ ਤੋਂ ਕਰਦੇ ਆ ਰਹੇ ਹਨ। ਇਸ ਵਾਰ ਇਸ ਪੁਰਸਕਾਰ ਲਈ ਲਾਹੌਰ ਦੇ ਲੇਖਕ ਨੈਨ ਸੁੱਖ ਦੀ ਪੁਸਤਕ 'ਜੋਗੀ ਸੱਪ ਤਰਾਹ' ਨੂੰ ਚੁਣਿਆਂ ਗਿਆ ਹੈ। ਅਣਵੰਡੇ ਪੰਜਾਬ ਦੀ ਲੋਕਧਾਰੀ ਵਿਰਾਸਤ ਅਤੇ ਸਰਬ ਸਾਂਝੇ ਇਤਿਹਾਸ 'ਚੋਂ ਵੰਨ ਸਵੰਨੇ ਵਿਸ਼ਿਆਂ ਨੂੰ ਮੋਹ ਤੇ ਨਿਰਪੱਖਤਾ ਨਾਲ ਚਿਤਰਨ ਕਰਨ ਲਈ ਐਲਾਨੇ ਇਸ ਇਨਾਮ 'ਚ 25 ਹਜ਼ਾਰ ਡਾਲਰ ਸ਼ਾਮਲ ਹਨ। ਇਵੇਂ ਵੀਹ ਹਜ਼ਾਰ ਡਾਲਰ ਦੀ ਬਰਾਬਰ ਨਗਦੀ ਵਾਲੇ ਉਤਸ਼ਾਹੂ ਪੁਰਸਕਾਰ 'ਆਪਣੇ ਆਪਣੇ ਮਰਸੀਏ' (ਸਰਘੀ, ਅੰਮ੍ਰਿਤਸਰ) ਅਤੇ 'ਮਿੱਟੀ ਬੋਲ ਪਈ' (ਬਲਵੀਰ ਮਾਧੋਪੁਰੀ, ਨਵੀਂ ਦਿੱਲੀਂ) ਨੂੰ ਸ਼ਾਮਲ ਹਨ। 'ਢਾਹਾਂ ਕੈਨੇਡਾ ਇੰਡੀਆ ਐਜੂਕੇਸ਼ਨ ਸੁਸਾਇਟੀ' ਦੇ ਬੈਨਰ ਹੇਠ ਹੋਈ ਇਸ ਵਾਰ ਦੀ ਪ੍ਰਤੀਯੋਗਤਾ 'ਚ ਭਾਰਤ ਤੇ ਪਾਕਿਸਤਾਨ ਤੋਂ 40 ਨਾਮਵਰ ਪੁਸਤਕਾਂ ਦਰਜ਼ ਹੋਈਆਂ ਸਨ। 'ਢਾਹਾਂ ਸਾਹਿਤ ਪੁਰਸਕਾਰ' ਪ੍ਰਤੀ ਪਿੰਡ ਢਾਹਾਂ ਵਿਖੇ ਖੁਸ਼ੀ ਦਾ ਇਜ਼ਹਾਰ ਕਰਦਿਆਂ ਸਮਾਜ ਸੇਵੀ ਜੱਥੇਦਾਰ ਕੁਲਵਿੰਦਰ ਸਿੰਘ ਢਾਹਾਂ ਅਤੇ ਸਾਬਕਾ ਸਰਪੰਚ ਗੁਰਦੀਪ ਸਿੰਘ ਨੇ ਕਿਹਾ ਕਿ ਉਹਨਾਂ ਦੇ ਪਿੰਡ ਨੂੰ ਪੰਜਾਬੀ ਸਾਹਿਤ ਦੀ ਸੇਵਾ ਕਰਨ ਦਾ ਮਾਣ ਮਿਲਣਾ ਵੱਡੀ ਪ੍ਰਾਪਤੀ ਹੈ ਜਿਸ ਨਾਲ ਸਰਹੱਦ ਦੇ ਦੋਹਾਂ ਪਾਸੇ ਵਸੇ ਪੰਜਾਬ ਦੀ ਸਾਂਝੀ ਧੜਕਣ ਵਜੋਂ



ਪੰਜਾਬੀ ਭਾਸ਼ਾ ਦੇ ਬਹੁਪੱਖੀ ਵਿਕਾਸ 'ਚ ਯੋਗਦਾਨ ਪੈ ਰਿਹਾ ਹੈ।

### ਸਿਹਤ ਤੇ ਸਾਹਿਤ ਦੀ ਸੇਵਾ ਦਾ ਸੁਮੇਲ ਬਣੇ ਪਿਤਾ ਪੁੱਤਰ

ਪਿੰਡ ਢਾਹਾਂ 'ਚ ਚੰਡੀਗੜ੍ਹ/ਜਲੰਧਰ ਮੁੱਖ ਮਾਰਗ 'ਤੇ ਗੁਰੂ ਨਾਨਕ ਮਿਸ਼ਨ ਹਸਪਤਾਲ ਦੇ ਸੰਸਥਾਪਕ ਸਵ। ਬੁੱਧ ਸਿੰਘ ਢਾਹਾਂ ਦਾ ਸਿਹਤ ਸੇਵਾ ਵਜੋਂ ਵੱਡਾ ਯੋਗਦਾਨ ਹੈ ਜਿੱਥੇ ਪੇਂਡੂ ਖੇਤਰ 'ਚ ਰਿਆਇਤੀ ਦਰਾਂ 'ਤੇ ਮੈਡੀਕਲ ਸਹੂਲਤਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ। ਉਹਨਾਂ ਦੇ ਫਰਜ਼ੰਦ ਬਰਜਿੰਦਰ ਸਿੰਘ ਢਾਹਾਂ ਨੇ ਸਾਹਿਤ ਦੀ ਸੇਵਾ ਕਰਦਿਆਂ ਸੱਭ ਤੋਂ ਵੱਡੀ ਰਾਸ਼ੀ ਵਾਲਾ ਪੁਰਸਕਾਰ ਦੇਣ ਨਾਲ ਵਿਲੱਖਣ ਯੋਗਦਾਨ ਪਾਇਆ ਹੈ। ਪਿਤਾ-ਪੁੱਤਰ ਦੀ ਇਹ ਜੋੜੀ ਦੇਸ਼ ਵਿਦੇਸ਼ ਦੇ ਪੰਜਾਬੀ ਭਾਈਚਾਰੇ 'ਚ ਸਿਹਤ ਤੇ ਸਾਹਿਤ ਦੀ ਸੇਵਾ ਦੇ ਸੁਮੇਲ ਵਜੋਂ ਪ੍ਰਮਾਣਿਤ ਹੋਈ ਹੈ।

# ਅਧਿਆਪਕ ਵਿਹੂਣੇ ਸਕੂਲ ਅਤੇ ਸਰਕਾਰੀ ਸਕੂਲਾਂ ਦੀ ਡਿੱਗਦੀ ਸਾਖ



ਗੁਰਮੀਤ ਪਲਾਹੀ
91-98158-02070

ਯੂਨੈਸਕੋ (ਦੀ ਯੂਨਾਈਟੈਡ ਨੈਸ਼ਨਲ ਐਜੂਕੇਸ਼ਨਲ, ਸੈਂਟੇਫਿਕ ਐਂਡ ਕਲਚਰਲ ਆਰਗੇਨਾਈਜੇਸ਼ਨ) ਨੇ ਵਿਸ਼ਵ ਅਧਿਆਪਕ ਦਿਵਸ (5 ਅਕਤੂਬਰ 2021) ਮੌਕੇ ਭਾਰਤ ਵਿੱਚ ਸਿੱਖਿਆ ਦੀ ਸਥਿਤੀ ਬਾਰੇ ਇੱਕ ਰਿਪੋਰਟ ਛਾਪੀ ਹੈ। ਇਸ ਰਿਪੋਰਟ ਅਨੁਸਾਰ ਭਾਰਤ ਦੇ ਇੱਕ ਲੱਖ ਵੀਹ ਹਜ਼ਾਰ ਸਕੂਲ ਸਿਰਫ਼ ਇੱਕ ਅਧਿਆਪਕ ਨਾਲ ਚਲਦੇ ਹਨ, ਜਿਹਨਾ ਵਿੱਚ 89 ਫ਼ੀਸਦੀ ਪੇਂਡੂ ਇਲਾਕਿਆਂ 'ਚ ਹਨ। ਕੁਲ ਮਿਲਾਕੇ ਭਾਰਤੀ ਸਕੂਲਾਂ ਦੀਆਂ ਅਧਿਆਪਕਾਂ ਸਬੰਧੀ ਲੋੜਾਂ ਪੂਰੀਆਂ ਕਰਨ ਲਈ ਗਿਆਰਾਂ ਲੱਖ ਸੋਲਾਂ ਹਜ਼ਾਰ ਨਵੇਂ ਅਧਿਆਪਕਾਂ ਦੀ ਇਸ ਸਮੇਂ ਲੋੜ ਹੈ।

ਇੱਕ ਲੱਖ ਤੋਂ ਜ਼ਿਆਦਾ ਸਕੂਲਾਂ ਵਿੱਚ ਕੇਵਲ ਇੱਕ ਅਧਿਆਪਕ ਦਾ ਨਿਯੁੱਕਤ ਹੋਣਾ ਅਤੇ ਗਿਆਰਾਂ ਲੱਖ ਅਧਿਆਪਕਾਂ ਦੇ ਸਥਾਨ ਖਾਲੀ ਹੋਣਾ ਦੇਸ਼ ਵਿੱਚ ਹੀ ਨਹੀਂ ਵਿਸ਼ਵ ਪੱਧਰ ਉਤੇ ਸ਼ਰਮਨਾਕ ਮੰਨਿਆ ਜਾਣਾ ਚਾਹੀਦਾ ਹੈ। ਕੀ ਭਾਰਤ ਦੇਸ਼ ਐਨਾ ਸਾਧਨਹੀਣ ਹੋ ਚੁੱਕਾ ਹੈ ਕਿ ਬੱਚਿਆਂ ਦੀ ਸਿੱਖਿਆ ਲਈ ਉਹ ਸਹੀ ਵਿਵਸਥਾ ਕਰਨ ਤੋਂ ਆਤੁਰ ਹੈ।

ਭਾਵੇਂ ਕਿ ਜਦੋਂ-ਜਦੋਂ ਵੀ ਇਹੋ ਜਿਹੇ ਸਰਵੇਖਣ ਆਉਂਦੇ ਹਨ, ਉਸ ਵਿੱਚ ਕੋਈ ਨਵੀਂ ਗੱਲ ਨਹੀਂ ਲੱਗਦੀ, ਕਿਉਂਕਿ ਜਦੋਂ ਕਿਸੇ ਵੀ ਵਿਵਸਥਾ ਦੀ ਗਤੀਸ਼ੀਲਤਾ 'ਚ ਸਥਿਰਤਾ ਆ ਜਾਂਦੀ ਹੈ,ਤਾਂ ਉਸ ਵਿੱਚ ਵੱਡੀ ਤੋਂ ਵੱਡੀ ਕਮਜ਼ੋਰੀ ਜਾਂ ਕਮੀ ਸਧਾਰਨ ਜਿਹੀ ਜਾਪਦੀ ਹੈ। ਅਤੇ ਇਸਨੂੰ ਕਿਸੇ ਨਾ ਕਿਸੇ ਰੂਪ ਵਿੱਚ ਅਲਿਖਤ ਤੌਰ 'ਤੇ ਉਥੋਂ ਦੇ ਲੋਕਾਂ ਵਲੋਂ ਸਵੀਕਾਰ ਕਰ ਲਿਆ ਜਾਂਦਾ ਹੈ। ਜਿਵੇਂ ਭਾਰਤ ਵਾਸੀਆਂ ਨੇ ਭ੍ਰਿਸ਼ਟਾਚਾਰ ਨੂੰ ਚੁੱਪ-ਚੁਪੀਤੇ ਸਵੀਕਾਰ ਕੀਤਾ ਹੋਇਆ ਹੈ ਅਤੇ ਇਸਨੂੰ ਅਪਾਣੀ ਜ਼ਿੰਦਗੀ ਦੇ ਰੋਜ਼ਨਾਮਚੇ 'ਚ ਅਛੋਪਲੇ ਜਿਹੇ ਸ਼ਾਮਲ ਕੀਤਾ ਹੋਇਆ ਹੈ।

ਆਜ਼ਾਦੀ ਦੇ ਬਾਅਦ ਦੇਸ਼ ਵਿੱਚ ਸਿੱਖਿਆ ਦਾ ਜਿੰਨਾ ਪ੍ਰਚਾਰ-ਪ੍ਰਸਾਰ ਹੋਇਆ ਹੈ, ਉਸਨੂੰ ਕਠਿਨ ਹਾਲਤਾਂ ਵਿੱਚ ਪ੍ਰਾਪਤ ਕੀਤੀ ਵੱਡੀ ਉਪਲਬੱਧੀ ਮੰਨਿਆ ਜਾਣਾ ਚਾਹੀਦਾ ਹੈ। ਅੱਜ ਇਹੋ ਜਿਹਾ ਕੋਈ ਵਾਰਸ ਨਹੀਂ ਹੈ ਜੋ ਆਪਣੇ ਬੱਚਿਆਂ ਨੂੰ ਅੱਛੇ ਸਕੂਲ ਵਿੱਚ ਪੜ੍ਹਾਉਣਾ ਨਾ ਚਾਹੁੰਦਾ ਹੋਵੇ। ਲੇਕਿਨ ਦੇਸ਼ ਦੀ ਵਿਵਸਥਾ ਉਸਦਾ ਸਾਥ ਨਹੀਂ ਦੇ ਰਹੀ। ਵਿਵਸਥਾ ਦੀ ਸੰਵੇਦਨਹੀਣਤਾ ਦਾ ਸਭ ਤੋਂ ਵੱਡਾ ਭੈੜਾ ਨਤੀਜਾ ਸਰਕਾਰੀ ਸਕੂਲਾਂ ਦੀ ਨਿੱਤ ਡਿੱਗ ਰਹੀ ਸਾਖ਼ ਹੈ। ਹੁਣ ਸਰਕਾਰੀ ਸਕੂਲਾਂ ਵਿੱਚ ਦੇਸ਼ ਦੇ ਸਿਰਫ਼ ਗਰੀਬ ਵਰਗ ਦੇ ਬੱਚੇ ਹੀ ਸਿੱਖਿਆ ਲੈਣ ਲਈ ਮਜ਼ਬੂਰ ਹਨ, ਜਿਥੇ ਉਹਨਾ ਲਈ ਨਾ ਸਹੀ ਗਿਣਤੀ 'ਚ ਅਧਿਆਪਕ ਹਨ ਅਤੇ ਨਾ ਹੀ ਬੁਨੀਆਦੀ ਢਾਂਚਾ ਬਿਹਤਰ ਹੈ। ਜਿਹਨਾ ਸਕੂਲਾਂ ਵਿੱਚ ਅਧਿਆਪਕ ਵਿਦਿਆਰਥੀ ਅਨੁਪਾਤ ਠੀਕ ਨਹੀਂ ਹੋਏਗਾ, ਉਥੇ ਸਿਰਫ਼ ਬੱਚੇ ਸਰਟੀਫਿਕੇਟ ਪ੍ਰਾਪਤ ਕਰਦੇ ਹਨ, ਉਹਨਾ ਨੂੰ ਲੋੜੀਦਾ ਗਿਆਨ ਨਹੀਂ ਮਿਲਦਾ। ਉਹ ਉਚਿਤ ਕੌਸ਼ਲ ਤੋਂ ਵੀ ਵਿਰਵੇ ਰਹਿ ਜਾਂਦੇ ਹਨ।ਹੈਰਾਨੀ ਦੀ ਗੱਲ ਹੈ ਕਿ ਤਰੱਕੀ ਕਰ ਰਹੇ ਭਾਰਤ ਦਾ ਅੰਤਰਰਾਸ਼ਟਰੀ ਪੱਧਰ ਉਤੇ ਸਿੱਖਿਆ ਖੇਤਰ 'ਚ 146 ਦੇਸ਼ਾਂ ਵਿੱਚ 92ਵਾਂ ਸਥਾਨ ਹੈ ਅਤੇ ਸਕੂਲਾਂ ਵਿੱਚ ਕੁੱਲ ਦਾਖ਼ਲ ਹੋਏ ਵਿਦਿਆਰਥੀਆਂ ਵਿੱਚ ਅੱਧੇ ਹੀ ਮਸਾਂ ਉਚ ਸਿੱਖਿਆ ਲੈਣ ਤੱਕ ਪੁੱਜਦੇ ਹਨ।

ਦੇਸ਼ ਦੇ ਸਕੂਲਾਂ 'ਚ ਅਧਿਆਪਕਾਂ ਦੀ ਕਮੀ ਤਾਂ ਹੈ ਹੀ, ਹੋਰ ਸਕੂਲਤਾਂ ਵੀ ਨਿਗੁਣੀਆਂ ਹਨ। ਭਾਰਤ ਦੇ ਸਿਰਫ਼ 22 ਫ਼ੀਸਦੀ ਸਕੂਲਾਂ ਕੋਲ ਕੰਪਿਊਟਰ ਸਿੱਖਿਆ ਦਾ ਪ੍ਰਬੰਧ ਹੈ ਅਤੇ 19 ਫ਼ੀਸਦੀ ਕੋਲ ਇੰਟਰਨੈਟ ਤੱਕ ਪਹੁੰਚ ਹੈ। ਸ਼ਹਿਰ ਨਾਲੋਂ ਪਿੰਡਾਂ ਦੇ ਸਕੂਲਾਂ 'ਚ ਇਹ ਸੇਵਾਵਾਂ ਮੁਕਾਬਲਤਨ ਕਾਫ਼ੀ ਘੱਟ ਹਨ। ਇਹ ਸਹੂਲਤਾਂ ਅਤੇ ਅਧਿਆਪਕਾਂ ਦੀ ਨਿਯੁੱਕਤੀ ਦਾ ਮਾਮਲਾ ਸੂਬਾ ਸਰਕਾਰਾਂ ਦੀ ਜ਼ੁੰਮੇਵਾਰੀ ਹੈ, ਕਿਉਂਕਿ ਸਿੱਖਿਆ ਸੰਵਿਧਾਨ ਦੀ ਸਮਵਰਤੀ ਸੂਚੀ ਵਿੱਚ ਹੈ। ਕੇਂਦਰ ਇਸ ਵਿੱਚ ਦਖ਼ਲ ਨਹੀਂ ਦਿੰਦਾ,ਉਸ ਵਲੋਂ ਤਾਂ ਜ਼ਰੂਰੀ ਦਿਸ਼ਾ ਨਿਰਦੇਸ਼ ਦਿੱਤੇ ਜਾਂਦੇ ਹਨ। ਰਾਈਟ ਟੂ ਐਜੂਕੇਸ਼ਨ ਐਕਟ-2009 ਪਾਸ ਕਰਕੇ ਕੇਂਦਰ ਸਰਕਾਰ ਵਲੋਂ 6 ਤੋਂ 14 ਸਾਲ ਦੇ ਬੱਚਿਆਂ ਲਈ ਮੁਫ਼ਤ ਅਤੇ ਲਾਜ਼ਮੀ ਸਿੱਖਿਆ ਦਾ ਪ੍ਰਵਾਧਾਨ ਕੀਤਾ ਗਿਆ। ਇਸ ਐਕਟ ਅਨੁਸਾਰ ਸੂਬਿਆਂ ਦੇ ਪਬਲਿਕ ਸਕੂਲਾਂ ਵਿੱਚ 25 ਫ਼ੀਸਦੀ ਗਰੀਬ ਬੱਚਿਆਂ ਨੂੰ ਦਾਖ਼ਲ ਕਰਨ ਦਾ ਟੀਚਾ ਮਿਥਿਆ ਪਰ 2017-18 ਦੀ ਇੱਕ ਰਿਪੋਰਟ ਅਨੁਸਾਰ 15 ਸੂਬਿਆਂ ਦੇ ਪਬਲਿਕ ਸਕੂਲਾਂ 'ਚ ਇਹ ਨਿਯਮ ਲਾਗੂ ਹੀ ਨਹੀਂ ਕੀਤਾ



ਗਿਆ। ਬਿਲਕੁਲ ਉਸੇ ਤਰ੍ਹਾਂ ਜਿਵੇਂ ਅਲਾਹਾਬਾਦ ਹਾਈ ਕੋਰਟ ਨੇ 19 ਅਗਸਤ 2015 ਨੂੰ ਇੱਕ ਹੁਕਮ ਸੁਣਾਇਆ ਕਿ ਉਤਰ ਪ੍ਰਦੇਸ਼ ਦੇ ਮੁੱਖ ਸਕੱਤਰ ਅਗਲੇ ਛੇ ਮਹੀਨਿਆਂ ਵਿੱਚ ਇੱਕ ਯੋਜਨਾ ਤਿਆਰ ਕਰਨ ਕਿ ਕਿਵੇਂ ਸਰਕਾਰੀ ਖ਼ਜ਼ਾਨੇ ਵਿਚੋਂ ਤਨਖ਼ਾਹ ਲੈਣ ਵਾਲੇ ਹਰ ਵਿਅਕਤੀ ਦੇ ਬੱਚੇ ਕੇਵਲ ਸਰਕਾਰੀ ਸਕੂਲਾਂ ਵਿੱਚ ਪੜ੍ਹਨਗੇ। ਸਾਰੇ ਜਾਣਦੇ ਹਨ ਕਿ ਇਹ ਹੋਏਗਾ ਨਹੀਂ, ਕਿਉਂਕਿ ਇੱਕ ਜੁੱਟ ਹੋਕੇ ਵੱਡੇ ਲੋਕ ਅਤੇ ਸਰਕਾਰੀ ਵਿਵਸਥਾ ਇਹ ਹੋਣ ਨਹੀਂ ਦੇਵੇਗੀ ਅਤੇ ਇਹੋ ਹੀ ਹੋਇਆ। ਇਹੀ ਵਜਹ ਹੈ ਕਿ ਸਰਕਾਰੀ ਸਕੂਲਾਂ ਦੀ ਮੌਜੂਦਾ ਸਥਿਤੀ, ਸਰਕਾਰੀ ਸਕੂਲਾਂ ਦੀ ਸਾਖ਼ 'ਚ ਕਮੀ ਅਤੇ ਸਧਾਰਨ ਲੋਕਾਂ ਵਿੱਚ ਪੈਦਾ ਹੋ ਰਿਹਾ ਅਵਿਸ਼ਵਾਸ਼ ਲਈ ਇਹੀ ਵੱਡੇ ਲੋਕਾਂ ਦੀ ਧਿਰ ਅਤੇ ਉੱਚ-ਸਰਕਾਰੀ ਵਿਵਸਥਾ ਇਸ ਲਈ ਜਵਾਬਦੇਹੀ ਹੈ। ਜਦੋਂ ਵੱਡੇ ਲੋਕਾਂ ਦੇ ਬੱਚਿਆਂ ਲਈ ਨਿੱਜੀ ਪਬਲਿਕ ਸਕੂਲ ਉਪਲੱਬਧ ਹਨ, ਅਤੇ ਉਥੇ ਪੜ੍ਹਾਉਣ ਲਈ ਅਧਿਆਪਕ ਅਤੇ ਹੋਰ ਪ੍ਰਾਵਾਧਾਨ ਉਪਲੱਬਧ ਹਨ, ਤਾਂ ਫਿਰ ਇਹ ਵਰਗ ਸਰਕਾਰੀ ਸਕੂਲਾਂ ਦੀ ਫ਼ਿਕਰ ਕਿਉਂ ਕਰੇਗਾ?

ਇਹ ਸਚਾਈ ਹੈ ਕਿ ਪਿਛਲੇ ਚਾਰ ਦਹਾਕਿਆਂ ਤੋਂ ਦੇਸ਼ ਭਰ 'ਚ ਕਈ ਰਾਜਾਂ 'ਚ ਸਥਾਈ ਅਧਿਆਪਕਾਂ, ਦੀ ਥਾਂ ਕੁਝ ਸਮੇਂ 'ਚ ਅਧਿਆਪਕਾਂ ਦੀ ਨਿਯੁੱਕਤੀ ਕੀਤੀ ਜਾਣ ਲੱਗੀ।ਇਸ ਨਾਲ ਨਿਯਮਤ ਅਧਿਆਪਕਾਂ ਦੀਆਂ ਥਾਵਾਂ ਖਾਲੀ ਹੋਣ ਲੱਗੀਆਂ। ਦੇਸ਼ ਦੀ ਨੌਕਰਸ਼ਾਹੀ ਤੇ ਹਾਕਮਾਂ ਜਿਵੇਂ ਸਭ ਲਈ ਸਿੱਖਿਆ ਤੋਂ ਮੂੰਹ ਮੋੜਿਆ, ਉਥੇ ਸਭ ਲਈ ਬਰਾਬਰ ਦੀ ਸਿੱਖਿਆ ਤੋਂ ਵੀ ਕੰਨੀ ਕਤਰਾਈ ਰੱਖੀ। ਇਸਦਾ ਇੱਕ ਕਾਰਨ ਇਹ ਸੀ ਕਿ ਸਿੱਖਿਆ ਜਿਹੇ ਮਹੱਤਵਪੂਰਨ ਵਿਸ਼ੇ ਨੂੰ ਹਾਕਮਾਂ ਨੇ ਨੌਕਰਸ਼ਾਹਾਂ ਦੇ ਹੱਥ ਸੌਂਪੀ ਰੱਖਿਆ। ਦੇਸ਼ ਦੇ ਸਿੱਖਿਆ ਅਤੇ ਅਕਾਦਮਿਕ ਖੇਤਰ 'ਚ ਨੌਕਰਸ਼ਾਹਾਂ ਦਾ ਪ੍ਰਬੰਧਕੀ ਗਲਬਾ ਹੋ ਗਿਆ। ਦੇਸ਼ ਵਿੱਚ ਬਣਾਏ ਗਏ ਸਿੱਖਿਆ ਬੋਰਡ, ਪਾਠ ਪੁਸਤਕਾਂ ਦੇ ਬੋਰਡ, ਐਨ.ਸੀ.ਆਰ.ਟੀ. ਜਿਹੀਆਂ ਸੰਸਥਾਵਾਂ ਉਤੇ ਨੌਕਰਸ਼ਾਹੀ ਦਾ ਗਲਬਾ ਵਧਿਆ ਅਤੇ ਇਹਨਾਂ ਸੰਸਥਾਵਾਂ ਦੇ ਮੁੱਖੀ ਦੇਸ਼ ਦੇ ਸਿਵਲ ਸਰਵਿਸ ਨਾਲ ਸਬੰਧਤ ਉੱਚ ਅਧਿਕਾਰੀ ਨਿਯੁੱਕਤ ਕੀਤੇ ਜਾਣ ਲੱਗੇ।

ਸਾਲ 1986 'ਚ ਬਣੀ ਰਾਸ਼ਟਰੀ ਸਿੱਖਿਆ ਨੀਤੀ ਨੂੰ ਲਾਗੂ ਕਰਨ ਸਮੇਂ ਇਹ ਤਹਿ ਹੋਇਆ ਸੀ ਕਿ ਦੇਸ਼ ਵਿੱਚ ਜੋਈ ਵੀ ਇਹੋ ਜਿਹਾ ਸਕੂਲ ਨਹੀਂ ਹੋਏਗਾ, ਜਿਥੇ ਦੋ ਘੱਟ ਅਧਿਆਪਕ ਹੋਣ। ਅਪਰੇਸ਼ਨ ਬਲੈਕ ਬੋਰਡ ਨਾਮ ਦੀ ਯੋਜਨਾ ਦੇ ਤਹਿਤ ਕੇਂਦਰ ਸਰਕਾਰ ਨੇ ਸਾਰੇ ਸੂਬਿਆਂ ਦੀਆਂ ਸਰਕਾਰਾਂ ਤੋਂ ਅੰਕੜੇ ਮੰਗੇ ਅਤੇ ਉਸਦੇ ਅਧਾਰ ਉਤੇ ਲਗਭਗ ਪੰਜ ਲੱਖ ਪੰਜਾਹ ਹਜ਼ਾਰ ਸਕੂਲਾਂ ਦੀਆਂ ਇਮਾਰਤਾਂ ਦੇ ਨਿਰਮਾਣ, ਸਿੱਖਿਆ ਸਮੱਗਰੀ ਆਦਿ ਦੇ ਨਾਲ-ਨਾਲ ਇੱਕ ਲੱਖ ਚੌਵੀ ਹਜ਼ਾਰ ਅਧਿਆਪਕਾਂ ਦੀਆਂ ਨਿਯੁਕਤੀਆਂ ਲਈ ਧਨ ਰਾਸੀ ਮੁਹੱਈਆ ਕਰਵਾਈ ਗਈ। ਪੈਸਾ ਤਾਂ ਕੇਂਦਰ ਦਾ ਸੀ, ਪਰ ਸਾਰੇ ਕੰਮਕਾਰ ਸੂਬਿਆਂ ਦੀਆਂ ਸਰਕਾਰਾਂ ਨੇ ਕਰਨੇ ਸਨ, ਜਿਸ ਵਿੱਚ ਅਧਿਆਪਕਾਂ ਦੀ ਨਿਯੁਕਤੀ, ਸਕੂਲਾਂ 'ਚ ਕਮਰੇ ਬਣਾਉਣਾ, ਸਿੱਖਿਆ ਸਮੱਗਰੀ ਦੀ ਖ਼ਰੀਦ ਜਿਹੇ ਕੰਮ ਸ਼ਾਮਲ ਸਨ। ਪਰ ਕੁਝ ਸਾਲਾਂ ਬਾਅਦ ਬਹੁਤੇ ਰਾਜਾਂ ਦੀ ਜਾਂਚ ਲਈ ਕਮੇਟੀਆਂ ਬਨਾਉਣ ਲਈ ਮਜ਼ਬੂਰ ਹੋਣਾ ਪਿਆ ਅਤੇ ਸਾਰੀਆਂ ਪਰਿਯੋਜਨਾਵਾਂ ਆਪਣੇ ਮਿੱਥੇ ਨਿਸ਼ਾਨੇ ਤੋਂ ਦੂਰ ਹੁੰਦੀਆਂ ਚਲੀਆਂ ਗਈਆਂ।

ਦੇਸ਼ ਵਿੱਚ ਹਰ ਸਾਲ ਇੱਕ ਸਰਵੇ ਕਰਵਾਇਆ ਜਾਂਦਾ ਹੈ। ਪਿਛਲੇ ਇੱਕ ਦਹਾਕੇ ਤੋਂ ਖ਼ਾਸ ਤੌਰ 'ਤੇ ਇਹ ਸਾਹਮਣੇ ਆਇਆ ਹੈ ਕਿ ਦੇਸ਼ ਦੇ ਕਈ ਸੂਬਿਆਂ ਦੇ 25 ਤੋਂ 30 ਫ਼ੀਸਦੀ ਵਿਦਿਆਰਥੀ ਦੂਜੀ ਜਮਾਤ ਤੱਕ ਪੁੱਜਦਿਆਂ ਇੱਕ ਵਾਕ ਵੀ ਨਹੀਂ ਪੜ੍ਹ ਸਕਦੇ। ਦੋ ਅੰਕਾਂ ਦੀ ਜਮ੍ਹਾਂ-ਘਟਾਓ ਨਹੀਂ ਕਰ ਸਕਦੇ। ਸਰਕਾਰੀ ਸਕੂਲਾਂ ਵਿੱਚ ਤਾਂ ਇਹ ਸਥਿਤੀ ਹਰ ਵਰ੍ਹੇ ਬਦ ਤੋਂ ਬਦਤਰ ਹੋ ਰਹੀ ਹੈ, ਕਿਉਂਕਿ ਅਧਿਆਪਕਾਂ ਤੋਂ ਪੜ੍ਹਾਈ ਤੋਂ ਇਲਾਵਾਂ ਚੋਣਾਂ, ਮਰਦਰਮਸ਼ੁਮਾਰੀ ਆਦਿ ਦੇ ਕੰਮ ਨਿਰੰਤਰ ਲਏ ਜਾਂਦੇ ਹਨ। ਦੂਜੇ ਪਾਸੇ ਕਹਿਣ ਨੂੰ ਤਾਂ ਸਿੱਖਿਆ ਦਾ ਪੱਧਰ ਉੱਚਾ ਚੁੱਕਣ ਲਈ ਪਬਲਿਕ ਮਾਡਲ ਸਕੂਲ ਖੋਲ੍ਹੇ ਜਾ ਰਹੇ ਹਨ, ਪਰ ਅਸਲ ਅਰਥਾਂ ਵਿੱਚ ਸਿੱਖਿਆ ਦਾ ਵਪਾਰੀਕਰਨ ਹੋ ਰਿਹਾ ਹੈ। ਉਂਜ ਵੀ ਹਰ ਇੱਕ ਨੂੰ ਸਿੱਖਿਆ ਪ੍ਰਦਾਨ 'ਚ ਪਾੜਾ ਨਿਰੰਤਰ ਵਧਦਾ ਜਾ ਰਿਹਾ ਹੈ, ਅਮੀਰ ਬੱਚਿਆਂ ਲਈ ਤਾਂ ਪੰਜ ਤਾਰਾ, ਤਿੰਨ ਤਾਰਾ ਪਬਲਿਕ ਸਕੂਲ ਹਨ, ਪਰ ਸਧਾਰਨ ਵਿਦਿਆਰਥੀਆਂ ਲਈ ਸਰਕਾਰੀ ਸਕੂਲ, ਜਿਥੇ ਅਧਿਆਪਕਾਂ ਤੇ ਬੁਨਿਆਦੀ ਸਹੂਲਤਾਂ ਦੀ ਵੱਡੀ ਕਮੀ ਵੇਖਣ ਨੂੰ ਮਿਲ ਰਹੀ ਹੈ।

ਅਧਿਆਪਕਾਂ ਦੀ ਕਮੀ ਨਾਲ ਇੱਕ ਪੂਰੀ ਦੀ ਪੂਰੀ ਪੀੜ੍ਹੀ ਪ੍ਰਭਾਵਿਤ ਹੁੰਦੀ ਹੈ। ਲੇਕਿਨ ਸਭ ਤੋਂ ਵੱਧ ਪ੍ਰਭਾਵ ਸਮਾਜ ਵਿੱਚ "ਆਖ਼ਰੀ ਕਤਾਰ" 'ਚ ਖੜੇ ਪਰਿਵਾਰਾਂ ਅਤੇ ਉਹਨਾਂ ਦੇ ਬੱਚਿਆਂ ਉਤੇ ਪੈਂਦਾ ਹੈ। ਇਸ ਦੀ ਉਦਾਹਰਨ ਕਰੋਨਾ ਮਹਾਂਮਾਰੀ ਹੈ, ਜਦੋਂ ਕਰੋਨਾ ਕਾਲ 'ਚ ਉੱਚ ਤੇ ਮਧਿਆਮ ਸ਼੍ਰੇਣੀ ਨਾਲ ਸਬੰਧਤ ਲੋਕਾਂ ਦੇ ਬੱਚੇ ਤਾਂ ਇੰਟਰਨੈੱਟ ਨਾਲ ਆਨਲਾਈਨ ਸਿੱਖਿਆ ਪ੍ਰਾਪਤ ਕਰਦੇ ਰਹੇ, ਪਰ ਗਰੀਬ ਵਰਗ ਦੇ ਬੱਚੇ ਜਿਹਨਾ ਕੋਲ ਫੋਨ ਤੇ ਇੰਟਰਨੈੱਟ ਦੀ ਸੁਵਿਧਾ ਨਹੀਂ ਸੀ ਇਸ ਤੋਂ ਵਾਂਝੇ ਰਹੇ। ਇਹ ਸਮਾਨਤਾ ਦੇ ਮੌਕੇ ਪ੍ਰਚਾਰ ਕਰਨ ਦੇ ਸੰਵਿਧਾਨਿਕ ਭਰੋਸੇ ਦਾ ਉਲੰਘਣ ਹੈ।

ਬਿਨ੍ਹਾਂ ਸ਼ੱਕ ਸੰਚਾਰ ਤਕਨੀਕ ਦੇ ਸਮੇਂ ਸਕੂਲ ਪ੍ਰਬੰਧਨ ਲਈ ਅਨੇਕਾਂ ਸੁਧਾਰ ਕੀਤੇ ਜਾ ਰਹੇ ਹਨ। ਹੁਣ ਇਹ ਵੀ ਸੰਭਵ ਹੋ ਗਿਆ ਹੈ ਕਿ ਜੋ ਪਹਿਲਾਂ ਜਾਨਣਾ ਅਤੇ ਸੁਧਾਰਨਾ ਕਠਿਨ ਸੀ, ਉਹ ਹੁਣ ਸੌਖਾ ਹੋ ਗਿਆ ਹੈ, ਲੇਕਿਨ ਅੱਜ ਵੀ ਕਿਸੇ ਸਕੂਲ ਦਾ ਠੀਕ ਢੰਗ ਨਾਲ ਚਲਾਉਣਾ, ਅਧਿਕਾਰੀਆਂ ਦੀ ਇਮਾਨਦਾਰੀ ਅਤੇ ਸਮਰਪਨ ਭਾਵਨਾ ਤੇ ਨਿਰਭਰ ਕਰਦਾ ਹੈ। ਪਰ ਇਸਤੋਂ ਵੀ ਵੱਧ ਜੇਕਰ 14 ਸਾਲ ਤੱਕ ਦੀ ਸਕੂਲੀ ਪੜ੍ਹਾਈ ਮੁਫ਼ਤ ਅਤੇ ਲਾਜ਼ਮੀ ਯਕੀਨੀ ਬਨਾਉਣੀ ਹੈ ਤਾਂ ਇਹ ਸਰਕਾਰ ਤੇ ਵੀ ਨਿਰਭਰ ਕਰਦਾ ਹੈ ਕਿ ਉਹ ਆਪਣੀ ਜ਼ੁੰਮੇਵਾਰੀ ਕਿਵੇਂ ਨਿਭਾਉਂਦੀ ਹੈ? ਜੇਕਰ ਸਰਕਾਰ ਸਭ ਲਈ ਇਹੋ ਜਿਹੇ ਸਕੂਲ ਦੀ ਵਿਵਸਥਾ ਕਰਦੀ, ਸਕੂਲਾਂ ਵਿੱਚ ਸਮਰੂਪਤਾ ਲਿਆਉਂਦੀ ਅਤੇ ਸਿੱਖਿਆ ਵਿੱਚ ਵੱਧ ਰਹੇ ਵਪਾਰੀਕਰਨ ਨੂੰ ਨੱਥ ਪਾਉਂਦੀ ਤਾਂ ਅੱਜ ਸਰਕਾਰੀ ਸਕੂਲਾਂ ਦੀ ਸਾਖ਼ ਉੱਚ ਪੱਧਰੀ ਹੁੰਦਾ।

# ਕੀ ਪੰਜਾਬ ਰਾਸ਼ਟਰਪਤੀ ਰਾਜ ਵੱਲ ਅੱਗੇ ਵੱਧ ਰਿਹਾ ਹੈ?

ਗੁਰਮੀਤ ਪਲਾਹੀ

ਪੰਜਾਬ ਅੱਧਾ-ਪਚੱਧਾ ਰਾਸ਼ਟਰਪਤੀ ਰਾਜ ਅਧੀਨ ਆ ਗਿਆ ਹੈ। ਅੱਤਵਾਦ ਦੇ ਸਰਹੱਦ ਪਾਰ ਅਪਰਾਧਾਂ ਖਿਲਾਫ਼ ਜ਼ੀਰੋ ਟਾਲਰੈਂਸ ਬਲ (ਬੀ.ਐਸ.ਐਫ.) ਨੂੰ ਕੌਮਾਂਤਰੀ ਸਰਹੱਦ ਤੋਂ 50 ਕਿਲੋਮੀਟਰ ਅੰਦਰ ਤੱਕ ਤਲਾਸ਼ੀ ਲੈਣ, ਸ਼ੱਕੀਆਂ ਨੂੰ ਗ੍ਰਿਫ਼ਤਾਰ ਕਰਨ ਤੇ ਜ਼ਬਤੀ ਕਰਨ ਦਾ ਅਧਿਕਾਰ ਦੇਣ ਦੇ ਬਹਾਨੇ ਹੁਣ ਅੱਧਾ ਪੰਜਾਬ ਬੀ.ਐਸ.ਐਫ. ਦੇ ਹਵਾਲੇ ਕਰ ਦਿੱਤਾ ਹੈ ਭਾਵ ਕੇਂਦਰੀ ਹਕੂਮਤ ਪੰਜਾਬ ਦੇ ਛੇ ਜ਼ਿਲ੍ਹਿਆਂ ਪਠਾਨਕੋਟ, ਗੁਰਦਾਸਪੁਰ,ਅੰਮ੍ਰਿਤਸਰ, ਤਰਨਤਾਰਨ, ਫਿਰੋਜ਼ਪੁਰ ਅਤੇ ਫਾਜ਼ਿਲਕਾ ਉਤੇ ਸਿੱਧੇ ਤੌਰ 'ਤੇ ਰਾਜ ਕਰੇਗੀ। ਕੇਂਦਰੀ ਗ੍ਰਹਿ ਮੰਤਰਾਲੇ ਨੇ ਸੀਮਾ ਸੁਰੱਖਿਆ ਬਲ ਐਕਟ 1960 ਦੀ ਧਾਰਾ 139 ਦੀ ਉਪ ਧਾਰਾ ਇੱਕ 'ਚ ਤਬਦੀਲੀ ਕਰਕੇ ਬੀ.ਐਸ.ਐਫ. ਦੇ ਅਧਿਕਾਰਾਂ ਵਿੱਚ ਵਾਧਾ ਕੀਤਾ ਹੈ। ਇਸ ਨਾਲ ਬੀ.ਐਸ.ਐਫ. ਨੂੰ ਨਾਕੇ ਲਾਉਣ, ਤਲਾਸ਼ੀ ਮੁਹਿੰਮ ਚਲਾਉਣ ਆਦਿ ਦੇ ਅਧਿਕਾਰ ਮਿਲ ਜਾਂਦੇ ਹਨ। ਭਾਰਤ-ਪਾਕਿ ਕੌਮਾਂਤਰੀ ਸਰਹੱਦ ਦਾ 553 ਕਿਲੋਮੀਟਰ ਹਿੱਸਾ ਪੰਜਾਬ ਨਾਲ ਲੱਗਦਾ ਹੈ। ਇਸ ਨਾਲ ਪੰਜਾਬ ਦੇ 27 ਹਜ਼ਾਰ ਕਿਲੋਮੀਟਰ ਤੋਂ ਵੱਧ ਦਾਇਰੇ ਵਿੱਚ ਬੀ.ਐਸ.ਐਫ. ਨੂੰ ਵੱਧ ਅਧਿਕਾਰ ਮਿਲ ਗਏ ਹਨ, ਜਦਕਿ ਪੰਜਾਬ ਦਾ ਕੁੱਲ ਰਕਬਾ 50,362 ਕਿਲੋਮੀਟਰ ਹੈ। ਇਸ ਨਾਲ ਸੂਬੇ ਦੇ ਪ੍ਰਮੁੱਖ ਸ਼ਹਿਰਾਂ 'ਚ ਕੇਂਦਰੀ ਏਜੰਸੀ ਦਾ ਦਖ਼ਲ ਹੋ ਜਾਵੇਗਾ। ਇਸ ਨਾਲ ਬੀ.ਐਸ.ਐਫ. ਅਤੇ ਪੰਜਾਬ ਪੁਲਿਸ ਵਿੱਚ ਆਪੋ-ਆਪਣੇ ਅਧਿਕਾਰਾਂ ਨੂੰ ਲੈ ਕੇ ਉਲਝਣ ਵਧੇਗੀ।

ਸੂਬਿਆਂ ਵਿੱਚ ਕਾਨੂੰਨ ਵਿਵਸਥਾ (ਲਾਅ ਐਂਡ ਆਰਡਰ) ਲਾਗੂ ਕਰਨਾ ਸੂਬਿਆਂ ਦਾ ਵਿਸ਼ਾ ਹੈ। ਕੇਂਦਰ ਦਾ ਇਹ ਫ਼ੈਸਲਾ ਸੰਘੀ ਢਾਂਚੇ ਨੂੰ ਨੁਕਸਾਨ ਪਹੁੰਚਾਉਣ ਵਾਲਾ ਹੈ। ਪੰਜਾਬ 'ਚ ਪਿਛਲੇ ਸਿਆਸੀ ਘਟਨਾ ਕਰਮ ਦੇ ਮੱਦੇਨਜ਼ਰ ਵੇਖਿਆ ਜਾਵੇ ਤਾਂ ਇਹ ਅਸਿੱਧੇ ਢੰਗ ਨਾਲ ਪੰਜਾਬ ਤੇ ਕਬਜ਼ਾ ਕਰਨ ਦੀ ਕੋਸ਼ਿਸ਼ ਹੈ। ਬੀ.ਐਸ.ਐਫ. ਨੂੰ ਮਿਲੇ ਅਧਿਕਾਰਾਂ ਦੀ ਵਰਤੋਂ




ਕੇਂਦਰੀ ਹਾਕਮ ਕਰਨਗੇ ਅਤੇ ਖਦਸ਼ਾ ਪ੍ਰਗਟ ਕੀਤਾ ਜਾ ਰਿਹਾ ਹੈ ਕਿ ਖ਼ਾਸ ਤੌਰ 'ਤੇ ਇਸ ਖਿੱਤੇ ਦੇ ਉਹਨਾ ਕਿਸਾਨਾਂ ਦੇ ਪਰਿਵਾਰਾਂ ਨੂੰ ਤੰਗ ਪ੍ਰੇਸ਼ਾਨ ਕੀਤਾ ਜਾਵੇਗਾ, ਜਿਹੜੇ ਦਿੱਲੀ ਦੀਆਂ ਬਰੂਹਾਂ ਉਤੇ ਲਗਭਗ 9 ਮਹੀਨਿਆਂ ਤੋਂ ਬੈਠੇ ਹਨ ਅਤੇ ਕੇਂਦਰ ਸਰਕਾਰ ਦੀ ਸੰਘ ਦੀ ਹੱਡੀ ਬਣੇ ਹੋਏ ਹਨ।

ਪੰਜਾਬ ਦੀਆਂ ਲਗਭਗ ਸਾਰੀਆਂ ਸਿਆਸੀ ਧਿਰਾਂ ਸਮੇਤ ਪੰਜਾਬ ਸਰਕਾਰ ਨੇ ਕੇਂਦਰ ਸਰਕਾਰ ਦੇ ਇਸ ਫ਼ੈਸਲੇ ਦਾ ਵਿਰੋਧ ਕੀਤਾ ਹੈ ਸਿਵਾਏ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਜਿਹਨਾ ਨੇ ਕੇਂਦਰ ਦਾ ਸਮਰੱਥਨ ਕਰਦਿਆਂ ਕਿਹਾ ਕਿ ਕੇਂਦਰੀ ਹਥਿਆਰਬੰਦ ਬਲਾਂ ਦੇ ਮੁੱਦੇ ਨੂੰ ਰਾਜਨੀਤੀ 'ਚ ਨਹੀਂ ਘਸੀਟਿਆ ਜਾਣਾ ਚਾਹੀਦਾ। ਪਰ ਅਸਲੀਅਤ ਇਹ ਹੈ ਕਿ ਇਹ ਫ਼ੈਸਲਾ ਲਾਗੂ ਹੋਣ ਨਾਲ ਪੰਜਾਬ ਪੁਲਿਸ ਬਲ ਦੀ ਕਾਬਲੀਅਤ ਉਤੇ ਸਵਾਲੀਆ ਨਿਸ਼ਾਨ ਲੱਗ ਗਏ ਹਨ। ਅਤੇ ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਉਤੇ ਵੀ ਸਵਾਲ ਉਠਣੇ ਸ਼ੁਰੂ ਹੋ ਗਏ ਹਨ ਕਿ ਉਹਨਾਂ ਦੀ ਇਜਾਜ਼ਤ ਤੋਂ ਬਿਨ੍ਹਾਂ ਅੱਧਾ ਪੰਜਾਬ ਸੁਰੱਖਿਆ ਬਲਾਂ ਨੂੰ ਸੌਂਪਿਆਂ ਨਹੀਂ ਸੀ ਜਾ ਸਕਦਾ। ਹਾਲਾਂਕਿ ਚਰਨਜੀਤ ਸਿੰਘ ਚੰਨੀ ਮੁੱਖ ਮੰਤਰੀ ਪੰਜਾਬ ਅਤੇ ਉਹਨਾਂ ਦੇ ਗ੍ਰਹਿ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਇਸ ਕਦਮ ਨੂੰ ਦੇਸ਼ ਦੇ ਸੰਘੀ ਢਾਂਚੇ 'ਤੇ ਹਮਲਾ ਕਰਾਰ ਦਿੱਤਾ ਹੈ।

ਪੰਜਾਬ 'ਚ ਚੋਣਾਂ ਸਿਰ ਉਤੇ ਹਨ। ਮਾਰਚ 2022 'ਚ ਪੰਜਾਬ ਵਿਧਾਨ ਸਭਾ ਮੁੜ ਚੁਣੀ ਜਾਏਗੀ। ਪੰਜਾਬ ਵਿੱਚ ਕਾਂਗਰਸ ਵਿੱਚ ਕਾਟੋ ਕਲੇਸ਼ ਹੈ। ਸੂਬੇ ਦੇ ਕਾਂਗਰਸੀ ਮੁੱਖ ਮੰਤਰੀ ਅਮਰਿੰਦਰ ਸਿੰਘ ਨੂੰ ਆਪਣੇ ਅਹੁਦੇ ਤੋਂ ਹਟਾ ਦਿੱਤਾ ਗਿਆ, ਜਿਸਦੇ ਰੋਸ ਵਜੋਂ ਉਹਨਾਂ ਨੇ ਕਾਂਗਰਸ ਛੱਡ ਦਿੱਤੀ ਹੈ। ਚਰਨਜੀਤ ਸਿੰਘ ਚੰਨੀ ਨੂੰ ਕਾਂਗਰਸ ਦੇ ਮੁੱਖ ਮੰਤਰੀ ਵਜੋਂ ਕਾਂਗਰਸੀ ਹਾਈ ਕਮਾਂਡ ਵਲੋਂ ਨਿਯੁਕਤ ਕੀਤੇ ਜਾਣ ਕਾਰਨ ਕਾਂਗਰਸ 'ਚ ਪਹਿਲਾਂ ਨਾਲੋਂ ਵੀ ਵੱਧ ਕਾਟੋ-ਕਲੇਸ਼ ਵਧਿਆ ਹੈ। ਆਮ ਆਦਮੀ ਪਾਰਟੀ, ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਤੋਂ ਬਿਨ੍ਹਾਂ ਹੋਰ ਸਿਆਸੀ ਪਾਰਟੀਆਂ ਆਪਣੀਆਂ ਸਿਆਸੀ ਸਰਗਰਮੀਆਂ ਆਰੰਭਣ ਦੇ ਯਤਨ 'ਚ ਹਨ। ਜਦਕਿ ਕਿਸਾਨ ਜੱਥੇਬੰਦੀਆਂ ਉਹਨਾ ਦਾ ਸਖ਼ਤ ਵਿਰੋਧ ਕਰ ਰਹੀਆਂ ਹਨ ਅਤੇ ਖ਼ਾਸ ਤੌਰ 'ਤੇ ਭਾਜਪਾ ਨੇਤਾਵਾਂ ਨੂੰ ਪਿੰਡਾਂ, ਸ਼ਹਿਰਾਂ 'ਚ ਘੇਰ ਰਹੀਆਂ ਹਨ। ਭਾਜਪਾ ਦੇ ਕੇਂਦਰੀ ਹਾਕਮ ਇਸ ਗੱਲੋਂ ਅਤਿ ਦੇ ਪ੍ਰੇਸ਼ਾਨ ਹਨ ਅਤੇ ਨਿੱਤ ਦਿਹਾੜੇ ਕੋਈ ਨਾ ਕੋਈ ਨਵੀਂ ਖੇਡ, ਖੇਡ ਰਹੇ ਹਨ।

ਤਿੰਨ ਕਿਸਾਨੀ ਕਾਲੇ ਕਾਨੂੰਨਾਂ ਨੂੰ ਰੱਦ ਕਰਨ ਲਈ ਕਿਸਾਨ ਜੱਥੇਬੰਦੀਆਂ ਵਲੋਂ ਸਿਖ਼ਰ ਉਤੇ ਪਹੁੰਚਾਈ ਗਈ ਮੁਹਿੰਮ ਨੇ ਖ਼ਾਸ ਤੌਰ 'ਤੇ ਪੰਜਾਬ, ਹਰਿਆਣਾ, ਪੱਛਮੀ ਬੰਗਾਲ, ਯੂ.ਪੀ. 'ਚ ਭਾਜਪਾ ਲਈ ਪ੍ਰੇਸ਼ਾਨੀ ਪੈਦਾ ਕੀਤੀ ਹੋਈ ਹੈ। ਉਂਜ ਤਾਂ ਪੂਰੇ ਦੇਸ਼ ਅਤੇ ਪ੍ਰਦੇਸ਼ਾਂ ਵਿੱਚ ਵੀ ਕਿਸਾਨ ਅੰਦੋਲਨ ਨਾਲ ਭਾਜਪਾ ਸਰਕਾਰ ਦੀ ਕਿਰਕਰੀ ਹੋ ਰਹੀ ਹੈ ਅਤੇ ਨਰੇਂਦਰ ਮੋਦੀ ਇੱਕ ਡਿਕਟੇਟਰ ਸ਼ਾਸਕ ਵਜੋਂ ਚਰਚਿਤ ਹੋ ਰਹੇ ਹਨ। ਭਾਰਤ 'ਚ ਘੱਟ ਗਿਣਤੀਆਂ ਉਤੇ ਹੋ ਰਹੇ ਹਮਲੇ, ਮਨੁੱਖੀ ਅਧਿਕਾਰਾਂ ਦੀ ਉਲੰਘਣਾ ਅਤੇ ਭਾਰਤ ਦੇ ਸੰਘੀ ਢਾਂਚੇ ਨੂੰ ਤਹਿਸ-ਨਹਿਸ਼ ਕਰਨ ਦੇ ਯਤਨਾਂ ਨੇ ਨਰੇਂਦਰ ਮੋਦੀ ਦਾ ਅਕਸ ਖ਼ਾਸ ਤੌਰ 'ਤੇ ਅੰਤਰ-ਰਾਸ਼ਟਰੀ ਮੰਚ ਉਤੇ ਖ਼ਰਾਬ ਕੀਤਾ ਹੈ। ਭਾਜਪਾ-ਆਰ.ਐਸ.ਐਸ. ਕਾਰਵਾਈਆਂ ਦਾ ਹੀ ਸਿੱਟਾ ਹੈ ਕਿ ਪੰਜਾਬ, ਪੱਛਮੀ ਬੰਗਾਲ ਵਰਗੇ ਗੈਰ-ਭਾਜਪਾ ਸੂਬਿਆਂ ਵਿਚੋਂ ਕੇਂਦਰ ਸਰਕਾਰ ਵਲੋਂ ਇਹੋ ਜਿਹੀਆਂ ਹੈਂਕੜਬਾਜ਼ੀ ਕਾਰਵਾਈਆਂ ਕੀਤੀਆਂ ਜਾ ਰਹੀਆਂ ਹਨ, ਜਿਹਨਾ ਨੂੰ ਇਥੋਂ ਦੇ ਵਸ਼ਿੰਦੇ ਕਦਾ ਚਿੱਤ ਵੀ ਪ੍ਰਵਾਨ ਨਹੀਂ ਕਰਦੇ। ਪਰ ਹਰ ਸੂਬੇ ਅਤੇ ਉਥੇ ਦੇ

(ਬਾਕੀ ਅਗਲੇ ਸਫੇ 'ਤੇ)

# ਬੀ ਜੇ ਪੀ ਦੇ ਲਖੀਮਪੁਰ ਖੀਰੀ ਕਤਲੇਆਮ ਨੂੰ ਫਿਰਕੂ ਰੰਗਤ ਦੇਣ ਦੀ ਕੋਸ਼ਿਸ਼ ਅਸਫਲ



ਉਜਾਗਰ ਸਿੰਘ
91-94178 13072

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਹੀ ਪੰਜਾਬੀਆਂ/ਸਿੱਖਾਂ ਨੂੰ ਪਰਵਾਸ ਦਾ ਸੰਕਲਪ ਦਿੱਤਾ ਸੀ, ਜਦੋਂ ਉਦਾਸੀਆਂ ਦੇ ਮੌਕੇ 'ਤੇ ਉਨ੍ਹਾਂ ਦੀ ਸੇਵਾ ਕਰਨ ਵਾਲੇ ਅਤੇ ਸੇਵਾ ਨਾ ਕਰਨ ਵਾਲੇ ਲੋਕਾਂ ਨੂੰ ਉਜੜ ਜਾਓ ਅਤੇ ਵਸਦੇ ਰਹੋ ਦਾ ਆਸ਼ੀਰਵਾਦ ਦਿੱਤਾ ਸੀ। ਉਨ੍ਹਾਂ ਦੇ ਇਸ ਹੁਕਮ 'ਤੇ ਫੁਲ ਚੜ੍ਹਾਉਂਦਿਆਂ ਪੰਜਾਬੀਆਂ/ਸਿੱਖਾਂ ਨੇ ਦੇਸ਼ ਵਿਦੇਸ਼ ਵਿੱਚ ਪਰਵਾਸ ਕਰਨਾ ਸ਼ੁਰੂ ਕਰ ਦਿੱਤਾ ਸੀ। ਜਿਸਦੇ ਸਿੱਟੇ ਵਜੋਂ ਅੱਜ ਦਿਨ ਪੰਜਾਬੀ/ਸਿੱਖ ਦੇਸ਼ ਵਿਦੇਸ਼ ਵਿੱਚ ਖ਼ੁਸ਼ਹਾਲ ਜੀਵਨ ਬਤੀਤ ਕਰ ਰਹੇ ਹਨ ਪ੍ਰੰਤੂ ਕੁਝ ਲੋਕਾਂ ਨੂੰ ਪੰਜਾਬੀਆਂ/ਸਿੱਖਾਂ ਦੀ ਖ਼ੁਸ਼ਹਾਲੀ ਰੜਕਦੀ ਹੈ। ਉਹ ਬਰਦਾਸ਼ਤ ਨਹੀਂ ਕਰ ਰਹੇ। ਹਾਲਾਂ ਕਿ ਉਨ੍ਹਾਂ ਆਪਣੀ ਹਿੰਮਤ, ਦ੍ਰਿੜ੍ਹਤਾ ਅਤੇ ਹੱਡ ਭੰਨਵੀਂ ਮਿਹਨਤ ਨਾਲ ਬੰਜ਼ਰ ਜੰਗਲੀ ਜ਼ਮੀਨ ਨੂੰ ਉਪਜਾਊ ਬਣਾਕੇ ਖ਼ੁਸ਼ਹਾਲੀ ਪ੍ਰਾਪਤ ਕੀਤੀ ਹੈ। ਉਹ ਜੰਗਲੀ ਜਾਨਵਰਾਂ ਅਤੇ ਸੱਪਾਂ ਦੀਆਂ ਸਿਰੀਆਂ ਮਿਧ ਕੇ ਇਸ ਮੁਕਾਮ 'ਤੇ ਪਹੁੰਚੇ ਹਨ। ਕੁਝ ਸਥਾਨਕ ਲੋਕ ਆਪ ਕੁਝ ਕਰਨ ਜੋਗੇ ਨਹੀਂ ਪ੍ਰੰਤੂ ਉਨ੍ਹਾਂ ਦੀ ਫੋਕੀ ਹਓਮੈਂ ਦੇਸ਼ ਵਿਦੇਸ਼ ਵਿੱਚ ਪੰਜਾਬੀਆਂ/ਸਿੱਖਾਂ ਨੂੰ ਉਥੋਂ ਖਦੇੜਨ ਲਈ ਹਰ ਹੱਥ ਕੰਡਾ ਵਰਤ ਰਹੀ ਹੈ। ਲਖ਼ੀਮਪੁਰ ਖੀਰੀ ਕਤਲੇਆਮ ਦੇ ਅਣਮਨੁੱਖੀ ਜ਼ੁਲਮ ਨੇ ਹਓਮੈਂ ਦੇ ਸ਼ਿਕਾਰ ਲੋਕਾਂ ਦਾ ਪਰਦਾ ਫ਼ਾਸ਼ ਕਰ ਦਿੱਤਾ ਹੈ। ਪਿਛਲੇ ਲਗਪਗ ਇਕ ਸਾਲ ਤੋਂ ਕਿਸਾਨ ਅੰਦੋਲਨ ਸ਼ਾਂਤਮਈ ਢੰਗ ਨਾਲ ਚਲ ਰਿਹਾ ਹੈ। ਇਸ ਅੰਦੋਲਨ ਦੀ ਸਫ਼ਲਤਾ ਕਰਕੇ ਪਹਿਲਾਂ 26 ਜਨਵਰੀ 2021 ਦੀ ਘਟਨਾ ਨੂੰ ਦਿੱਲੀ ਵਿਖੇ ਪੰਜਾਬੀਆਂ/ਸਿੱਖਾਂ ਦੇ ਗਲ ਮੜ੍ਹਨ ਦੀ ਕੋਸ਼ਿਸ਼ ਕੀਤੀ ਗਈ ਤਾਂ ਜੋ ਕਿਸਾਨ ਅੰਦੋਲਨ ਨੂੰ ਬਦਨਾਮ ਕੀਤਾ ਜਾ ਸਕੇ। ਦੂਜੀ ਵਾਰ 3 ਅਕਤੂਬਰ 2021 ਨੂੰ ਲਖੀਮਪੁਰ ਖੀਰੀ ਜਿਲ੍ਹੇ ਵਿੱਚ ਤਿਕੋਨੀਆਂ ਵਿਖੇ ਸ਼ਾਂਤਮਈ ਢੰਗ ਨਾਲ ਵਿਰੋਧ ਕਰਕੇ ਵਾਪਸ ਆ ਰਹੇ ਕਿਸਾਨਾ ਉਪਰ ਕੇਂਦਰੀ ਗ੍ਰਹਿ ਰਾਜ ਮੰਤਰੀ ਅਜੇ ਮਿਸ਼ਰਾ ਟੈਨੀ ਦੇ ਸਪੁੱਤਰ ਅਸ਼ੀਸ਼ ਮਿਸ਼ਰਾ ਟੈਨੀ ਦੀ ਅਗਵਾਈ ਵਿੱਚ ਗੱਡੀਆਂ ਦਾ ਕਾਫਲਾ ਚੜ੍ਹਾਕੇ 4 ਕਿਸਾਨਾ ਨੂੰ ਸ਼ਹੀਦ ਕਰ ਦਿੱਤਾ ਗਿਆ। ਇੰਝ ਕਰਨ ਦੇ ਦੋ ਕਾਰਨ ਸਨ। ਪਹਿਲਾ ਕਾਰਨ ਤਰਾਈ ਦੇ ਇਲਾਕੇ ਵਿੱਚ ਪੰਜਾਬੀਆਂ/ਸਿੱਖਾਂ ਨੂੰ ਭਜਾਉਣਾ, ਜਿਸਦਾ ਅਲਟੀਮੇਟਮ ਘਟਨਾ ਤੋਂ 3 ਦਿਨ ਪਹਿਲਾਂ ਕੇਂਦਰੀ ਗ੍ਰਹਿ ਰਾਜ ਮੰਤਰੀ ਨੇ ਸਿਆਸੀ ਤਾਕਤ ਦੇ ਨਸ਼ੇ ਵਿੱਚ ਸ਼ਰੇਆਮ ਕਿਸਾਨਾ ਨੂੰ ਵੰਗਾਰਦਿਆਂ ਇਕ ਜਲਸੇ ਵਿੱਚ ਉਤਰ ਪ੍ਰਦੇਸ਼ ਵਿੱਚੋਂ ਕਿਸਾਨਾ ਨੂੰ ਮਿੰਟਾਂ ਸਕਿੰਟਾਂ ਵਿੱਚ ਕੱਢਣ ਐਲਾਨ ਕਰ ਦਿੱਤਾ ਸੀ। ਦੂਜਾ ਫਰਵਰੀ 2022 ਵਿੱਚ ਹੋਣ ਵਾਲੀਆਂ 5 ਰਾਜਾਂ ਦੀਆਂ ਵਿਧਾਨ ਸਭਾ ਚੋਣਾ ਖਾਸ ਤੌਰ 'ਤੇ ਉਤਰ ਪ੍ਰਦੇਸ਼ ਦੀ ਚੋਣ ਜਿੱਤਣਾ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਦੀ ਮੁੱਛ ਦਾ ਵਾਲ ਹੋਣ ਕਰਕੇ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਦੋ ਸਮੁਦਾਇ ਵਿੱਚ ਮਜ਼ਬੀ ਦੁਫਾੜ ਪਾ ਕੇ ਚੋਣਾ ਜਿੱਤਣਾ ਸੀ।



ਪੰਜਾਬੀਆਂ/ਸਿੱਖਾਂ ਦੀ ਖ਼ੁਸ਼ਕਿਸਮਤੀ ਰਹੀ ਕਿ ਸ਼ੋਸ਼ਲ ਮੀਡੀਆ ਨੇ ਸੱਚ ਸਾਹਮਣੇ ਲਿਆਕੇ ਸਰਕਾਰ ਦੇ ਨਾਸੀਂ ਧੂੰਆਂ ਲਿਆ ਦਿੱਤਾ। ਸਰਕਾਰ ਦੀ ਸ਼ਹਿ 'ਤੇ ਗੋਦੀ ਮੀਡੀਆ ਅਜੇ ਤੱਕ ਵੀ ਇਸ ਕਤਲੇਆਮ ਨੂੰ ਸਿਆਸੀ ਸ਼ਹਿ 'ਤੇ ਮਜ਼ਬੀ ਰੰਗਤ ਦੇਣ ਦੀ ਵਾਹ ਲਾ ਰਿਹਾ ਹੈ। ਕੁਝ ਸਾਡੇ ਭਰਾਵਾਂ ਨੇ ਕਿਸਾਨ ਨੇਤਾ ਰਾਕੇਸ਼ ਟਿਕੈਤ ਵੱਲੋਂ ਕਰਵਾਏ ਸਮਝੌਤੇ 'ਤੇ ਕਿੰਤੂ ਪ੍ਰੰਤੂ ਕਰਨਾ ਸ਼ੁਰੂ ਕਰ ਦਿੱਤਾ ਜੋ ਜ਼ਾਇਜ਼ ਨਹੀਂ ਹਨ। ਕਿਉਂਕਿ/ਪੰਜਾਬੀ ਸਿੱਖ ਉਤਰ ਪ੍ਰਦੇਸ਼ ਵਿੱਚ ਘੱਟ ਗਿਣਤੀ ਵਿੱਚ ਹਨ। ਇਸ ਸਮਝੌਤੇ ਨਾਲ ਸਰਕਾਰ ਦੀ ਸਿਆਸੀ ਚਾਲ ਸਿੱਖਾਂ ਦੇ 1984 ਵਿੱਚ ਹੋਏ ਕਤਲੇਆਮ ਦੀ ਤਰ੍ਹਾਂ ਇਸ ਘਟਨਾ ਨੂੰ ਉਸੇ ਪ੍ਰਕਾਰ ਬਣਾਕੇ ਵਰਤਣ 'ਤੇ ਰੋਕ ਲਗ ਗਈ ਹੈ। ਜੇਕਰ ਇੰਝ ਸਮਝੌਤਾ ਨਾ ਹੁੰਦਾ ਤਾਂ ਹੱਲਾਸ਼ੇਰੀ ਦੇਣ ਵਾਲਿਆਂ ਨੇ ਤਾਂ ਅੱਗ ਲਾਈ ਡੱਬੂ ਕੰਧ 'ਤੇ ਦੀ ਕਹਾਵਤ 'ਤੇ ਪੂਰਾ ਉਤਰਨਾ ਸੀ। ਪੰਜਾਬੀਆਂ/ਸਿੱਖਾਂ ਦਾ ਨੁਕਸਾਨ ਹੋ ਜਾਣਾ ਸੀ। ਕਿਸਾਨ ਅੰਦੋਲਨ ਵਿੱਚ ਸਾਰੀਆਂ ਪਾਰਟੀਆਂ ਦੇ ਕਿਸਾਨ, ਅੰਦੋਲਨ ਦੇ ਝੰਡੇ ਹੇਠ ਆਪਣੇ ਵੈਰ ਵਿਰੋਧ ਖ਼ਤਮ ਕਰਕੇ ਆਪਸੀ ਸਦਭਾਵਨਾ ਨਾਲ ਕੰਮ ਕਰ ਰਹੇ ਹਨ। ਸਿਆਸੀ ਪਾਰਟੀਆਂ ਭਾਵੇਂ ਸਿਆਸੀ ਲਾਹਾ ਲੈਣ ਦੀ ਆੜ ਵਿੱਚ ਲਖੀਮਪੁਰ ਖੀਰੀ ਪਹੁੰਚਕੇ ਸਰਕਾਰ 'ਤੇ ਦਬਾਅ ਬਣਾਉਣ ਵਿੱਚ ਸਫਲ ਹੋਈਆਂ ਹਨ। ਪ੍ਰੰਤੂ ਸਰਕਾਰ ਇਨਸਾਫ਼ ਦਿਵਾਉਣ ਲਈ ਤਿਆਰ ਹੀ ਨਹੀਂ। ਸਭ ਤੋਂ ਪਹਿਲਾਂ ਘਟਨਾ ਵਾਲੀ ਰਾਤ ਨੂੰ ਹੀ ਪ੍ਰਿਅੰਕਾ ਗਾਂਧੀ ਨੇ ਰਸਤੇ ਬਦਲਕੇ ਲਖੀਮਪੁਰ ਖੀਰੀ ਪਹੁੰਚਣ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਨੂੰ ਰੋਕ ਕੇ ਨਜ਼ਬੰਦ ਕਰ ਦਿੱਤਾ ਗਿਆ। ਉਨ੍ਹਾਂ ਦੇ ਨਜ਼ਰਬੰਦ ਹੋਣ ਦੀ ਖ਼ਬਰ ਨੇ ਰਾਸ਼ਟਰੀ ਅਤੇ ਅੰਤਰਾਸ਼ਟਰੀ ਮੀਡੀਆ ਦਾ ਧਿਆਨ ਖਿਚਿਆ, ਜਿਸ ਕਰਕੇ ਸਰਕਾਰ ਅੰਤਰਰਾਸ਼ਟਰੀ ਖੇਤਰ ਵਿੱਚ ਬਦਨਾਮ ਹੋ ਗਈ। ਇਸਤੋਂ ਪਹਿਲਾਂ ਕੌਮੀ ਮੀਡੀਆ ਇਕ ਫਿਰਕੇ ਦੇ ਵਿਰੁੱਧ ਹਿਰ ਉਗਲ ਰਿਹਾ ਸੀ। ਰਾਹੁਲ ਗਾਂਧੀ ਦੇ ਨਾਲ ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਅਤੇ ਛਤੀਸਤਗੜ੍ਹ ਦੇ ਮੁੱਖ ਮੰਤਰੀ ਭੁਪੇਸ਼ ਬਘੇਲਾ ਵੀ ਲਖਨਊ ਪਹੁੰਚੇ ਪ੍ਰੰਤੂ ਉਨ੍ਹਾਂ ਨੂੰ ਵੀ ਰੋਕ ਲਿਆ ਗਿਆ। । ਅਖ਼ੀਰ ਸਰਕਾਰ ਨੂੰ ਝੁਕਣਾ ਪਿਆ। ਸਾਰੀਆਂ ਪਾਰਟੀਆਂ ਦੇ ਨੇਤਾਵਾਂ ਨੂੰ ਲਖੀਮਪੁਰ ਪ੍ਰਭਾਵਤ ਕਿਸਾਨਾ ਦੇ ਕੋਲ ਅਫਸੋਸ ਕਰਨ ਲਈ ਜਾਣ ਦਿੱਤਾ ਗਿਆ। ਇਸ ਤੋਂ ਬਾਅਦ ਤਾਂ ਦੇਸ਼ ਦੇ ਵੱਖ-ਵੱਖ ਹਿਸਿਆਂ ਅਤੇ ਖਾਸ ਤੌਰ ਤੇ ਪੰਜਾਬ ਤੋਂ ਲੋਕਾਂ ਨੇ ਪਹੁੰਚਣਾ ਸ਼ੁਰੂ ਕਰ ਦਿੱਤਾ। ਮਜ਼ਬੂਰ ਹੋ ਕੇ ਸਰਕਾਰ ਨੂੰ ਦੋਸ਼ੀ ਅਸ਼ੀਸ਼ ਮਿਸ਼ਰਾ ਟੈਨੀ ਨੂੰ ਗ੍ਰਿਫਤਾਰ ਕਰਨਾ ਪਿਆ। ਕੇਂਦਰੀ ਗ੍ਰਹਿ ਰਾਜ ਮੰਤਰੀ ਨੂੰ ਅਜੇ ਤੱਕ ਬਰਖ਼ਾਸਤ ਨਹੀਂ ਕੀਤਾ ਗਿਆ। ਸ਼ਹੀਦ ਹੋਏ ਕਿਸਾਨਾ ਦਾ ਭੋਗ ਸਮਾਗਮ ਤਿਕੋਨੀਆਂ ਵਿਖੇ 12 ਅਕਤੂਬਰ ਨੂੰ ਸ਼ਾਂਤੀ ਨਾਲ ਸਿਰੇ ਚੜ੍ਹਨਾ ਸੰਯੁਕਤ ਕਿਸਾਨ ਮੋਰਚੇ ਦੀ ਨੀਤੀ ਦਾ ਪ੍ਰਤੀਕ ਹੈ। ਇਸ ਭੋਗ ਸਮਾਗਮ ਵਿੱਚ ਕਾਂਗਰਸ ਪਾਰਟੀ ਦੀ ਜਨਰਲ ਸਕੱਤਰ ਪ੍ਰਿਅੰਕਾ ਗਾਂਧੀ ਸਮੇਤ ਵੱਖ-ਵੱਖ ਪਾਰ-ਟੀਆਂ ਦੇ ਨੁਮਾਇੰਦੇ ਅਤੇ ਵੱਡੀ ਗਿਣਤੀ ਵਿੱਚ ਕਿਸਾਨ ਪਹੁੰਚੇ ਸਨ। ਪ੍ਰੰਤੂ ਸੰਯੁਕਤ ਕਿਸਾਨ ਮੋਰਚੇ ਨੇ ਸਿਆਸੀ ਨੇਤਾਵਾਂ ਨੂੰ ਸਟੇਜ 'ਤੇ ਬੈਠਣ ਦੀ ਇਜ਼ਾਜ਼ਤ ਨਹੀਂ ਦਿੱਤੀ।





ਪੰਡਤ ਜਵਾਹਰ ਲਾਲ ਨਹਿਰੂ ਦੇ ਪ੍ਰਧਾਨ ਮੰਤਰੀ ਹੁੰਦਿਆਂ ਭਾਰਤ ਸਰਕਾਰ ਨੇ 1950 ਵਿੱਚ ਸਮੁੱਚੇ ਭਾਰਤ ਵਿਚ ਖਾਸ ਤੌਰ 'ਤੇ ਉਤਰ ਪ੍ਰਦੇਸ਼, ਮੱਧ ਪ੍ਰਦੇਸ਼, ਅੰਡੇਮਾਨ, ਆਸਾਮ ਅਤੇ ਰਾਜਸਥਾਨ ਦੇ ਜੰਗਲਾਂ ਅਤੇ ਬੰਜ਼ਰ ਜ਼ਮੀਨਾ ਨੂੰ ਅਨਾਜ ਦੀ ਲੋੜ ਪੂਰੀ ਕਰਨ ਲਈ ਪੰਜਾਬੀਆਂ/ਸਿੱਖਾਂ ਨੂੰ ਸੱਦਕੇ 25 ਸਾਲਾਂ ਲਈ ਪਟੇ ਤੇ ਜ਼ਮੀਨਾ ਅਲਾਟ ਕੀਤੀਆਂ ਗਈਆਂ ਸਨ। ਸਾਂਝੇ ਪੰਜਾਬ ਦੇ ਉਦੋਂ ਦੇ ਪਛੜੇ ਪਿਹੋਵਾ ਅਤੇ ਕੈਥਲ ਦੇ ਇਲਾਕੇ ਦੀਆਂ ਬੰਜ਼ਰ ਜ਼ਮੀਨਾ ਵੀ ਪਟੇ 'ਤੇ ਦਿੱਤੀਆਂ ਗਈਆਂ ਸਨ। ਅਸਲ ਵਿੱਚ ਇਹ ਪੰਚਾਇਤਾਂ ਦੀਆਂ ਸ਼ਾਮਲਾਟ ਜ਼ਮੀਨਾ ਸਨ। ਇਸ ਤੋਂ ਬਾਅਦ ਵੀ ਇਹ ਕਾਰਵਾਈ ਚਲਦੀ ਰਹੀ। ਬਹੁਤ ਸਾਰੇ ਕਿਸਾਨਾ ਨੇ ਹੋਰ ਜ਼ਮੀਨਾ ਖਰੀਦਕੇ ਵੱਡੇ ਖੇਤੀਬਾੜੀ ਫਾਰਮ ਬਣਾ ਲਏ। ਇਹ ਪਟੇ ਹਰ 25 ਸਾਲ ਬਾਅਦ ਵਧਦੇ ਰਹੇ। ਉਸ ਸਮੇਂ ਭਾਰਤ ਨੂੰ ਅਨਾਜ ਦੀ ਘਾਟ ਪੂਰੀ ਕਰਨ ਲਈ ਅਮਰੀਕਾ ਤੋਂ ਪੀ ਐਲ ਓ ਸਕੀਮ ਅਧੀਨ ਮੰਗਵਾਉਣਾ ਪੈਂਦਾ ਸੀ। ਲਾਲ ਰੰਗ ਦੀ ਕਣਕ ਹੁੰਦੀ ਸੀ। ਜਦੋਂ ਇਹ ਘਾਟ ਪੂਰੀ ਕਰਨ ਬਾਰੇ ਸੋਚਿਆ ਤਾਂ ਪੰਜਾਬੀ/ਸਿੱਖ ਕਿਸਾਨ ਮਿਹਨਤੀ ਅਤੇ ਦਲੇਰ ਹੋਣ ਕਰਕੇ ਸਰਕਾਰ ਦੀ ਨਿਗਾਹ ਚੜ੍ਹੇ। ਸਰਕਾਰ ਨੇ ਆਪ ਜ਼ਮੀਨਾ ਅਲਾਟ ਕੀਤੀਆਂ। ਕਿਸੇ ਕਿਸਾਨ ਨੇ ਭੀਖ ਨਹੀਂ ਮੰਗੀ। ਸਗੋਂ ਉਨ੍ਹਾਂ ਦਿਨਾ ਵਿੱਚ ਬਿਜਲੀ, ਸਕੂਲ, ਹਸਪਤਾਲ, ਟੈਲੀਫੋਨ ਆਦਿ ਕੋਈ ਸਹੂਲਤ ਨਹੀਂ ਸੀ ਤਾਂ ਵੀ ਕਿਸਾਨਾਂ ਨੇ ਅਨੇਕਾਂ ਮੁਸ਼ਕਲਾਂ ਦੇ ਹੁੰਦਿਆਂ ਦੇਸ਼ ਦੀ ਅਨਾਜ ਦੀ ਲੋੜ ਪੂਰੀ ਕੀਤੀ। ਹੁਣ ਕਿਸਾਨਾਂ ਨੇ ਕੀ ਗੁਨਾਹ ਕਰ ਦਿੱਤਾ ਕਿ ਸਰਕਾਰ ਉਨ੍ਹਾਂ ਨੂੰ ਉਜਾੜਨ ਲਈ ਤਤਪਰ ਹੈ। ਪੰਜਾਬੀਆਂ/ਸਿੱਖਾਂ ਨੇ ਸਰਕਾਰ ਦੀ ਇਛਾ ਦੀ ਪੂਰਤੀ ਕਰਦਿਆਂ ਬੰਜ਼ਰ ਅਤੇ ਜੰਗਲੀ ਜ਼ਮੀਨਾ ਪੱਧਰੀਆਂ ਕਰਕੇ ਅਨਾਜ ਦੀ ਮੰਗ ਪੂਰੀ ਕੀਤੀ। ਭਾਰਤ ਨੂੰ ਅਨਾਜ ਦੇ ਖੇਤਰ ਵਿੱਚ ਆਤਮ ਨਿਰਭਰ ਕਰ ਦਿੱਤਾ। ਲਾਲ ਬਹਾਦਰ ਸ਼ਾਸ਼ਤਰੀ ਪ੍ਰਧਾਨ ਮੰਤਰੀ ਨੇ ਤਾਂ ''ਜੈ ਜਵਾਨ ਜੈ ਕਿਸਾਨ'' ਦਾ ਨਾਅਰਾ ਵੀ ਦਿੱਤਾ ਸੀ। ਉਤਰ ਪ੍ਰਦੇਸ਼ ਦੇ ਦੋ ਮੁੱਖ ਮੰਤਰੀ ਕੇ ਸੀ ਪੰਤ ਅਤੇ ਐਨ ਡੀ ਤਿਵਾੜੀ ਕਿਸਾਨਾ ਦੇ ਹਮਦਰਦ ਰਹੇ ਪ੍ਰੰਤੂ ਉਸ ਤੋਂ ਬਾਅਦ ਕਿਸਾਨਾ ਦੇ ਪਟੇ ਵਧਾਉਣ ਵਿੱਚ ਹਰ ਮੁੱਖ ਮੰਤਰੀ ਆਨਾ ਕਾਨੀ ਕਰਨ ਲੱਗ ਪਿਆ। 1997 ਵਿੱਚ ਜਦੋਂ ਭਾਰਤੀ ਜਨਤਾ ਪਾਰਟੀ ਅਤੇ ਬਹੁਜਨ ਸਮਾਜ ਪਾਰਟੀ ਦੀ ਸਾਂਝੀ ਸਰਕਾਰ ਦੇ ਮੁੱਖ ਮੰਤਰੀ ਬੀਬੀ ਮਾਇਆਵਤੀ ਸਨ ਤਾਂ ਉਨ੍ਹਾਂ ਕਿਸਾਨਾ ਨੂੰ ਉਤਰ ਪ੍ਰਦੇਸ਼ ਵਿੱਚੋਂ ਉਜਾੜਨ ਦੀ ਕਾਰਵਾਈ ਸ਼ੁਰੂ ਕਰ ਦਿੱਤੀ। ਗੁਜਰਾਤ ਵਿੱਚ ਜਦੋਂ ਨਰਿੰਦਰ ਮੋਦੀ ਮੁੱਖ ਮੰਤਰੀ ਸਨ ਤਾਂ ਉਨ੍ਹਾਂ ਨੇ ਵੀ ਕਿਸਾਨਾ ਨੂੰ ਉਜਾੜਨ ਦੀ ਕਾਰਵਾਈ ਸ਼ੁਰੂ ਕਰ ਦਿੱਤੀ ਸੀ। ਕਿਸਾਨ ਹਾਈ ਕੋਰਟ ਵਿੱਚੋਂ ਕੇਸ ਜਿੱਤ ਗਏ ਸਨ ਤਾਂ ਸਰਕਾਰ ਨੇ ਸੁਪਰੀਮ ਕੋਰਟ ਵਿੱਚ ਕੇਸ ਕਰ ਦਿੱਤਾ ਜਿਹੜਾ ਲੰਬਿਤ ਪਿਆ ਹੈ। ਸਿਆਸੀ ਪਾਰਟੀਆਂ ਦੀ ਸੀਨੀਅਰ ਲੀਡਰਸ਼ਿਪ ਜਿਨ੍ਹਾਂ ਵਿੱਚ ਉਤਰ ਪ੍ਰਦੇਸ਼ ਦੇ ਮਰਹੂਮ ਕਿਸਾਨ ਲੀਡਰ ਅਜੀਤ ਸਿੰਘ ਦਾ ਬੇਟਾ ਜੈਅੰਤ, ਸਮਾਜਵਾਦੀ ਪਾਰਟੀ, ਟੀ ਐਮ ਸੀ ਦੇ ਦੋ ਐਮ ਪੀ, ਅਕਾਲੀ ਦਲ ਦੇ ਪ੍ਰੇਮ ਸਿੰਘ ਚੰਦੂਮਾਜਰਾ, ਹਰਸਿਮਰਤ ਕੌਰ ਬਾਦਲ ਆਦਿ ਨੇ ਵੀ ਲਖੀਮਪਰ ਖੀਰੀ ਪਹੁੰਚਕੇ ਪ੍ਰਭਾਵਤ ਪਰਿਵਾਰਾਂ ਨੂੰ ਮਿਲੇ ਸਨ। ਸਿਆਸੀ ਪਾਰਟੀਆਂ ਦੀ ਭੂਮਿਕਾ ਨੂੰ ਅਣਡਿਠ ਨਹੀਂ ਕੀਤਾ ਜਾ ਸਕਦਾ।

# ਕੀ ਪੰਜਾਬ ਰਾਸ਼ਟਰਪਤੀ ਰਾਜ ਵੱਲ ਅੱਗੇ ਵੱਧ ਰਿਹਾ ਹੈ?

**(ਸਫਾ 20 ਦੀ ਬਾਕੀ)**

ਲੋਕਾਂ ਨੂੰ ਆਪਣੇ ਸ਼ਕੰਜੇ 'ਚ ਕੱਸਣ ਲਈ ਕੇਂਦਰੀ ਭਾਜਪਾ ਸਰਕਾਰ ਹੱਥ ਕੰਡੇ ਵਰਤਦੀ ਹੈ, ਇਹੋ ਜਿਹਾ ਹੀ ਹੱਥ-ਕੰਡਾ ਕੇਂਦਰੀ ਹਾਕਮਾਂ ਨੇ ਪੱਛਮੀ ਬੰਗਾਲ 'ਚ ਹੋਈ ਹਾਰ ਨੂੰ ਹਜ਼ਮ ਨਾ ਕਰਦਿਆਂ, ਪੰਜਾਬ 'ਚ ਵਰਤਿਆ ਹੈ, ਜਿਸਦਾ ਖ਼ਾਸ ਕਰਕੇ ਭਾਜਪਾ-ਆਰ.ਐਸ.ਐਸ. ਅਤੇ ਉਹਨਾ ਨਾਲ ਅੰਦਰੋਂ ਪੀਘਾਂ ਪਾਈ ਬੈਠੇ ਪੰਜਾਬ ਦੇ ਨੇਤਾਵਾਂ ਨੇ ਸਮਰੱਥਨ ਕੀਤਾ ਹੈ।

ਅਸਲ ਵਿੱਚ ਤਾਂ ਪੰਜਾਬ 'ਚ ਕਾਂਗਰਸ ਸਰਕਾਰ ਖ਼ਤਮ ਕਰਕੇ ਰਾਸ਼ਟਰਪਤੀ ਰਾਜ ਲਾਗੂ ਕਰਨ ਦੀਆਂ ਕੰਨਸੋਆਂ ਤਾਂ ਲੰਮੇ ਸਮੇਂ ਤੋਂ ਸੁਣੀਆਂ ਜਾ ਰਹੀਆਂ ਹਨ। ਕਾਂਗਰਸ ਦੇ 77 ਵਿਧਾਇਕਾਂ ਵਿਚੋਂ ਕੁਝ ਵਿਧਾਇਕ ਤੋੜਕੇ ਆਪਣੇ ਨਾਲ ਲਾਕੇ ਕਾਂਗਰਸ ਸਰਕਾਰ ਨੂੰ ਘੱਟ ਗਿਣਤੀਆਂ 'ਚ ਕਰਨ ਦੇ ਮਨਸੂਬੇ ਸਾਬਕਾ ਮੁੱਖ ਮੰਤਰੀ ਅਮਰਿੰਦਰ ਸਿੰਘ ਵਲੋਂ ਘੜੇ ਜਾ ਰਹੇ ਹਨ। ਕੇਂਦਰੀ ਭਾਜਪਾ ਹਾਕਮ ਨਾਲ ਉਹਨਾਂ ਦੀ ਸਾਂਝ ਹੁਣ ਲੁਕੀ-ਛੁਪੀ ਨਹੀਂ ਰਹੀਂ।

ਉਹ ਸਿੱਧਾ ਭਾਜਪਾ ਵਿੱਚ ਵੀ ਜਾ ਸਕਦੇ ਹਨ ਜਾਂ ਫਿਰ ਆਪਣੀ ਸਿਆਸੀ ਪਾਰਟੀ ਦਾ ਗਠਨ ਕਰਕੇ ਪੰਜਾਬ ਵਿੱਚ ਨਵੰਬਰ, ਦਸੰਬਰ ਮਹੀਨੇ ਨਵੀਂ ਖੇਡ, ਖੇਡਣ ਦੀ ਤਿਆਰੀ 'ਚ ਹਨ। ਪਰ ਹਾਲ ਦੀ ਘੜੀ ਕਾਂਗਰਸੀ ਵਿਧਾਇਕਾਂ ਦੀ ਵੱਡੀ ਗਿਣਤੀ ਉਹਨਾ ਦਾ ਸਾਥ ਇਸ ਕਰਕੇ ਨਹੀਂ ਦੇ ਰਹੀ, ਕਿਉਂਕਿ ਭਾਜਪਾ ਦਾ ਕਿਸਾਨਾਂ ਵਲੋਂ ਤਿੱਖਾ ਵਿਰੋਧ ਹੋ ਰਿਹਾ ਹੈ ਅਤੇ ਕੋਈ ਵੀ ਵਿਧਾਇਕ ਕਿਸਾਨਾਂ ਦਾ ਵਿਰੋਧ ਮੁੱਲ ਨਹੀਂ ਲੈਣਾ ਚਾਹੁੰਦਾ। ਸ਼ਾਇਦ ਇਹ ਸਭ ਕੁਝ ਵੇਖਦਿਆਂ ਕੇਂਦਰੀ ਹਾਕਮਾਂ ਨੇ ਅਸਿੱਧੇ ਢੰਗ ਨਾਲ ਬੀ.ਐਸ.ਐਫ. ਰਾਹੀਂ ਪੰਜਾਬ ਵਿੱਚ ਰਾਜ ਕਰਨ ਲਈ ਅਧਿਕਾਰ ਪ੍ਰਾਪਤ ਕਰ ਲਏ ਹਨ।

ਕੇਂਦਰ ਸਰਕਾਰ ਦੀ ਮਨਸ਼ਾ, ਪੰਜਾਬ ਦੇ ਲੋਕਾਂ ਨੂੰ ਸਬਕ ਸਿਖਾਉਣ ਦੀ ਹੈ, ਜਿਹੜੇ ਲੋਕ ਹੱਕਾਂ, ਮਨੁੱਖੀ ਅਧਿਕਾਰਾਂ ਲਈ ਸਿਰ ਧੜ ਦੀ ਬਾਜ਼ੀ ਲਾਉਣ ਤੋਂ ਵੀ ਗੁਰੇਜ਼ ਨਹੀਂ ਕਰਦੇ। ਪੰਜਾਬ ਦੇ ਸੂਝਵਾਨ ਲੋਕ ਬੀ.ਐਸ.ਐਫ. ਨੂੰ ਦਿੱਤੇ ਅਧਿਕਾਰਾਂ ਲਈ ਨੋਟੀਫੀਕੇਸ਼ਨ ਨੂੰ, ਜੰਮੂ ਕਸ਼ਮੀਰ ਨੂੰ ਜਿਸ ਢੰਗ ਨਾਲ ਵੰਡਕੇ, ਰਾਜ ਦਾ ਦਰਜਾ ਖ਼ਤਮ ਕਰਕੇ, ਕੇਂਦਰ ਸ਼ਾਸ਼ਤ ਪ੍ਰਦੇਸ਼ ਬਣਾਇਆ ਗਿਆ ਹੈ, ਉਸੇ ਸੰਦਰਭ 'ਚ ਵੇਖ ਰਹੇ ਹਨ। ਜੇਕਰ ਪੰਜਾਬ 'ਚ ਬਣਾਏ ਇਸ ਨੋਟੀਫੀਕੇਸ਼ਨ ਨੂੰ ਕਾਨੂੰਨ ਬਨਾਉਣ ਦੀ ਤਜ਼ਵੀਜ ਕੇਂਦਰ ਸਰਕਾਰ ਕੋਲ ਹੋਏਗੀ ਤਾਂ ਸਮਝੋ ਅੱਧਾ ਪੰਜਾਬ ਸਿੱਧਾ ਕੇਂਦਰ ਦੇ ਅਧੀਨ ਹੋ ਜਾਏਗਾ। ਇਸ ਨਾਲ ਪਠਾਨਕੋਟ, ਗੁਰਦਾਸਪੁਰ, ਅੰਮ੍ਰਿਤਸਰ, ਤਰਨਤਾਰਨ, ਫਿਰੋਜ਼ਪੁਰ, ਫਾਜ਼ਿਲਕਾ ਤਾਂ ਸਿੱਧੇ ਹੀ ਪ੍ਰਭਾਵਤ ਹੋਣਗੇ, ਪਰ ਹੁਸ਼ਿਆਰਪੁਰ, ਕਪੂਰਥਲਾ, ਜਲੰਧਰ, ਮੋਗਾ, ਫ਼ਰੀਦਕੋਟ, ਮੁਕਸਤਰ ਘੱਟ ਪ੍ਰਭਾਵਤ ਹੋਣਗੇ।

ਪੰਜਾਬ ਕਦੇ ਬਹੁਤ ਵੱਡਾ ਸੂਬਾ ਸੀ। ਇਹ ਪਹਿਲਾਂ ਹੀ ਇੱਕ ਛੋਟਾ ਜਿਹਾ ਪ੍ਰਾਂਤ ਬਣ ਚੁੱਕਾ ਹੈ। ਸੂਬੇ ਦੇ ਅਧਿਕਾਰਾਂ ਉਤੇ ਵੱਡੀ ਸੱਟ ਦੇ ਇਸ ਫ਼ੈਸਲੇ ਨਾਲ ਪ੍ਰਾਂਤ ਦੀ ਸਰਕਾਰ ਬੇਹੱਦ ਕਮਜ਼ੋਰ ਪੈ ਜਾਏਗੀ। ਇਸ ਸਰਕਾਰ ਦੀਆਂ ਜ਼ੁੰਮੇਵਾਰੀਆਂ ਬੇਹੱਦ ਘੱਟ ਜਾਣਗੀਆਂ। ਕੇਂਦਰੀ ਬਲ ਆਪਣੀਆਂ ਮਨਮ-ਰਜ਼ੀਆਂ ਕਰਨਗੇ। ਪੁਲਿਸ ਪ੍ਰਬੰਧ ਬੇਹੱਦ ਕਮਜ਼ੋਰ ਤੇ ਨਾਕਾਮ ਹੋ ਜਾਣਗੇ। ਪੰਜਾਬ ਦੇ ਲੋਕ, ਜਿਹੜੇ ਪਹਿਲਾਂ ਹੀ ਆਪਣੀ ਹੋਂਦ ਦੀ ਲੜਾਈ ਲੜ ਰਹੇ ਹਨ, ਉਹਨਾਂ ਦਾ ਵਿਰੋਧ ਹੋਰ ਵੀ ਤਿੱਖਾ ਹੋ ਜਾਏਗਾ।

ਕੇਂਦਰੀ ਹਕੂਮਤ ਨੇ ਜਿਥੇ ਸੰਘੀ ਢਾਂਚੇ ਨੂੰ ਵੱਡੀ ਢਾਅ ਲਾਈ ਹੈ, ਉਥੇ ਦੇਸ਼ ਦੇ ਚੋਣ ਕਮਿਸ਼ਨ, ਸੀ.ਬੀ.ਆਈ., ਆਰ.ਬੀ.ਆਈ. ਵਰਗੀਆਂ ਖ਼ੁਦਮੁਖਤਿਆਰ ਸੰਸਥਾਵਾਂ, ਜੋ ਕਦੇ ਆਪਣੇ ਆਜ਼ਾਦਾਨਾ ਢੰਗ ਨਾਲ ਕੰਮ ਕਰਦੀਆਂ ਸਨ, ਉਹਨਾਂ ਨੂੰ ਵੀ ਆਪਣੇ ਬੋਝੇ ਪਾ ਲਿਆ ਹੈ। ਭਾਜਪਾ-ਆਰ.ਐਸ.ਐਸ. ਦੀ ਰੀਝ, ਦੇਸ਼ ਨੂੰ ਸਿਰਫ਼ ਤੇ ਸਿਰਫ਼ ਆਪਣੇ ਅਖ਼ਤਿਆਰ ਨਾਲ ਚਲਾਉਣ ਦੀ ਹੈ।

ਇਸੇ ਕਰਕੇ ਦੇਸ਼ 'ਚ ਉਠੇ ਕਿਸੇ ਵੀ ਵਿਰੋਧ ਨੂੰ ਠੱਲ ਪਾਉਣ ਅਤੇ ਫਿਰ ਖ਼ਤਮ ਕਰਨ ਲਈ ਉਸ ਵਲੋਂ ਹੱਥ ਕੰਡੇ ਵਰਤੇ ਜਾਂਦੇ ਹਨ। ਭਾਜਪਾ-ਆਰ.ਐਸ.ਐਸ. ਪੰਜਾਬ ਨੂੰ ਹਥਿਆਉਣਾ ਚਾਹੁੰਦੇ ਹਨ ਅਤੇ ਇਥੋਂ ਉਠੀਆਂ ਵਿਰੋਧੀ ਸੁਰਾਂ ਨੂੰ ਖ਼ਤਮ ਕਰਨਾ ਚਾਹੁੰਦੇ ਹਨ, ਇਸੇ ਕਰਕੇ ਨਿੱਤ ਸ਼ਤਰੰਜੀ ਚਾਲਾਂ ਚਲਦੇ ਹਨ।

ਪੰਜਾਬ ਨੂੰ ਬੀ.ਐਸ.ਐਫ. ਹਵਾਲੇ ਕਰਨਾ, ਮੌਕੇ ਦੀ ਕਾਂਗਰਸ ਸਰਕਾਰ ਦੀਆਂ ਤਾਕਤਾਂ ਨੂੰ ਖ਼ਤਮ ਕਰਨ ਦੇ ਤੁਲ ਹੈ। ਇਹ ਮੋਦੀ ਸਰਕਾਰ ਦੀ ਆਪਹੁਦਰੀ ਕਾਰਵਾਈ ਹੈ। ਰਾਸ਼ਟਰੀ ਸੁਰੱਖਿਆ ਦੇ ਨਾਮ ਉਤੇ ਕੇਂਦਰ ਦੀ ਇਸ ਕਾਰਵਾਈ ਦਾ ਪੰਜਾਬ 'ਚ ਸਖ਼ਤ ਵਿਰੋਧ ਹੋ ਰਿਹਾ ਹੈ, ਕਿਉਂਕਿ ਪੰਜਾਬ ਦੇ ਲੋਕ ਚੁਣੀ ਹੋਈ ਸਰਕਾਰ ਭਾਵੇਂ ਉਹ ਚੰਗੀ ਹੈ ਜਾਂ ਮੰਦੀ, ਦੀ ਥਾਂ ਰਾਸ਼ਟਰਪਤੀ ਰਾਜ ਨੂੰ ਲਾਗੂ ਕਰਨਾ ਪ੍ਰਵਾਨ ਨਹੀਂ ਕਰਨਗੇ।

# ਆਮ ਆਦਮੀ ਪਾਰਟੀ ਨੇ 10 ਮੁੱਦਿਆਂ 'ਤੇ ਸੂਬਾ ਸਰਕਾਰ ਨੂੰ ਘੇਰਿਆ

**ਚੰਡੀਗੜ੍ਹ-** 'ਆਪ' ਦੇ ਸੀਨੀਅਰ ਆਗੂ ਤੇ ਵਿਧਾਇਕ ਕੁਲਤਾਰ ਸਿੰਘ ਸੰਧਵਾਂ ਨੇ ਕਾਂਗਰਸ 'ਤੇ ਲੰਬੇ ਲਮੇਂ ਤੋਂ ਲਟਕਦੇ ਆ ਰਹੇ ਮੁੱਦਿਆਂ ਤੋਂ ਭੱਜਣ ਦਾ ਦੋਸ਼ ਲਗਾਇਆ ਹੈ। ਉਨ੍ਹਾਂ ਕਿਹਾ ਕਿ ਕਾਂਗਰਸੀ ਆਗੂ ਕਦੇ 18, ਕਦੇ 5 ਅਤੇ ਹੁਣ 13 ਸੂਤਰੀ ਏਜੰਡਿਆਂ ਦੀ ਗਿਣਤੀ ਦੱਸਣ ਦੀ ਥਾਂ ਇਨ੍ਹਾਂ 'ਤੇ ਅਮਲ ਕਰਨ ਦੀ ਤਰੀਖ਼ ਨਿਸ਼ਚਿਤ ਕਰਨ। ਉਨ੍ਹਾਂ ਨੇ ਚੰਨੀ ਸਰਕਾਰ ਤੋਂ 10 ਮੁੱਦਿਆਂ ਦਾ ਹਿਸਾਬ-ਕਿਤਾਬ ਮੰਗਿਆ।

ਪੰਜਾਬ ਦੇ ਲਟਕੇ ਮੁੱਦਿਆਂ ਦੇ ਸਮਾਂਬੱਧ ਹੱਲ ਲਈ ਵਿਧਾਨ ਸਭਾ ਦਾ ਇਜਲਾਸ ਬੁਲਾਉਣ ਦੀ ਮੰਗ ਕੀਤੀ। ਸ੍ਰੀ ਸੰਧਵਾਂ ਨੇ ਕਿਹਾ ਕਿ ਪੰਜਾਬ 'ਚ ਗੁਰੂ ਗ੍ਰੰਥ ਸਾਹਿਬ ਸਣੇ ਹੋਰਨਾਂ ਧਾਰਮਿਕ ਗ੍ਰੰਥਾਂ ਦੀ ਬੇਅਦਬੀ ਹੋਈ। ਪੰਜਾਬ ਵਾਸੀ ਬੇਅਦਬੀਆਂ ਦੇ ਦੋਸ਼ੀਆਂ ਨੂੰ ਸਜ਼ਾ ਦੀ ਮੰਗ ਕਰਦੇ ਰਹੇ ਹਨ, ਪਰ ਕਾਂਗਰਸ ਸਰਕਾਰ ਕੋਈ ਕਾਰਵਾਈ ਨਹੀਂ ਕਰ ਰਹੀ। ਉਨ੍ਹਾਂ ਕਿਹਾ ਕਿ ਘਰ-ਘਰ ਨੌਕਰੀ ਸਣੇ ਹੋਰ ਵਾਅਦੇ ਵਫ਼ਾ ਨਹੀਂ ਹੋਏ। ਸੂਬੇ ਵਿਚੋਂ 'ਮਾਫ਼ੀਆ ਰਾਜ' ਖ਼ਤਮ ਨਹੀਂ ਹੋ ਸਕਿਆ। ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦਾ ਕਰਜ਼ਾ ਮੁਆਫ਼ ਨਹੀਂ ਹੋਇਆ। ਨਸ਼ਾ ਤਸਕਰੀ ਬਾਰੇ ਸਰਕਾਰ ਨੇ ਚੁੱਪ ਵੱਟ ਰੱਖੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਪੰਜਾਬ ਨੂੰ ਸੰਕਟ 'ਚੋਂ ਕੱਢਣ ਲਈ ਚੰਨੀ ਸਰਕਾਰ ਕੋਲ ਕੋਈ ਏਜੰਡਾ ਹੀ ਨਹੀਂ ਹੈ। ਇਸ ਲਈ ਵਿਧਾਨ ਸਭਾ ਦਾ ਵਿਸ਼ੇਸ਼ ਇਜਲਾਸ ਸੱਦਣਾ ਜ਼ਰੂਰੀ ਹੈ। ਇਸੇ ਦੌਰਾਨ ਪਰਲ ਕੰਪਨੀ ਦੀ ਠੱਗੀ ਦੇ ਪੀੜਤਾਂ ਦੀ ਕਮੇਟੀ ਨੇ 'ਆਪ' ਦੇ ਸੀਨੀਅਰ ਆਗੂ ਅਤੇ ਵਿਧਾਇਕ ਕੁਲਵੰਤ ਸਿੰਘ ਪੰਡੋਰੀ, ਮਨਜੀਤ ਸਿੰਘ ਬਿਲਾਸਪੁਰ ਅਤੇ ਅਮਰਜੀਤ ਸਿੰਘ ਸੰਦੋਆਂ ਨਾਲ ਮੁਲਾਕਾਤ ਕੀਤੀ। 'ਆਪ' ਆਗੂਆਂ ਨੇ ਕਿਹਾ ਕਿ ਇਹ ਮੰਗ ਪਾਰਟੀ ਦੇ ਚੋਣ ਮਨੋਰਥ ਪੱਤਰ 'ਚ ਸ਼ਾਮਲ ਕੀਤੀ ਜਾਵੇਗੀ। ਸਰਕਾਰ ਬਣਨ 'ਤੇ ਪੀੜਤਾਂ ਨੂੰ ਇਨਸਾਫ਼ ਦਿਵਾਇਆ ਜਾਵੇਗਾ।

### ਵਿਧਾਇਕਾਂ ਦਾ ਵਫ਼ਦ ਮੁੱਖ ਮੰਤਰੀ ਨੂੰ ਮਿਲਿਆ

ਪੰਜਾਬ ਦੇ ਵਿਧਾਇਕਾਂ ਨੂੰ ਹਲਕੇ ਦੇ ਵਿਕਾਸ ਕਾਰਜਾਂ ਲਈ ਐਮਐਲਏ ਫੰਡ ਜਾਂ ਲੋਕਲ ਏਰੀਆ ਫੰਡ ਨਹੀਂ ਮਿਲ ਰਹੇ ਹਨ। ਹੋਰਨਾਂ ਸੂਬਿਆਂ ਦੀ ਤਰਜ਼ 'ਤੇ ਪੰਜਾਬ ਦੇ ਵਿਧਾਇਕਾਂ ਨੂੰ ਐਮਐਲਏ ਫੰਡ ਜਾਰੀ ਕਰਨ ਦੀ ਮੰਗ ਕਰਦਿਆਂ 'ਆਪ' ਵਿਧਾਇਕਾਂ ਦਾ ਵਫ਼ਦ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਮਿਲਿਆ।

ਇਸ ਵਫ਼ਦ 'ਚ ਵਿਧਾਇਕ ਕੁਲਤਾਰ ਸਿੰਘ ਸੰਧਵਾਂ, ਕੁਲਵੰਤ ਸਿੰਘ ਪੰਡੋਰੀ ਅਤੇ ਅਮਰਜੀਤ ਸਿੰਘ ਸੰਦੋਆ ਸ਼ਾਮਲ ਸਨ। ਵਿਧਾਇਕਾਂ ਨੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਦੱਸਿਆ ਕਿ ਪੰਜਾਬ ਸਰਕਾਰ ਨੇ ਸਾਲ 2017 ਤੋਂ ਇਕ ਰੁਪਇਆ ਵੀ ਐਮਐਲਏ ਲੈਂਡ ਫੰਡ ਜਾਂ ਲੋਕਲ ਏਰੀਆ ਫੰਡ ਨਹੀਂ ਦਿੱਤਾ ਜਾਂਦਾ।


## 17 ਅਕਤੂਬਰ 2021 ਲਈ ਅੰਤਰਰਾਸ਼ਟਰੀ ਗਰੀਬੀ ਖਾਤਮਾ ਦਿਵਸ ਸਬੰਧੀ ਵਿਸ਼ੇਸ਼

# ਵਿਸ਼ਵ ਦੇ 80% ਲੋਕਾਂ ਕੋਲ ਵਿਸ਼ਵ ਦੀ ਕੁੱਲ ਆਮਦਨ ਦਾ ਸਿਰਫ 1 ਪ੍ਰਤੀਸ਼ਤ ਪਹੁੰਚ ਰਿਹਾ ਹੈ



ਕੁਲਦੀਪ ਚੰਦ
91-9417563054

ਗਰੀਬੀ ਇੱਕ ਬਹੁਪੱਖੀ ਸੰਕਲਪ ਹੈ ਜਿਸ ਵਿੱਚ ਸਮਾਜਿਕ ਆਰਥਿਕ ਅਤੇ ਰਾਜਨੀਤਿਕ ਤੱਤ ਸ਼ਾਮਲ ਹਨ ਅਤੇ ਉਹ ਦਸ਼ਾ ਹੈ ਜਿਸ ਵਿੱਚ ਕੋਈ ਵਿਅੱਕਤੀ ਅਪਣੀਆਂ ਬੁਨਿਆਦੀ ਜਰੂਰਤਾਂ ਪੂਰੀਆਂ ਨਾਂ ਕਰ ਸਕਣ ਕਾਰਨ ਸਿਹਤਮੰਦ ਅਤੇ ਉਪਜਾਊ ਜੀਵਨ ਜਿਉਣ ਤੋਂ ਅਸਮੱਰਥ ਰਹਿੰਦਾ ਹੈ। ਵਿਸ਼ਵ ਬੈਂਕ ਨੇ ਗਰੀਬੀ ਦੀਆਂ ਵੱਖ ਵੱਖ ਪ੍ਰੀਭਾਸ਼ਾਵਾਂ ਦਿੱਤੀਆਂ ਹਨ ਜਿਸ ਅਨੁਸਾਰ ਇੱਕ ਨਿਸ਼ਚਿਤ ਆਮਦਨ ਤੋਂ ਘੱਟ ਵਾਲੇ ਵਿਅਕਤੀ ਨੂੰ ਗਰੀਬ ਅਤੇ ਅਤਿ ਗਰੀਬ ਮੰਨਿਆਂ ਜਾਂਦਾ ਹੈ। ਸਾਲ 1990 ਵਿੱਚ ਇੱਕ ਡਾਲਰ ਤੱਕ ਦੀ ਆਮਦਨ ਨੂੰ ਗਰੀਬੀ ਦਾ ਪੱਧਰ ਮੰਨਿਆ ਗਿਆ ਸੀ ਜੋ ਕਿ 2005 ਵਿੱਚ ਵਧਾਕੇ 1.25 ਡਾਲਰ ਮੰਨਿਆ ਗਿਆ ਹੈ ਅਤੇ ਅਕਤੂਬਰ 2015 ਵਿੱਚ 1.90 ਡਾਲਰ ਕੀਤਾ ਗਿਆ ਹੈ। ਗਰੀਬੀ ਨੂੰ ਘਟਾਉਣ ਦੇ ਉਦੇਸ਼ ਨਾਲ 17 ਅਕਤੂਬਰ ਦਾ ਦਿਨ ਅੰਤਰਰਾਸ਼ਟਰੀ ਗਰੀਬੀ ਖਾਤਮਾ ਦਿਵਸ ਵਜੋਂ ਮਨਾਇਆ ਜਾਂਦਾ ਹੈ। ਜੇਕਰ ਇਸਦਾ ਪਿਛੋਕੜ ਵੇਖੀਏ ਤਾਂ ਅੱਜ ਦੇ ਦਿਨ ਹੀ 17 ਅਕਤੂਬਰ 1987 ਨੂੰ ਪੈਰਿਸ ਫਰਾਂਸ ਵਿੱਚ ਲੱਗਭੱਗ ਲੱਖ ਵਿਅੱਕਤੀ ਅਤੇ ਗਰੀਬੀ, ਭੁੱਖਮਰੀ, ਹਿੰਸਾ ਅਤੇ ਡਰ ਤੋਂ ਪੀੜਿਖ਼ਤ ਵਿਅੱਕਤੀਆਂ ਦਾ ਸਨਮਾਨ ਕਰਨ ਲਈ ਟਰੋਕਾਡੇਰੋ ਵਿਖੇ ਇਕੱਠੇ ਹੋਏ ਸਨ ਜਿੱਥੇ ਕਿ 1948 ਵਿੱਚ ਮਨੁੱਖੀ ਅਧਿਕਾਰਾਂ ਸਬੰਧੀ ਵਿਸ਼ਵ ਪੱਧਰੀ ਐਲਾਨਨਾਮਾ ਹੋਇਆ ਸੀ। ਇਨਖ਼ਾਂ ਨੇ ਐਲਾਨ ਕੀਤਾ ਕਿ ਗਰੀਬੀ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਅਤੇ ਇਸਦੇ ਹੱਲ ਲਈ ਇਕੱਠੇ ਹੋਣ ਦੀ ਲੋੜ ਹੈ। ਸੰਯੁਕਤ ਰਾਸ਼ਟਰ ਵਲੋਂ ਇਸ ਸਬੰਧੀ ਮਿਤੀ 22 ਦਸੰਬਰ 1992 ਨੂੰ ਮਤਾ ਨੰਬਰ 47/196 ਅਪਣਾਇਆ ਗਿਆ ਅਤੇ ਜਨਰਲ ਅਸੈਂਬਲੀ ਨੇ 17 ਅਕਤੂਬਰ ਦਾ ਦਿਨ ਅੰਤਰ-ਰਾਸ਼ਟਰੀ ਗਰੀਬੀ ਖਾਤਮਾ ਦਿਵਸ ਵਜੋਂ ਘੋਸ਼ਿਤ ਕੀਤਾ ਹੈ। ਮਤਾ ਨੰਬਰ 72/233 ਵਿੱਚ ਜਨਰਲ ਅਸੈਂਬਲੀ ਨੇ ਗਰੀਬੀ ਦੇ ਖਾਤਮੇ ਲਈ ਸੰਯੁਕਤ ਰਾਸ਼ਟਰ ਦੇ ਤੀਸਰੇ ਦਹਾਕੇ 2018-2027 ਦਾ ਐਲਾਨ ਕੀਤਾ। ਇਸ ਸਾਲ 2021 ਲਈ ਅੰਤਰ-ਰਾਸ਼ਟਰੀ ਗਰੀਬੀ ਖਾਤਮਾ ਦਿਵਸ ਦਾ ਮੁੱਖ ਵਿਸ਼ਾ "ਇਕੱਠੇ ਮਿਲਕੇ ਅੱਗੇ ਵਧਣਾ: ਨਿਰੰਤਰ ਗਰੀਬੀ ਨੂੰ ਖਤਮ ਕਰਨਾ, ਸਾਰੇ ਲੋਕਾਂ ਅਤੇ ਸਾਡੇ ਗ੍ਰਹਿ ਦਾ ਆਦਰ ਕਰਨਾ ਹੈ।'' ਸੰਯੁਕਤ ਰਾਸ਼ਟਰ ਅਤੇ ਵਿਸ਼ਵ ਬੈਂਕ ਵਰਗੀਆਂ ਸੰਸਥਾਵਾਂ ਲਈ ਗਰੀਬੀ ਘਟਾਉਣਾ ਅਜੇ ਵੀ ਇੱਕ ਮੁੱਖ ਮੁੱਦਾ ਹੈ। ਵਿਸ਼ਵ ਬੈਂਕ ਨੇ 2015 ਵਿੱਚ ਅਨੁਮਾਨ ਲਗਾਇਆ ਸੀ ਕਿ 1990 ਦਹਾਕੇ ਵਿੱਚ ਲੱਗਭੱਗ 702.1 ਮਿਲੀਅਨ ਲੋਕ ਅਤਿ ਗਰੀਬੀ ਵਿੱਚ ਰਹਿ ਰਹੇ ਸਨ ਅਤੇ 10 ਫਿਸਦੀ ਜਨਸੰਖਿਆ ਅਜੇ ਵੀ ਅਤਿ ਗਰੀਬੀ ਦੀ ਹਾਲਤ ਵਿੱਚ ਰਹਿੰਦੀ ਹੈ ਜੋਕਿ ਭੁੱਖਮਰੀ ਅਤੇ ਜੀਵਨ ਦੀਆਂ ਮੁਢਲੀਆਂ ਜਰੂਰਤਾਂ ਸਿਹਤ, ਸਿੱਖਿਆ, ਪਾਣੀ ਅਤੇ ਸਫਾਈ ਲਈ ਵੀ ਸੰਘਰਸ਼ ਕਰ ਰਹੀ ਹੈ। ਅਤਿ ਗਰੀਬੀ ਵਿਸ਼ਵ ਵਿਆਪੀ ਚੁਣੌਤੀ ਹੈ ਅਤੇ ਇਹ ਦੁਨੀਆਂ ਦੇ ਹਰ ਹਿੱਸੇ ਵਿੱਚ ਵੇਖਣ ਨੂੰ ਮਿਲਦੀ ਹੈ। ਵਿਕਸਿਤ ਅਰਥਚਾਰੇ ਸਮੇਤ ਯੂਨੀਸੈਫ ਦਾ ਅਨੁਮਾਨ ਹੈ ਕਿ ਦੁਨੀਆਂ ਦੇ ਅੱਧੇ ਬੱਚੇ ਗਰੀਬੀ ਵਿੱਚ ਹੀ ਰਹਿੰਦੇ ਹਨ। ਇੱਕ ਹੋਰ ਅਨੁਮਾਨ ਅਨੁਸਾਰ ਵਿਸ਼ਵ ਦੀ ਲੱਗਭੱਗ 59 ਫਿਸਦੀ ਅਬਾਦੀ ਰੋਜਾਨਾ 5 ਡਾਲਰ ਨਾਲ ਗੁਜਾਰਾ ਕਰਦੀ ਹੈ। ਪੁਰਸਾਂ ਦੇ ਮੁਕਾਬਲੇ ਮਹਿਲਾਵਾਂ ਗਰੀਬੀ ਤੋਂ ਵੱਧ ਪੀੜਿਖ਼ਤ ਹਨ ਅਤੇ 25 ਤੋਂ 34 ਸਾਲ ਦੀਆਂ ਲੱਗਭੱਗ 122 ਮਹਿਲਾਵਾਂ 100 ਪੁਰਸਾਂ ਦੇ ਮੁਕਾਬਲੇ ਗਰੀਬੀ ਨਾਲ ਜੂਝ ਰਹੀਆਂ ਹਨ। ਇੱਕ ਅਨੁਮਾਨ ਅਨੁਸਾਰ ਸਾਲ 2015 ਵਿੱਚ ਲੱਗਭੱਗ 736 ਮਿਲੀਅਨ ਵਿੱਅਕਤੀ ਅੰਤਰਰਾਸਟਰੀ ਗਰੀਬੀ ਰੇਖਾ ਤੋਂ ਵੀ ਹੇਠਾਂ ਰਹਿ ਰਹੇ ਸਨ ਅਤੇ 2030 ਤੱਕ 160 ਮਿਲੀਅਨ ਤੋਂ ਵੱਧ ਬੱਚੇ ਅਤਿ ਗਰੀਬੀ ਵਾਲਾ ਜੀਵਨ ਜਿਉਣ ਦੇ ਖਤਰੇ ਤੋਂ ਪੀੜਿਖ਼ਤ ਹੋਣਗੇ। ਵਿਸ਼ਵ ਬੈਂਕ ਅਨੁਸਾਰ ਸਾਲ 2020 ਵਿੱਚ ਫੈਲੀ ਕੋਵਿਡ-19 ਮਹਾਂਮਾਰੀ ਦੇ ਪ੍ਰਭਾਵ ਕਾਰਨ ਦੁਨੀਆਂ ਵਿੱਚ ਲੱਗਭੱਗ 100 ਮਿਲੀਅਨ ਵਿਅਕਤੀਆਂ ਨੂੰ ਗਰੀਬੀ ਵੱਲ ਧੱਕਿਆ ਹੈ ਜਿਸ ਵਿੱਚ ਜਿਆਦਾਤਰ ਗਰੀਬ ਦੱਖਣੀ ਏਸ਼ਿਆਈ ਖੇਤਰਾਂ ਅਤੇ ਸਬ ਸਹਾਰਾ ਦੇਸ਼ਾਂ ਵਿੱਚ




ਗਰੀਬ ਵਧਣਗੇ ਅਤੇ ਸਾਲ 2021 ਵਿੱਚ ਇਹ ਗਿਣਤੀ 143 ਤੋਂ 163 ਮਿਲੀਅਨ ਵਿਚਕਾਰ ਵੱਧਣ ਦੀ ਸੰਭਾਵਨਾ ਹੈ। ਪ੍ਰਾਪਤ ਅੰਕੜਿਆਂ ਅਨੁਸਾਰ ਵਿਸ਼ਵ ਦੇ 80ਗ ਲੋਕਾਂ ਕੋਲ ਵਿਸ਼ਵ ਦੀ ਕੁੱਲ ਆਮਦਨ ਦਾ ਸਿਰਫ 01 ਪ੍ਰਤੀਸ਼ਤ ਪਹੁੰਚ ਰਿਹਾ ਹੈ ਜਦਕਿ ਦੂਜੇ ਪਾਸੇ ਵਿਸ਼ਵ ਦੇ ਸਭ ਤੋਂ ਅਮੀਰ 20 ਫੀਸਦੀ ਲੋਕ ਵਿਸ਼ਵ ਦੀ ਕੁੱਲ ਆਮਦਨ ਦਾ 86 ਫੀਸਦੀ ਹਿੱਸਾ ਹੜੱਪ ਰਹੇ ਹਨ। ਵਿਸ਼ਵ ਦੇ ਸਭ ਤੋਂ ਅਮੀਰ 3 ਵਿਅਕਤੀਆਂ ਦੇ ਕੋਲ ਜਿੰਨੀ ਸੰਪਤੀ ਹੈ, ਉਹ ਗਰੀਬ ਦੇਸ਼ਾਂ ਵਿੱਚ ਰਹਿਣ ਵਾਲੇ ਵਿਸ਼ਵ ਦੇ 60 ਕਰੋੜ ਲੋਕਾਂ ਦੀ ਸਾਲਾਨਾ ਆਮਦਨ ਦੇ ਬਰਾਬਰ ਹੈ। ਸਾਰਾ ਪੈਸਾ ਅਤੇ ਸਾਧਨ ਇਨਖ਼ਾਂ ਲੋਕਾਂ ਦੇ ਕਬਜ਼ੇ ਵਿੱਚ ਹੀ ਹੈ, ਜਦਕਿ ਬਾਕੀ ਲੋਕ ਕਿਸੇ ਤਰਖ਼ਾਂ ਨਾਲ ਸਿਰਫ ਆਪਣੀ ਜਿੰਦਗੀ ਗੁਜ਼ਰ ਬਸਰ ਕਰ ਰਹੇ ਹਨ।

ਭਾਰਤ ਵਿੱਚ ਲੱਗਭੱਗ 73 ਮਿਲੀਅਨ ਵਿੱਅਕਤੀ ਅਤਿ ਗਰੀਬੀ ਦੀ ਹਾਲਤ ਵਿੱਚ ਰਹਿੰਦੇ ਹਨ। ਭਾਰਤ ਵਿੱਚ 20163.33 ਰੁਪਏ ਸਾਲਾਨਾ ਤੋਂ ਘੱਟ ਆਮਦਨ ਵਾਲਾ ਵਿਅੱਕਤੀ ਗਰੀਬੀ ਦੀ ਰੇਖਾ ਤੋਂ ਹੇਠਾਂ ਮੰਨਿਆ ਗਿਆ ਹੈ ਅਤੇ 12358. 17 ਰੁਪਏ ਸਾਲਾਨਾ ਤੋਂ ਘੱਟ ਆਮਦਨ ਵਾਲਾ ਵਿਅੱਕਤੀ ਅਤਿ ਗਰੀਬੀ ਦੀ ਰੇਖਾ ਤੋਂ ਹੇਠਾਂ ਮੰਨਿਆ ਗਿਆ ਹੈ। ਇੱਕ ਅਨੁਮਾਨ ਅਨੁਸਾਰ ਦੁਨੀਆਂ ਦੇ ਗਰੀਬਾਂ ਦਾ ਤੀਜਾ ਹਿੱਸਾ ਭਾਰਤ ਵਿੱਚ ਹੀ ਰਹਿੰਦਾ ਹੈ। ਵਿਸ਼ਵ ਬੈਂਕ ਦੀਆਂ ਰਿਪੋਰਟਾਂ ਅਨੁਸਾਰ ਭਾਰਤ ਵਿੱਚ 32.7 ਫਿਸਦੀ ਵਿੱਅਕਤੀ ਰੋਜਾਨਾ 1.25 ਯੂ ਐਸ ਡਾਲਰ ਦੀ ਅੰਤਰਰਾਸ਼ਟਰੀ ਗਰੀਬੀ ਰੇਖਾ ਤੋਂ ਹੇਠਾਂ ਰਹਿੰਦੇ ਹਨ ਅਤੇ 68.7 ਫਿਸਦੀ ਵਿੱਅਕਤੀ ਰੋਜਾਨਾ 2 ਯੂ ਐਸ ਡਾਲਰ ਤੋਂ ਘੱਟ ਨਾਲ ਗੁਜਾਰਾ ਕਰਦੇ ਹਨ। ਗਰੀਬੀ ਕਾਰਨ ਭਾਰਤ ਵਿੱਚ ਸਿੱਖਿਆ ਅਤੇ ਸਿਹਤ ਸਹੂਲਤਾਂ ਵਰਗੀਆਂ ਮੁਢਲੀਆਂ ਸੁਵਿਧਾਵਾਂ ਵੀ ਆਮ ਲੋਕਾਂ ਦੀ ਪਹੁੰਚ ਤੋਂ ਦੂਰ ਹੋ ਰਹੀਆਂ ਹਨ। ਭਾਰਤ ਗਰੀਬੀ ਪੱਖੋਂ ਅਫਗਾਨਿਸਤਾਨ, ਬੰਗਲਾਦੇਸ਼, ਕੰਬੋਡੀਆਂ, ਕਿਰਗਿਜਿਸਤਾਨ, ਲਾਓਸ, ਪਾਕਿਸਤਾਨ, ਨੇਪਾਲ, ਤਜ਼ਾਕਿਸਤਾਨ, ਉਜ਼ਬੇਕਿਸਤਾਨ, ਵੀਅਤਨਾਮ ਅਤੇ ਯਮਨ ਦੇ ਨੇੜੇ ਤੇੜੇ ਹੀ ਹੈ। ਇਹਨਾਂ ਵਿੱਚੋਂ ਵੀ ਵੀਅਤਨਾਮ ਅਤੇ ਉਜ਼ਬੇਕਿਸਤਾਨ ਦੇਸ਼ ਮਾਨਵ ਵਿਕਾਸ ਸੂਚਕਾਂਕ ਦੇ ਕਈ ਮਾਮਲਿਆਂ ਵਿੱਚ ਭਾਰਤ ਤੋਂ ਬਿਹਤਰ ਹਨ। ਸੰਯੁਕਤ ਰਾਸ਼ਟਰ ਵਿਕਾਸ ਪ੍ਰੋਗਰਾਮ (ਯੂਐਨਡੀਪੀ) ਨੇ ਮਾਨਵ ਵਿਕਾਸ ਰਿਪੋਰਟ ਵਿੱਚ ਭਾਰਤ ਨੂੰ ਦੁਨੀਆਂ ਦੇ 189 ਦੇਸ਼ਾਂ ਵਿੱਚ 130ਵੇਂ ਸਥਾਨ ਤੇ ਰੱਖਿਆ ਹੈ। ਯੂਐਨਡੀਪੀ ਦੇ ਗਲੋਵਲ ਮਲ-ਟੀਡਾਇਮੈਂਸ਼ਨਲ ਪਾਵਰਟੀ ਇੰਡੈਕਸ 2021 ਅਨੁਸਾਰ ਲੱਗਭੱਗ 28 ਫਿਸਦੀ ਲੋਕ ਮਲਟੀਡਾਇਮੈਂਸ਼ਨਲ ਗਰੀਬੀ ਵਿੱਚ ਜੀਅ ਰਹੇ ਹਨ। ਜੇਕਰ ਜਾਤਿ ਅਤੇ ਸਮਾਜਿਕ ਸਮੂਹਾਂ ਦੇ ਹਿਸਾਬ ਨਾਲ ਵੇਖੀਏ ਤਾਂ ਭਾਰਤ ਦੇ ਗਰੀਬਾਂ ਦਾ ਜੀਵਨ ਅਫਰੀਕਾ ਦੇ ਗਰੀਬਾਂ ਨਾਲ ਮਿਲਦਾ ਜੁਲਦਾ ਹੈ। ਭਾਰਤ ਵਿੱਚ ਅਨੁਸੂਚਿਤ ਜਾਤਾਂ ਦੀ ਲੱਗਭੱਗ ਇੱਕ ਤਿਹਾਈ, ਜਨ ਜਾਤਾਂ ਦੇ ਲੋਕਾਂ ਦੀ ਲੱਗਭੱਗ ਅੱਧੀ ਅਬਾਦੀ, ਹੋਰ ਪੱਛੜੇ ਵਰਗਾਂ ਦੀ ਲੱਗਭੱਗ 27 ਫਿਸਦੀ ਅਤੇ ਜਨਰਲ ਵਰਗ ਦੀ 15.6 ਫਿਸਦੀ ਅਬਾਦੀ ਮਲਟੀਡਾਇਮੈਂਸ਼ਨਲ ਗਰੀਬੀ ਦਾ ਸਾਹਮਣਾ ਕਰ ਰਹੀ ਹੈ। 19.30 ਫਿਸਦੀ ਲੋਕ ਬਹੁਤ ਖਸਤਾ ਹਾਲਤ ਵਾਲਾ ਜੀਵਨ ਜੀਅ ਰਹੇ ਹਨ। ਕੋਰੋਨਾ ਕਾਲ ਕਾਰਨ ਆਏ ਸੰਕਟ ਅਤੇ ਵਧੀ ਮਹਿੰਗਾਈ ਨੇ ਹਾਲਤ ਹੋਰ ਵੀ ਖਸਤਾ ਕੀਤੀ ਹੈ ਅਤੇ ਦੇਸ਼ ਸਮੂਹਿਕ ਤੋਰ ਤੇ ਗਰੀਬ ਦੇਸ਼ ਬਣਨ ਵੱਲ ਵੱਧ ਰਿਹਾ ਹੈ। 1970 ਤੋਂ ਬਾਦ ਗਰੀਬੀ ਹਟਾਉਣ ਲਈ ਕੀਤੇ ਜਾ ਰਹੇ ਕੰਮ ਵੀ ਪ੍ਰਭਾਵਿਤ ਹੋ ਚੁੱਕੇ ਹਨ ਅਤੇ ਪਹਿਲੀ ਵਾਰ ਗਰੀਬੀ ਵਿੱਚ ਵਾਧਾ ਦਰਜ਼ ਕੀਤਾ ਗਿਆ ਹੈ। ਭਾਰਤ ਵਿੱਚ 2006 ਤੋਂ 2016 ਦੇ ਦਹਾਕੇ ਦੌਰਾਨ ਲੱਗਭੱਗ 27 ਕਰੋੜ ਵਿਅਕਤੀਆਂ ਨੂੰ ਗਰੀਬੀ ਰੇਖਾ ਤੋਂ ਉੱਪਰ ਲਿਆਂਦਾ ਗਿਆ ਸੀ ਪਰੰਤੂ 2020 ਵਿੱਚ ਦੁਨੀਆਂ ਵਿੱਚ ਸਭ ਤੋਂ ਵੱਧ ਗਰੀਬਾਂ ਦੀ ਗਿਣਤੀ ਵਧਾਉਣ ਵਾਲੇ ਦੇਸ਼ ਦੇ ਤੋਰ ਤੇ ਦਰਜ਼ ਹੈ। ਦੇਸ਼ ਵਿੱਚ ਬਹੁਤੇ ਲੋਕਾਂ ਲਈ ਦੋ ਵੱਕਤ ਦੀ ਰੋਟੀ ਦਾ ਪ੍ਰਬੰਧ ਕਰਨਾ ਵੀ ਮੁਸ਼ਕਿਲ ਹੈ। ਵਿਸ਼ਵ ਬੈਂਕ ਅਨੁਸਾਰ ਗਰੀਬੀ ਰੇਖਾ ਤੋਂ ਥੱਲੇ ਰਹਿਣ ਵਾਲੀ ਆਬਾਦੀ ਦੇ ਅਨੁਸਾਰ ਭਾਰਤ ਦੀ ਸਥਿਤੀ ਸਿਰਫ ਅਫਰੀਕਾ ਦੇ ਸਬ-ਸਹਾਰਾ ਦੇਸ਼ਾਂ ਤੋਂ ਹੀ ਬਿਹਤਰ ਹੈ। ਸਭਤੋਂ ਵੱਧ ਗਰੀਬੀ ਛਤੀਸਗੜਖ਼ ਵਿੱਚ ਹੈ ਜਿੱਥੇ ਲੱਗਭੱਗ 40 ਫਿਸਦੀ ਜਨਸੰਖਿਆ ਗਰੀਬੀ ਰੇਖਾ ਤੋਂ ਹੇਠਾਂ ਰਹਿ ਰਹੀ ਹੈ ਅਤੇ ਸਭਤੋਂ ਘੱਟ ਗਰੀਬੀ ਅੰਡੇਮਾਨ ਵਿੱਚ ਹੈ ਜਿੱਥੇ ਲੱਗਭੱਗ 01 ਫਿਸਦੀ, ਲਕਸ਼ਦੀਪ ਵਿੱਚ 2.7 ਫਿਸਦੀ ਜਨਸੰਖਿਆ ਗਰੀਬੀ ਰੇਖਾ ਤੋਂ ਹੇਠਾਂ ਰਹਿ ਰਹੀ ਹੈ ਅਤੇ ਗੋਆ ਵਿੱਚ ਲੱਗਭੱਗ 05 ਫਿਸਦੀ ਜਨਸੰਖਿਆ ਗਰੀਬੀ ਰੇਖਾ ਤੋਂ ਹੇਠਾਂ ਰਹਿ ਰਹੀ ਹੈ। ਦੇਸ਼ ਦੀ ਰਾਜਧਾਨੀ ਦਿੱਲੀ ਵਿੱਚ ਵੀ ਲੱਗਭੱਗ 10 ਫਿਸਦੀ ਜਨਤਾ ਗਰੀਬੀ ਰੇਖਾ ਤੋਂ ਹੇਠਾਂ ਰਹਿ ਰਹੀ ਹੈ। ਵਿਕਸਿਤ ਸੂੱਬੇ ਪੰਜਾਬ ਵਿੱਚ ਵੀ ਲੱਗਭੱਗ 8.26 ਫਿਸਦੀ ਜਨਸੰਖਿਆ ਗਰੀਬੀ ਰੇਖਾ ਤੋਂ ਹੇਠਾਂ ਰਹਿ ਰਹੀ ਹੈ। ਦੇਸ਼ ਦੇ ਕਈ ਹਿੱਸਿਆਂ ਵਿੱਚ ਪਰਿਵਾਰ ਦਾ ਪੇਟ ਪਾਲਣ ਲਈ ਮਹਿਲਾਵਾਂ ਅਪਣੇ ਆਪ ਨੂੰ ਅਤੇ ਬੱਚਿਆਂ ਨੂੰ ਵੇਚ ਰਹੀਆਂ ਹਨ, ਬੱਚੇ ਪੜਖ਼ਣ ਦੀ ਬਜਾਏ ਕੰਮ ਕਰ ਰਹੇ ਹਨ। ਇੱਕ ਪਾਸੇ ਅਸਲੀ ਗਰੀਬ ਮੁਢਲੀਆਂ ਸਹੂਲਤਾਂ ਲਈ ਤਰਸ ਰਹੇ ਹਨ ਦੂਜੇ ਪਾਸੇ ਕਈ ਨਕਲੀ ਗਰੀਬ ਸਰਕਾਰੀ ਭਲਾਈ ਸਕੀਮਾਂ ਦਾ ਨਜਾਇਜ ਲਾਭ ਉਠਾ ਰਹੇ ਹਨ। ਭਾਰਤ ਇੱਕ ਖੇਤੀਬਾੜੀ ਪ੍ਰਧਾਨ ਦੇਸ ਹੈ ਅਤੇ ਇਸ ਲਈ ਪੰਜਾਬ ਹਰਿਆਣਾ ਸਮੇਤ ਕੁੱਝ ਹੋਰ ਸੂਬਿਆਂ ਵਿੱਚ ਕਿਸਾਨਾਂ ਅਤੇ ਖੇਤ ਮਜਦੂਰਾਂ ਦੀ ਮਿਹਨਤ ਨਾਲ ਦੇਸ ਅੰਨ ਭੰਡਾਰ ਵਿੱਚ ਸਵੈ ਨਿਰਭਰ ਹੋ ਸਕਿਆ ਹੈ ਪਰ ਕਿਸਾਨਾਂ ਅਤੇ ਖੇਤ ਮਜਦੂਰਾਂ ਦੀਆਂ ਵੱਡੀ ਗਿਣਤੀ ਵਿੱਚ ਕਰਜਿਆਂ ਕਾਰਨ ਹੋਈਆਂ ਆਤਮ ਹੱਤਿਆਵਾਂ ਸਾਬਤ ਕਰਦੀਆਂ ਹਨ ਕਿ ਸਰਕਾਰਾਂ ਵਲੋਂ ਇਨਖ਼ਾਂ ਵੱਲ ਵੀ ਸਹੀ ਧਿਆਨ ਨਹੀਂ ਦਿੱਤਾ ਗਿਆ ਹੈ। ਸਰਕਾਰਾਂ ਅਤੇ ਨੀਤੀ ਨਿਰਮਾਤਾਵਾਂ ਨੂੰ ਦੇਸ਼ ਦੇ ਗਰੀਬਾਂ ਪ੍ਰਤੀ ਗੰਭੀਰਤਾ ਨਾਲ ਸੋਚਣਾ ਪਵੇਗਾ ਅਤੇ ਗਰੀਬੀ ਦੂਰ ਕਰਨ ਲਈ ਬਣਾਈਆਂ ਜਾਂਦੀਆਂ ਯੋਜਨਾਵਾਂ ਜੋਕਿ ਅਕਸਰ ਹੀ ਭਰਿਸ਼ਟਾਚਾਰ ਦਾ ਸ਼ਿਕਾਰ ਹੁੰਦੀਆਂ ਹਨ ਨੂੰ ਅਮਲੀ ਜਾਮਾ ਪਹਿਨਾਉਣ ਲਈ ਕੰਮ ਕਰਨਾ ਪਵੇਗਾ ਤਾਂ ਹੀ ਆਣ ਵਾਲੇ ਸਮੇਂ ਵਿੱਚ ਗਰੀਬੀ ਘੱਟ ਸਕਦੀ ਹੈ ਅਤੇ ਇਸ ਦਿਨ ਤੇ ਹੋਣ ਵਾਲੇ ਸਮਾਰੋਹ ਸਾਰਥਿਕ ਸਿੱਧ ਹੋਣਗੇ ਨਹੀਂ ਤਾਂ ਇਹ ਮਹਿਜ ਇੱਕ ਖਾਨਾਪੂਰਤੀ ਹੀ ਰਹਿਣਗੇ।

# ਬੇਘਰੇ ਲੋਕਾਂ ਦੀ ਸਮੱਸਿਆ ਹੱਲ ਕਰਨਾ ਮੇਰੀ ਉੱਚ ਤਰਜੀਹ- ਜੈਸਿਕਾ ਲਾਲ

## ਲਾਸ ਏਂਜਲਸ ਤੋਂ ਮੇਅਰ ਦੀ ਚੋਣ ਲੜ ਰਹੀ ਜੈਸਿਕਾ ਨੂੰ ਜਿੱਤਣ ਦੀ ਪੂਰੀ ਉਮੀਦ

**ਸੈਕਰਾਮੈਂਟੋ 17 ਅਕਤੂਬਰ (ਹੁਸਨ ਲੜੋਆ ਬੰਗਾ)-** ਹਾਲ ਹੀ ਵਿਚ ਲਾਸ ਏਂਜਲਸ ਤੋਂ ਮੇਅਰ ਦੀ ਚੋਣ ਵਿਚ ਕੁੱਦੀ ਭਾਰਤੀ ਮੂਲ ਦੀ ਅਮਰੀਕਨ ਨਾਗਰਿਕ ਜੈਸਿਕਾ ਲਾਲ ਨੇ ਐਲਾਨ ਕੀਤਾ ਹੈ ਕਿ ਬੇਘਰ ਹੋਣਾ ਇਕ ਵੱਡਾ ਸੰਤਾਪ ਹੈ ਤੇ ਇਹ ਸਮੱਸਿਆ ਹੱਲ ਹੋਣ ਦੀ ਬਜਾਏ ਹੋਰ ਗੰਭੀਰ ਹੋਈ ਹੈ। ਇਸ ਸਮੱਸਿਆ ਨੂੰ ਹੱਲ ਕਰਨਾ ਮੇਰੀ ਉੱਚ ਤਰਜੀਹ ਹੋਵੇਗੀ। ਉਨਾਂ ਨੇ ਆਪਣੇ ਐਲਾਨ ਵਿਚ ਕਿਹਾ ਹੈ "

ਲਾਸ ਏਂਜਲਸ ਲਈ ਇਹ ਫੈਸਲੇ ਦੀ ਘੜੀ ਹੈ। ਮੈ ਲਾਸ ਏਂਜਲਸ ਦੇ ਮੇਅਰ ਵਜੋਂ ਮਸਲਿਆਂ ਦੇ ਹੱਲ ਲਈ ਆਪਣੀ ਭੂਮਿਕਾ ਬਾਰੇ ਬਹੁਤ ਗੰਭੀਰਤਾ ਨਾਲ ਸੋਚ ਵਿਚਾਰ ਕੀਤੀ ਹੈ। ਮੇਰਾ ਵਿਸ਼ਵਾਸ਼ ਹੈ ਕਿ ਮੈ ਸ਼ਹਿਰ ਨੂੰ ਅਜਿਹਾ ਬਣਾਉਣ ਦੇ ਸਮਰੱਥ ਹਾਂ ਜਿਸ ਉਪਰ ਸਾਨੂੰ ਸਾਰਿਆਂ ਨੂੰ ਮਾਣ ਹੋਵੇ।" ਜੈਸਿਕਾ ਨੂੰ ਉਮੀਦ ਹੈ ਕਿ ਉਹ ਚੋਣ ਜਿੱਤ ਜਾਵੇਗੀ। ਇਸ ਵੇਲੇ ਏਰਿਕ ਗਰਸੇਟੀ ਲਾਸ ਏਂਜਲਸ ਦੀ ਮੇਅਰ ਹੈ ਜਿਸ ਨੂੰ ਰਾਸ਼ਟਰਪਤੀ ਜੋ ਬਾਇਡਨ ਭਾਰਤ ਵਿਚ ਅਮਰੀਕੀ ਰਾਜਦੂਤ ਵਜੋਂ ਨਿਯੁਕਤ ਕਰਨਾ ਚਹੁੰਦੇ ਹਨ। ਇਸ ਸਬੰਧੀ ਰਸਮੀ ਪੁਸ਼ਟੀ ਹੋਣ ਦੀ ਉਡੀਕ ਕੀਤੀ ਜਾ ਰਹੀ ਹੈ। ਕਾਰੋਬਾਰੀ ਆਗੂ ਜੈਸਿਕਾ ਦਾ ਕਹਿਣਾ ਹੈ ਕਿ ਲਾਸ ਏਂਜਲਸ ਵਿਚ ਬੇਘਰ ਲੋਕਾਂ ਦੀ ਸਮੱਸਿਆ ਨਾਲੋਂ ਹੋਰ ਕੋਈ ਵੀ ਮਸਲਾ ਵੱਡਾ ਨਹੀਂ ਹੈ। ਇਸ ਸਭ ਤੋਂ ਵੱਡਾ ਸੰਕਟ ਹੈ ਜਿਸ ਨੂੰ ਹੱਲ ਕਰਨ ਲਈ ਸਾਡੀਆਂ ਸਰਕਾਰਾਂ ਚੰਗੇ ਇਰਾਦੇ ਦੇ



ਬਾਵਜੂਦ ਅਸਫਲ ਰਹੀਆਂ ਹਨ। ਇਹ ਮਾਨਵੀ ਸੰਕਟ ਹੈ ਜੋ ਲਾਸ ਏਂਜਲਸ ਉਪਰ ਇਕ ਧੱਬੇ ਵਾਂਗ ਹੈ। ਉਨਾਂ ਕਿਹਾ ਕਿ "ਵੋਟਰਾਂ ਵੱਲੋਂ ਟੈਕਸ ਦੇ ਰੂਪ ਵਿਚ ਬੇਮਿਸਾਲ ਨਿਵੇਸ਼ ਕਰਨ ਦੇ ਬਾਵਜੂਦ ਸਮੱਸਿਆ ਗਹਿਰੀ ਹੋਈ ਹੈ। ਮੈ ਪਿਛਲੇ ਇਕ ਦਹਾਕੇ ਦੌਰਾਨ ਸਿਟੀ ਹਾਲ ਦੇ ਅੰਦਰ ਤੇ ਬਾਹਰ ਸ਼ਹਿਰ ਦੇ ਮੁੱਦੇ ਹੱਲ ਕਰਨ ਲਈ ਸੰਘਰਸ਼ ਕੀਤਾ ਹੈ। ਮੇਰਾ ਇਹ ਤਜ਼ਰਬਾ ਕੰਮ ਆਵੇਗਾ ਤੇ ਇਹ ਹੀ ਕਾਰਨ ਹੈ ਕਿ ਮੈ ਮੁੱਕਮਲ ਰੂਪ ਵਿਚ ਬੇਘਰੇ ਲੋਕਾਂ ਦੀ ਸਮੱਸਿਆ ਹੱਲ ਕਰਨ ਲਈ ਤਿਆਰ ਹਾਂ।" ਇਥੇ ਜਿਕਰਯੋਗ ਹੈ ਕਿ 37 ਸਾਲਾ ਲਾਲ ਨੂੰ ਅਨੇਕਾਂ ਸੰਸਥਾਵਾਂ ਦੀ ਅਗਵਾਈ ਕਰਨ ਦਾ ਤਜ਼ਰਬਾ ਹੈ।

ਪਿਛਲੇ 5 ਸਾਲ ਤੋਂ ਉਹ ਸੈਂਟਰਲ ਸਿਟੀ ਐਸੋਸੀਏਸ਼ਨ , ਜਿਸ ਦੇ 300 ਤੋਂ ਵਧ ਮੈਂਬਰ ਹਨ, ਦੀ ਸੀ ਈ ਓ ਵਜੋਂ ਕੰਮ ਕਰ ਰਹੀ ਹੈ। ਇਹ ਐਸੋਸੀਏਸ਼ਨ ਲਾਸ ਏਂਜਲਸ ਦੇ ਬੱਚਾ ਸੰਭਾਲ, ਬੇਰੁਜ਼ਗਾਰੀ ਤੇ ਬੇਘਰ ਵਰਗੇ ਅਹਿਮ ਮੁੱਦਿਆਂ ਦੇ ਹੱਲ ਲਈ ਯਤਨਸ਼ੀਲ ਹੈ। ਬੇਘਰ ਲੋਕਾਂ ਦੀ ਸਮੱਸਿਆ ਤੋਂ ਇਲਾਵਾ ਜੈਸਿਕ ਦਾ ਕਹਿਣਾ ਹੈ ਕਿ ਉਹ ਮਹਾਮਾਰੀ ਦੇ ਮੱਦੇਨਜਰ ਆਰਥਕ ਬਹਾਲੀ, ਰੰਗ ਭੇਦ ਤੋਂ ਪ੍ਰਭਾਵਤ ਲੋਕਾਂ ਅਤੇ ਕੰਮਕਾਰੀ ਮਾਪਿਆਂ ਲਈ ਕੰਮ ਕਰੇਗੀ। ਮੇਅਰ ਦੀ ਚੋਣ ਅਗਲੇ ਸਾਲ ਹੋਣੀ ਹੈ ਜਿਸ ਦਾ ਰਸਮੀ ਐਲਾਨ ਅਜੇ ਨਹੀਂ ਹੋਇਆ।

# ਹੋਸਟਨ ਵਿਚ ਬੰਦੂਕਧਾਰੀ

**ਸੈਕਰਾਮੈਂਟੋ 17 ਅਕਤੂਬਰ (ਹੁਸਨ ਲੜੋਆ ਬੰਗਾ)-** ਇਕ ਅਣਪਛਾਤੇ ਹਮਲਾਵਰ ਨੇ ਹੋਸਟਨ ਦੀ ਇਕ ਬਾਰ ਦੇ ਬਾਹਰ ਪੁਲਿਸ ਉਪਰ ਗੋਲੀਆਂ ਚਲਾ ਕੇ ਇਕ ਡਿਪਟੀ ਦੀ ਹੱਤਿਆ ਕਰ ਦਿੱਤੀ ਤੇ ਦੋ ਹੋਰਨਾਂ ਨੂੰ ਜ਼ਖਮੀ ਕਰ ਦਿੱਤਾ। ਹੈਰਿਸ ਕਾਊਂਟੀ ਦੇ ਕੰਸਟੇਬਲ ਮਾਰਕ ਹਰਮਨ ਨੇ ਕਿਹਾ ਹੈ ਕਿ 30 ਸਾਲਾ ਡਿਪਟੀ ਕਰੀਮ ਅਤਕਿਨਜ ਜਖਮਾਂ ਦੀ ਤਾਬ ਨਾ ਸਹਾਰਦਾ ਹੋਇਆ ਦਮ ਤੋੜ ਗਿਆ।

ਉਹ ਆਪਣੇ ਪਿੱਛੇ ਇਕ ਦੋ ਸਾਲ ਦਾ ਬੱਚਾ ਤੇ ਪਤਨੀ ਛੱਡ ਗਿਆ ਹੈ। ਜਖਮੀ ਹੋਏ ਡਿਪਟੀਆਂ ਵਿਚ ਡਾਰੈਲ ਗਾਰੇਟ (28) ਤੇ ਜੁਕਾਇਮ ਬਾਰਥਨ (26) ਸ਼ਾਮਿਲ ਹਨ। ਗਾਰੇਟ ਦੀ ਪਿੱਠ ਵਿਚ ਗੋਲੀ ਵੱਜੀ ਹੈ ਤੇ ਸਰਜਰੀ ਤੋਂ ਬਾਅਦ ਉਹ ਆਈ ਸੀ ਯੂ ਵਿਚ ਦਾਖਲ ਹੈ।

ਪੁਲਿਸ ਦਾ ਕਹਿਣਾ ਹੈ ਕਿ ਉਹ ਹਮਲਾਵਰ ਦੀ ਤਲਾਸ਼ ਕਰ ਰਹੀ ਹੈ। ਇਕ ਵਿਅਕਤੀ ਨੂੰ ਹਿਰਾਸਤ ਵਿਚ ਲਿਆ ਗਿਆ ਸੀ ਪਰੰਤੂ ਬਾਅਦ ਵਿਚ ਨਿਰਦੋਸ਼ ਹੋਣ ਦੀ ਪੁਸ਼ਟੀ ਹੋਣ 'ਤੇ ਉਸ ਨੂੰ ਛੱਡ ਦਿੱਤਾ ਗਿਆ।

# ਦਇਆ ਦੇ ਸਾਗਰ ਤ੍ਰੈਕਾਲਦਰਸ਼ੀ ਭਗਵਾਨ ਵਾਲਮੀਕਿ ਜੀ

ਤ੍ਰੈਕਾਲਦਰਸ਼ੀ ਭਗਵਾਨ ਵਾਲਮੀਕਿ ਜੀ ਦਾ ਆਗਮਨ ਸਮੁੱਚੀ ਮਾਨਵਤਾ ਦੀ ਭਲਾਈ ਵ ਸਤੇ ਹੋਇਆ। ਭਗਵਾਨ ਵਾਲਮੀਕਿ ਜੀ ਦੁਆਰਾ ਉਨ੍ਹਾਂ ਦੀ ਕਲਮ ਤੋਂ ਉਚਾਰੇ ਗਏ ਇਨ੍ਹਾਂ ਮਹਾਨ ਗ੍ਰੰਥਾਂ ਜਿਨ੍ਹਾਂ ਵਿਚ ਰਮਾਇਣ, ਯੋਗ ਵਸ਼ਿਸ਼ਟ, ਅਕਸ਼ਰਲਕਸ਼ ਅਤੇ ਹੋਰ ਗ੍ਰੰਥਾਂ ਵਿੱਚ ਮਨੁੱਖੀ ਜੀਵਨ ਨੂੰ ਉੱਚਾ ਚੁੱਕਣ ਵਾਸਤੇ ਬੜੀ ਵਡਮੁੱਲੀ, ਅਧੁਨਿਕ ਅਤੇ ਵਿਗਿਆਨਕ ਜਾਣਕਾਰੀ ਮਿਲਦੀ ਹੈ।

ਉੱਘੇ ਵਿਦਵਾਨ ਡਾ। ਲੇਖ ਰਾਜ ਪਰਵਾਨਾ ਅਨੁਸਾਰ ਅਕਸ਼ਰਲਕਸ਼ ਗ੍ਰੰਥ ਤੋਂ ਪਤਾ ਲੱਗਦਾ ਹੈ ਕਿ ਇਸ ਮਹਾਨ ਗ੍ਰੰਥ ਵਿੱਚ 135 ਵਿਸ਼ਿਆਂ ਬਾਰੇ ਸਵਿਸਥਾਰ ਵਿਆਖਿਆ ਦਿੱਤੀ ਗਈ ਹੈ। ਇਨ੍ਹਾਂ ਵਿਸ਼ਿਆਂ ਵਿੱਚ ਗਣਿਤ ਦੀਆਂ ਪ੍ਰਣਾਲੀਆਂ, ਵਿਗਿਆਨ ਦੇ ਵਿਕਾਸ ਤੇ ਫਾਰਮੂਲੇ ਅਤੇ ਵਸਤੂ ਸ਼ਾਸਤਰ ਦੀ ਮਹਿਕ ਮਿਲਦੀ ਹੈ। ਤਾਰਾ ਵਿਗਿਆਨ, ਕਾਵਿ ਸ਼ਾਸਤਰ ਭਵਿੱਸ਼ਬਾਣੀ ਸੂਤਰਾਂ ਵੱਲ ਵੀ ਪੂਰੀ ਜਾਣਕਾਰੀ ਪ੍ਰਾਪਤ ਹੋਣ ਦਾ ਸਬੂਤ ਮਿਲਦਾ ਹੈ।

ਜੇਕਰ ਉਹ ਸੰਸਾਰ ਦੇ ਪਹਿਲੇ ਕਵੀ ਹਨ, ਪਹਿਲੇ ਕਲਾਕਾਰ ਅਤੇ ਪਹਿਲੇ ਸੰਗੀਤਕਾਰ ਅਤੇ ਯੁੱਧ-ਸਮਰਾਟ ਜੁਗਤੀਆਂ ਦੇ ਮਾਲਕ ਰਹੇ ਹਨ ਤਾਂ ਫਿਰ ਕਾਵਿ-ਸੰਸਾਰ ਦੇ ਮਸਲਿਆਂ ਬਾਰੇ, ਛੰਦ-ਬੰਦੀ ਬਾਰੇ ਅਤੇ ਰੂਪ ਤੇ ਕਲਾ ਬਾਰੇ ਵੀ ਉਨ੍ਹਾਂ ਦਾ ਗ੍ਰੰਥ ਜ਼ਰੂਰੀ ਹੋਵੇਗਾ ਜੋ ਅਜੇ ਉਪਲੱਬਧ ਨਹੀਂ ਹੋ ਰਿਹਾ, ਪਰ ਇਸ ਗੱਲ ਨੂੰ ਵਿਦਵਾਨਾਂ ਨੇ ਜ਼ਰੂਰ ਪ੍ਰਵਾਨ ਕਰ ਲਿਆ ਹੈ ਕਿ ਇਸ ਮਹਾਨ ਰਹਿਬਰ ਦੀ ਸਮੂਹ ਕਲਾ ਪ੍ਰਚੰਡਤਾ, ਅਧਿਆਤਮਕ ਗਿਆਨ ਅਤੇ ਵਿਗਿਆਨ ਤੋਂ ਉਨ੍ਹਾਂ ਦੇ ਸਮਕਾਲੀ ਸਮਾਜ ਨੂੰ ਜ਼ਰੂਰ ਗਿਆਨ ਹੋਇਆ ਹੋਵੇਗਾ।

ਇਸ ਪ੍ਰਕਾਰ ਭਗਵਾਨ ਵਾਲਮੀਕਿ ਜੀ ਮਹਾਰਾਜ ਨੇ ਸਾਡੇ ਜੀਵਨ ਨੂੰ ਅਰੋਗ, ਚਿੰਤਾਮੁਕਤ, ਅਨੰਦਮਈ, ਤੰ-ਦਰੁਸਤ, ਲੰਬਾ ਤੇ ਸੁਖਾਲਾ ਜੀਵਨ ਬਨਾਉਣ ਦਾ ਭਰਪੂਰ ਯਤਨ ਕੀਤਾ ਹੈ। ਉਨ੍ਹਾਂ ਦੀਆਂ ਬਹੁਤ ਸਾਰੀਆਂ ਰਚਨਾਵਾਂ ਵਿੱਚ ਏਨੀ ਗਹਿਰ ਗੰਭੀਰਤਾ ਹੈ ਕਿ ਆਮ ਮਨੁੱਖ ਦੇ ਸਮਝ ਵਿੱਚ ਨਹੀਂ ਆ ਸਕਦੀ। ਇਹੀ ਕਾਰਨ ਹੈ ਕਿ ਅੱਜ ਤਕ ਅਸੀਂ ਉਨ੍ਹਾਂ ਸਿੱਖਿਆਵਾਂ ਤੋਂ ਬਹੁਤ ਦੂਰ ਹਾਂ। ਇਸ ਕਰਕੇ ਅੱਜ ਲੋੜ ਹੈ ਕਿ ਕੌਮੀ ਪੱਧਰ ਵਿਦਵਾਨਾਂ, ਬੁੱਧੀਜੀਵੀਆਂ ਦਾ ਇੱਕ ਵੱਡਾ ਸੰਗਠਨ ਬਣਾਇਆ ਜਾਵੇ ਜਿਹੜਾ ਭਗਵਾਨ ਵਾਲਮੀਕ ਜੀ ਮਹਾਰਾਜ ਦੀਆਂ ਰਚਨਾਵਾਂ ਨੂੰ ਸਰਲ ਰੂਪ ਅਤੇ ਵੱਖ-ਵੱਖ ਭਾਸ਼ਾਵਾਂ ਵਿਚ ਪ੍ਰਕਾਸ਼ਿਤ ਕਰਕੇ ਜਨ-ਜਨ ਤੱਕ ਪਹੁੰਚਾਉਣ ਦਾ ਕੰਮ ਕਰੇ।



ਰਮਾਇਣ ਦੇ ਯੁੱਧ ਕਾਂਡ ਵਿਚ ਭਗਵਾਨ ਮਹਾਂਰਿਸ਼ੀ ਵਾਲਮੀਕਿ ਜੀ ਨੇ ਮਨੁੱਖ ਨੂੰ ਸੁੰਦਰ ਵਿਚਾਰਾਂ ਨਾਲ ਜਾਗ੍ਰਿਤ ਕੀਤਾ ਹੈ, ਜਿਨ੍ਹਾਂ ਵਿਚਾਰਾਂ ਤੇ ਅਮਲ ਕਰਕੇ ਮਨੁੱਖ ਸਹਿਜ ਅਵਸਥਾ ਪ੍ਰਾਪਤ ਕਰ ਸਕਦਾ ਹੈ। ਸ੍ਰੀ ਗੁਰਦੇਵ ਲਾਲ ਸੁਰੀਲਾ ਜੀ ਦੀ ਪੁਸਤਕ "ਰਾਮਾਇਣ ਰਸ" ਵਿੱਚ ਭਗਵਾਨ ਵਾਲਮੀਕਿ ਜੀ ਮਹਾਰਾਜ ਜੀ ਦੀਆਂ ਸਿੱਖਿਆਵਾਂ ਦਾ ਵਰਣਨ ਮਿਲਦਾ ਹੈ ਜਿਸ ਦੇ ਕੁਝ ਅੰਸ਼ ਇਸ ਪ੍ਰਕਾਰ ਹਨ:---

1-- ਸਾਰਿਆਂ ਨਾਲ ਸਲਾਹ ਕਰਕੇ ਕੰਮ ਕਰਨ ਵਾਲਾ ਉੱਤਮ, ਇਕੱਲਾ ਹੀ ਆਪਣੇ ਆਪ ਵਿਚਾਰ ਕਰਕੇ ਕੰਮ ਕਰਨ ਵਾਲਾ ਮੱਧਮ, ਜੋ ਬਿਨਾਂ ਗੁਣ ਦੋਸ਼ ਵਿਚਾਰੇ ਕੰਮ ਸ਼ੁਰੂ ਕਰ ਦੇਵੇ ਉਹ ਨੀਚ ਪੁਰਸ਼ ਹੁੰਦਾ ਹੈ। ਅ 5/7-9

2-- ਬੇਅਕਲ ਮੂਰਖਾਂ ਲਈ ਖਿਮਾ ਉਚਿੱਤ ਨਹੀਂ ਕਿਉਂ ਜੋ ਉਹ ਖਿਮਾ ਨੂੰ ਕਮਜ਼ੋਰੀ ਸਮਝ ਲੈਂਦੇ ਹਨ। ਅ - 21/20

3-- ਰੋਹ ਭਰੇ ਵਿਸ਼ੈਲੇ ਸੱਪ ਨਾਲ ਤਾਂ ਕੋਈ ਰਹਿ ਸਕਦਾ ਹੈ ਕਿੰਤੂ ਅਜਿਹੇ ਆਦਮੀ ਨਾਲ ਕਦੀ ਨਾ ਰਹੋ ਜੋ ਮਿੱਤਰ ਅਖਵਾ ਕੇ ਦੁਸ਼ਮਣ ਦੀ ਸੇਵਾ ਕਰ ਰਿਹਾ ਹੋਵੇ। ਅ-16/2

4-- ਸੁਆਰਥੀ ਸਾਕਦਾਰ ਹਮੇਸ਼ਾਂ ਦੂਸਰੇ ਨੂੰ ਅਪਮਾਨਿਤ ਕਰਦੇ ਹਨ ਤੇ ਮੁਸੀਬਤ ਪੈਣ ਤੇ ਖ਼ੁਸ਼ੀ ਮਨਾਉਂਦੇ ਹਨ। ਉਹ ਆਪਣਾ ਦਿਲ ਛੁਪਾ ਕੇ ਹਰ ਤਰ੍ਹਾਂ ਭਿਆਨਕ ਹੁੰਦੇ ਹਨ। ਅ-16/3-5

5---ਰੰਜਿਸ਼ ਕਾਰਨ ਸਾਕਦਾਰ ਹੀ ਦੁਸ਼ਮਣ ਨੂੰ ਭੇਦ ਦੇ ਕੇ ਆਪਣਿਆਂ ਨੂੰ ਫੜਾ ਦਿੰਦੇ ਹਨ। ਅ-16/7,8

6-- ਜਿਵੇਂ ਭੌਰਾ ਫੁੱਲਾਂ ਦਾ ਤਾਂ ਰਸ ਪੀਂਦਾ ਹੈ ਪਰ ਉੱਥੇ ਟਿਕਦਾ ਨਹੀਂ ਉਸੇ ਤਰ੍ਹਾਂ ਦੁਸ਼ਟ ਲੋਕਾਂ ਵਿੱਚ ਮਿੱਤਰਤਾ ਵਾਲਾ ਪਿਆਰ ਟਿਕਦਾ ਨਹੀਂ ਹੈ। ਅ-16/13

7--ਜਿਵੇਂ ਹਾਥੀ ਨਹਾ ਕੇ ਧੂੜ ਨਾਲ ਮੁੜ ਦੇਹੀ ਗੰਦੀ ਕਰ ਲੈਂਦਾ ਹੈ ਉਸੇ ਤਰ੍ਹਾਂ ਦੁਸ਼ਟ ਦੀ ਮਿੱਤਰਤਾ ਵੀ ਮੁੜ ਗੰਦਾ ਕਰ ਦੇਣ ਵਾਲੀ ਹੁੰਦੀ ਹੈ। ਅ-16/15

8--ਮਿੱਠੀਆਂ ਗੱਲਾਂ ਕਰਨ ਵਾਲੇ ਮਨੁੱਖ ਤਾਂ ਆਸਾਨੀ ਨਾਲ ਮਿਲ ਜਾਂਦੇ ਹਨ ਪਰ ਸੁਣਨ ਵਿੱਚ ਕੌੜੀ ਕਿੰਤੂ ਨਤੀਜੇ ਵੱਲੋਂ ਹਿਤਕਾਰੀ ਗੱਲ ਕਹਿਣ ਵਾਲੇ ਘੱਟ ਹੀ ਮਿਲਦੇ ਹਨ। ਅ-16/21

9--ਗੱਲਾਂ ਗੱਲਾਂ ਵਿੱਚ, ਆਵਾਜ਼ ਦੇ ਭੇਦ ਨਾਲ, ਮਨੁੱਖ ਦੀ ਸਾਫ਼ ਨੀਅਤ ਜਾਂ ਬੁਰੀ ਨੀਤ ਦਾ ਪਤਾ ਲੱਗ ਜਾਂਦਾ ਹੈ। ਅ -17/61

10--ਮੁਸੀਬਤ ਸਮੇਂ ਆਪਣਿਆਂ ਨੂੰ ਛੱਡਣ ਵਾਲਾ ਮਨੁੱਖ ਭਰੋਸੇਯੋਗ ਨਹੀਂ ਹੁੰਦਾ। ਅ-18/5-7

11-- ਬੁੱਧੀਮਾਨ ਲੋਕ ਗੁਜਰੀ ਬਾਤ ਦਾ ਵਾਰ-ਵਾਰ ਦੁੱਖ ਨਹੀਂ ਕਰਦੇ। ਉਹ ਹੁਣ ਤੇ ਆਉਣ ਵਾਲੇ ਸਮੇਂ ਉੱਤੇ ਵਿਚਾਰ ਕਰਦੇ ਹਨ। ਅ 63/25

ਮਹਾਨ ਰਹਿਬਰ ਦੇ ਪ੍ਰਗਟ ਦਿਵਸ ਦੀਆਂ ਸਾਰੀਆਂ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

**- ਚਰਨਜੀਤ ਸਿੰਘ ਬਿਨਪਾਲਕੇ ਜਨਰਲ ਸਕੱਤਰ**
**ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸੰਸਥਾ ਪੰਜਾਬ (ਰਜਿ।)**
**ਮੁੱਖ ਦਫ਼ਤਰ ਬਿਨਪਾਲਕੇ (ਭੋਗਪੁਰ) ਜ਼ਿਲ੍ਹਾ ਜਲੰਧਰ**

# ਸਰਬਪੱਖੀ ਗਿਆਨ ਦੇ ਪੁੰਜ - ਮਹਾਰਿਸ਼ੀ ਵਾਲਮੀਕਿ



ਜਗਦੀਸ਼ ਰਾਏ
91-94631-32719

ਮਨੁੱਖ ਆਪਣੇ ਜੀਵਨ ਕਾਲ ਵਿੱਚ ਕੀਤੇ ਕਰਮਾਂ, ਵਿਚਾਰਾਂ ਅਤੇ ਵਿਚਾਰਧਾਰਾ ਕਾਰਣ ਭਾਵ ਸਮੁੱਚੀ ਜੀਵਨ ਸ਼ੈਲੀ ਕਾਰਣ ਸਮਾਜ ਵਿੱਚ ਯਾਦ ਕੀਤਾ ਜਾਂਦਾ ਹੈ।ਆਮ ਲੋਕ ਆਪਣੇ ਪਰਿਵਾਰ ਦੀਆਂ ਇੱਕ-ਦੋ ਪੀੜ੍ਹੀਆਂ ਤੱਕ ਹੀ ਸਿਮਟ ਕੇ ਰਹਿ ਜਾਂਦੇ ਹਨ ਅਤੇ ਬਹੁਤ ਘੱਟ ਹੁੰਦੇ ਹਨ ਜਿਹੜੇ ਪਰਿਵਾਰਕ ਦਾਇਰੇ ਚੋਂ ਬਾਹਰ ਨਿਕਲ ਕੇ ਸਮੁੱਚੇ ਸਮਾਜ ਦੇ ਨਾਇਕ ਬਣ ਜਾਂਦੇ ਹਨ, ਯੁਗ ਪੁਰਸ਼ ਬਣ ਜਾਂਦੇ ਹਨ। ਉਨ੍ਹਾਂ ਵਿੱਚ ਹੀ ਆਉਂਦਾ ਹੈ ਸਿਰਮੌਰ ਵਿਅਕਤੀਤਵ, ਆਦਿ ਕਵੀ, ਮਹਾਰਿਸ਼ੀ ਵਾਲਮੀਕਿ। ਜਿਸ ਯੁੱਗ ਵਿੱਚ ਇਨ੍ਹਾਂ ਦਾ ਜਨਮ ਹੋਇਆ ਉਹ ਸਮਾਂ ਲੋਕਤੰਤਰਿਕ ਨਹੀਂ ਸੀ।ਲੋਕ ਕਬੀਲਿਆਂ ਵਿੱਚ ਰਹਿੰਦੇ ਸਨ ਅਤੇ ਕਬੀਲਿਆਂ ਦੇ ਆਪਸੀ ਯੁੱਧ ਆਮ ਜਹੀ ਗਲ ਸੀ। ਆਪਣੇ ਕਬੀਲੇ ਨੂੰ ਲੁੱਟ ਖਸੁੱਟ ਤੋਂ ਬਚਾਉਣ ਲਈ ਅਤੇ ਆਤਮ ਰੱਖਿਆ ਲਈ ਖੂੰਖਾਰ ਅਤੇ ਯੁੱਧ ਕਲਾ ਵਿੱਚ ਨਿਪੁੰਣ ਹੋਣਾ ਮੁੱਢਲੀ ਲੋੜ ਸੀ। ਬਚਪਨ ਤੋਂ ਯੁਵਾ ਅਵਸਥਾ ਤੱਕ ਪਹੁੰਚਦੇ ਪਹੁੰਚਦੇ ਵਾਲਮੀਕਿ ਜੀ ਅਸਤਰ ਵਿਦਿਆ ਵਿੱਚ ਬੇ ਜੋੜ ਬਣ ਚੁੱਕੇ ਸਨ। ਵਿਰੋਧੀ ਕਬੀਲਿਆਂ ਤੋਂ ਆਪਣੇ ਕਬੀਲੇ ਦੀ ਰੱਖਿਆ ਲਈ ਉਨ੍ਹਾਂ ਵਲੋਂ ਕੀਤੇ ਗਏ ਮੁਕਾਬਲਿਆਂ ਨੂੰ ਗਲਤ ਰੰਗ ਦੇ ਕੇ ਅਤੇ ਉਨ੍ਹਾਂ ਦੇ ਲਾ ਮਿਸਾਲ ਵਿਅਕਤੀਤਵ ਨੂੰ ਗੰਧਲਾ ਕਰਨ ਲਈ ਉਨ੍ਹਾਂ ਨੂੰ ਡਾਕੂ ਦੀ ਸੰਗਿਆ ਦੇਣ ਦੀ ਘਿਨਾਉਣੀ ਕੋਸ਼ਿਸ਼ ਕੀਤੀ ਗਈ ਹੈ। ਜੋ ਕਿ ਨਿਰਮੂਲ ਹੈ। ਸਮਾਜ ਨੂੰ ਲੰਬੇ ਸਮੇਂ ਤੋਂ ਵਰਗਾਂ ਵਿੱਚ ਵੰਡਿਆ ਹੋਇਆ ਹੈ ਅਤੇ ਸਮਾਜਿਕ ਸਮਾਨਤਾ ਨਾ ਹੋਣ ਕਰਕੇ ਹੇਠਲੇ ਵਰਗ ਦੇ ਕਿਸੇ ਵੀ ਖੇਤਰ ਵਿੱਚ ਸਮਰੱਥ ਵਿਅਕਤੀਆਂ ਨੂੰ ਅਯੋਗ ਅਤੇ ਕਮਜੋਰ ਸਿੱਧ ਕਰਨ ਲਈ ਹਰ ਘਟੀਆ ਤੋਂ ਘਟੀਆ ਹਥਕੰਡਾ ਵਰਤਿਆ ਜਾਂਦਾ ਰਿਹਾ ਹੈ। ਅਜਿਹਾ ਹੀ ਉੱਚ ਕੋਟੀ ਦੇ ਯੋਧਾ ਮਹਾਰਿਸ਼ੀ ਵਾਲਮੀਕਿ ਨਾਲ ਵੀ ਹੋਇਆ ਹੈ। ਪਰ ਹੁਣ ਵਿਦਿਆ ਦੇ ਪਸਾਰ ਕਾਰਣ ਕਲਮ ਕਿਸੇ ਵਿਸ਼ੇਸ਼ ਹੱਥਾਂ ਚੋਂ ਬਾਹਰ ਆਕੇ ਤਰਕਸ਼ੀਲ ਅਤੇ ਯੋਗ ਹੱਥ ਵਿੱਚ ਵੀ ਆ ਗਈ ਹੈ ਭਾਵੇਂ ਉਹ ਸਮਾਜਿਕ ਤੌਰ ਤੇ ਅਜੇ ਵੀ ਪਿਛੜੇ ਹੋਏ ਹੋ ਸਕਦੇ ਹਨ। ਖੁਸ਼ੀ ਦੀ ਗੱਲ ਹੈ ਕਿ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਜੱਜ ਰਾਜੀਵ ਭੱਲਾ ਨੇ ਇਕ ਕੇਸ ਦਾ ਫੈਸਲਾ ਦਿੰਦਿਆਂ ਹੋਇਆਂ ਲੰਬੀ ਬਹਿਸ ਤੋਂ ਬਾਦ ਸਪਸ਼ਟ ਲਿਖਿਆ ਹੈ ਕਿ ਮਹਾਰਿਸ਼ੀ ਵਾਲਮੀਕਿ ਡਾਕੂ ਨਹੀਂ ਸਨ। ਉਸਨੇ ਲਿਖਿਆ ਹੈ ਕਿ ਵੈਦਿਕ ਕਾਲ ਤੋਂ ਲੈ ਕੇ ਈਸਵੀ ਸੰਮਤ ਤੋਂ 900 ਸਾਲ ਬਾਦ ਤੱਕ ਉਨ੍ਹਾਂ ਨੂੰ ਕਦੇ ਵੀ ਡਾਕੂ ਨਹੀਂ ਗਰਦਾਨਿਆ ਗਿਆ ਹੈ। ਪੰਜਾਬੀ ਯੂਨੀਵਰਸਟੀ ਪਟਿਆਲਾ ਦੀ ਮਹਾਰਿਸ਼ੀ ਵਾਲਮੀਕਿ ਚੇਅਰ ਦੀ ਉਸ ਸਮੇਂ ਦੀ ਮੁਖੀ ਮੰਜੁਲਾ ਸਹਿਦੇਵ ਵਲੋਂ ਕੀਤੀ ਗਈ ਖੋਜ ਨੂੰ ਵੀ ਜੱਜ ਨੇ ਅਧਾਰ ਬਣਾਇਆ ਹੈ। ਜਿੱਥੇ ਉਹ ਇਕ ਮਹਾਨ ਯੋਧਾ ਸਨ ਉਥੇ ਖਗੋਲ ਵਿਗਿਆਨੀ ਅਤੇ ਜਿਓਤਿਸ਼ਚਾਰੀਆ ਵੀ ਸਨ। ਅਧਿਆਤਮਕ ਭੁੱਖ ਦੀ ਪੂਰਤੀ ਲਈ ਉਹ ਜੰਗਲ ਵਿੱਚ ਇਕਾਂਤ ਵਿੱਚ ਬੈਠ ਕੇ ਭਗਤੀ ਕਰਿਆ ਕਰਦੇ ਸਨ। ਇਕ ਵਾਰੀ ਲੰਬਾ ਸਮਾਂ ਭਗਤੀ ਵਿੱਚ ਬੈਠਣ ਕਾਰਣ ਉਨ੍ਹਾਂ ਦਾ ਸ਼ਰੀਰ ਮਿੱਟੀ ਵਿੱਚ ਦਬ ਗਿਆ ਅਤੇ ਮਿੱਟੀ ਵਿੱਚ ਸਿਓਂਕ ਲਗ ਗਈ। ਜਿਸ ਨੂੰ ਸੰਸਕ੍ਰਿਤ ਵਿੱਚ ਵਾਲਮੀਕਿ ਕਿਹਾ ਜਾਂਦਾ ਹੈ। ਸਾਲਾਂ ਬੱਧੀ ਭਗਤੀ ਚੋਂ ਉੱਠਣ ਤੋਂ ਬਾਦ ਉਨ੍ਹਾਂ ਨੂੰ ਵਿਸ਼ੇਸ਼ਣ ਦੇ ਤੌਰ ਤੇ ਵਾਲਮੀਕਿ ਕਿਹਾ ਜਾਣ ਲੱਗ ਪਿਆ। ਅੱਗੇ ਤੋਂ ਉਨ੍ਹਾਂ ਦੇ ਵੰਸ਼ਜਾਂ ਨੂੰ ਵੀ ਵਾਲਮੀਕਿ ਕਿਹਾ ਜਾਂਦਾ ਹੈ।ਸਮਾਧੀ ਚੋਂ ਬਾਹਰ ਆਕੇ ਉਨ੍ਹਾਂ ਨੇ ਸੰਸਕ੍ਰਿਤ ਭਾਸ਼ਾ ਵਿੱਚ ਪ੍ਰੇਮ ਅਤੇ ਮਾਨਵਤਾ ਦੇ ਪ੍ਰਚਾਰ ਲਈ ਕਾਵਿ ਰਚਨਾ ਸ਼ੁਰੂ ਕੀਤੀ।ਉਨ੍ਹਾ ਨੇ ਰਾਜਾ ਰਾਮਚੰਦਰ ਦੇ ਜੀਵਨ ਨੂੰ ਦਰਸਾਉਂਦੇ ਮਹਾਕਾਵਿ "ਰਾਮਾਇਣ" ਦੀ ਰਚਨਾ ਕੀਤੀ ਜ ੋਕਿ ਸੰਸਕ੍ਰਿਤ ਭਾਸ਼ਾ ਵਿੱਚ ਹੈ। ਇਸ ਵਿੱਚ ਚੌਵੀ ਹਜ਼ਾਰ ਦੋਹੇ ਹਨ ਅਤੇ ਇਸ ਦੇ ਸੱਤ ਕਾਂਡ ਹਨ। ਇਨਾਂ ਨੂੰ ਆਦਿ ਕਵੀ ਦੀ ਵਿਸ਼ੇਸ਼ ਉਪਾਧੀ ਵੀ ਦਿੱਤੀ ਗਈ ਹੈ।

ਇੱਕ ਯੋਧਾ, ਅਧਿਆਤਮਵਾਦੀ, ਵਿਗਿਆਨੀ ਦੇ ਨਾਲ ਉਹ ਇੱਕ ਅਦਰਸ਼ ਅਧਿਆਪਕ ਵੀ ਸਨ। ਇੱਕ ਵਧੀਆ ਆਚਰਣ ਦੀ ਮਾਲਕ, ਅਯੋਧਿਆ ਦੀ ਰਾਣੀ ਸੀਤਾ ਜਿਸ ਨੂੰ ਰਾਜਾ ਰਾਮਚੰਦਰ ਵਲੋਂ ਗਰਭ ਅਵਸਥਾ ਵਿੱਚ ਆਪਣੇ ਰਾਜ ਚੋਂ ਬਾਹਰ ਕੱਢ ਦਿੱਤਾ ਗਿਆ, ਉਸ ਨੂੰ ਰਿਸ਼ੀ ਜੀ ਨੇ ਆਪਣੇ ਆਸ਼ਰਮ ਵਿੱਚ ਆਪਣੀ ਪੁੱਤਰੀ ਦੀ ਤਰ੍ਹਾਂ ਰੱਖਿਆ। ਜਿਸ ਨੂੰ ਸ਼ਰਣ ਨਹੀਂ ਬਲਕਿ ਔਰਤ ਜਾਤਿ ਦਾ ਸਨਮਾਨ ਕਿਹਾ ਜਾ ਸਕਦਾ ਹੈ। ਉਨ੍ਹਾਂ ਦੇ ਆਸ਼ਰਮ ਵਿੱਚ ਹੀ ਸੀਤਾ ਨੇ ਦੋ ਬੱਚਿਆਂ ਲਵ ਅਤੇ ਕੁਸ਼ ਨੂੰ ਜਨਮ ਦਿੱਤਾ। ਇਨ੍ਹਾਂ ਬੱਚਿਆ ਨੂੰ ਰਿਸ਼ੀ ਜੀ ਨੇ ਅਸਤਰ ਅਤੇ ਸ਼ਸਤਰ ਵਿਦਿਆ ਨਾਲ ਇੰਨੇ ਯੋਗ ਬਣਾ ਦਿੱਤਾ ਕਿ ਉਹ ਰਾਮ ਚੰਦਰ ਦੀ ਮਜਬੂਤ ਫੌਜ ਨੂੰ ਹਰਾਉਣ ਵਿੱਚ ਸਫਲ ਹੋ ਸਕੇ। ਇਸ ਤੋਂ ਇਹ ਵੀ ਸਪਸ਼ਟ ਹੁੰਦਾ ਹੈ ਕਿ ਉਹ ਆਪ ਕਿੰਨੇ ਮਹਾਨ ਯੋਧਾ ਅਤੇ ਇੱਕ ਅਦਰਸ਼ ਅਧਿਆਪਕ ਸਨ। ਉਨ੍ਹਾਂ ਦੇ ਜੀਵਨ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਯੋਗਤਾ ਕਿਸੇ ਸਿਫਾਰਿਸ਼ ਦੀ ਮੁਹਥਾਜ ਨਹੀਂ ਹੂੰਦੀ।

ਉਨ੍ਹਾਂ ਦੇ ਵੰਸ਼ਜ ਵਾਲਮੀਕਿ ਸਮਾਜ ਨੂੰ ਉਨ੍ਹਾਂ ਤੇ ਮਾਣ ਮਹਿਸੂਸ ਕਰਨਾ ਚਾਹੀਦਾ ਹੈ ਅਤੇ ਉਨ੍ਹਾ ਤੋਂ ਮਾਰਗ ਦਰਸ਼ਨ ਲੈ ਕੇ ਉਨ੍ਹਾਂ ਵਾਲੇ ਸਾਦਗੀ, ਸਰਲਤਾ, ਬਹਾਦਰੀ, ਸਮਾਨਤਾ, ਅਧਿਆਤਮਵਾਦ, ਮਾਨਵ ਪ੍ਰੇਮ ਦੀ ਭਾਵਨਾ ਵਾਲੇ ਗੁਣਾਂ ਨਾਲ ਓਤ ਪ੍ਰੋਤ ਹੋਣ ਦੀ ਲੋੜ ਹੈ, ਨਾ ਕਿ ਹੀਣ ਭਾਵ ਵਿੱਚ ਰਹਿ ਕੇ ਹੀ ਜੀਵਨ ਬਤੀਤ ਕਰਨਾ। ਇਸ ਵਿੱਚ ਕੋਈ ਛੱਕ ਨਹੀਂ ਕਿ ਸਦੀਆਂ ਤੋਂ ਦਬਾਏ ਜਾਣ ਕਾਰਣ ਮਾਨਸਿਕਤਾ ਕਮਜੋਰ ਹੋ ਜਾਂਦੀ ਹੈ ਅਤੇ ਇਸ ਚੋਂ ਆਪਣੇ ਆਪ ਨੂੰ ਬਾਹਰ ਕੱਢ ਕੇ ਸਮਾਨ ਹੋਣ ਲਈ ਯੋਗ ਬਣਨਾ ਕੋਈ ਸੌਖਾ ਕੰਮ ਨਹੀਂ ਹੁੰਦਾ।

ਪਰ ਅਜਿਹਾ ਸੋਚ ਕੇ ਹਾਲਾਤਾਂ ਨਾਲ ਸਮਝੌਤਾ ਕਰਦੇ ਰਹਿਣਾ ਵੀ ਬੁਜ਼ਦਿਲਾਂ ਦਾ ਕੰਮ ਹੈ। ਵਿਚਾਰਨ ਦੀ ਗੱਲ ਹੈ ਕਿ ਸਮਾਜਿਕ, ਆਰਥਿਕ ਅਤੇ ਸੱਭਿਆਚਾਰਕ ਤੌਰ ਤੇ ਸਮਾਨਤਾ ਕਿਵੇਂ ਆ ਸਕਦੀ ਹੈ। ਇਸ ਲਈ ਸੱਭ ਤੋਂ ਮੁੱਢਲੀ ਲੋੜ ਹੈ ਆਪਣੇ ਆਪ ਨੂੰ ਸਿੱਖਿਅਤ ਕਰਨਾ, ਵਿਵੇਕ ਜਗਾਉਣਾ ਹੈ।ਇਸ ਨਾਲ ਹੀ ਅੰਧਵਿਸ਼ਵਾਸ ਨੂੰ ਖਤਮ ਕੀਤਾ ਜਾ ਸਕਦਾ ਹੈ, ਜੋ ਕਿ ਵਿਕਾਸ ਦੇ ਰਸਤੇ ਵਿੱਚ ਸੱਭ ਤੋਂ ਵੱਡੀ ਰੁਕਾਵਟ ਹੈ। ਸਖਤ ਮਿਹਨਤੀ ਜਮਾਤ ਅੰਧਵਿਸ਼ਵਾਸ ਅਤੇ ਕਮਜੋਰ ਮਨੋਬਲ ਕਰਕੇ ਹੇਠਲੇ ਪੱਧਰ ਦਾ ਜੀਵਨ ਜੀਉਣ ਲਈ ਮਜਬੂਰ ਹੋਈ ਪਈ ਹੈ। ਆਤਮ ਵਿਸ਼ਵਾਸ, ਸਿੱਖਿਆ, ਦ੍ਰਿੜ੍ਹ ਇਰਾਦਾ, ਮਜਬੂਤ ਆਰਥਿਕਤਾ ਅਤੇ ਮੁਕਾਬਲੇ ਦੀ ਭਾਵਨਾ ਤੋਂ ਬਿਨਾ ਸਫਲਤਾ ਸੰਭਵ ਨਹੀਂ।

ਜਿੱਥੇ ਵਿਕਸਿਤ ਸਮਾਜ ਦੀ ਨੈਤਿਕ ਜਿੰਮੇਦਾਰੀ ਹੈ ਕਿ ਉਹ ਸਮਾਜਿਕ ਸਮਾਨਤਾ ਲਈ ਯਤਨ ਕਰੇ, ਉੱਥੇ ਪਿਛੜੇ ਹੋਏ ਸਮਾਜ ਲਈ ਇਹ ਬਹੁਤ ਜਰੂਰੀ ਬਣ ਜਾਂਦਾ ਹੈ ਕਿ ਉਹ ਆਪਣੇ ਵਿਕਾਸ ਵਿੱਚ ਆ ਰਹੀਆਂ ਰੁਕਾਵਟਾਂ ਨੂੰ ਜੜ੍ਹੋਂ ਪੁੱਟ ਸੁੱਟੇ। ਰਿਸ਼ੀ ਵਾਲਮੀਕਿ ਦੇ ਵੰਸ਼ ਚੋਂ ਕ੍ਰਾਂਤੀਕਾਰੀ ਮਾਤਾਦੀਨ ਵਾਲਮੀਕਿ ਦੀ 1857 ਦੀ ਸਵਤੰਤਰਤਾ ਸੰਗਰਾਮ ਵਿੱਚ ਸ਼ਹੀਦੀ, ਬਾਬਾ ਜੀਵਨ ਸਿੰਘ (ਭਾਈ ਜੈਤਾ ਜੀ) ਦਾ ਆਪਣੇ ਸਿਰ ਧੜ ਦੀ ਬਾਜ਼ੀ ਲਗਾ ਕੇ, ਗੁਰੁ ਤੇਗ ਬਹਾਦਰ ਜੀ ਦਾ ਸਿਰ ਚਾਂਦਨੀ ਚੌਕ ਚੋਂ ਬਹਾਦਰੀ ਨਾਲ ਚੁੱਕ ਕੇ ਸ਼੍ਰੀ ਅਨੰਦਪੁਰ ਸਾਹਿਬ ਪਹੁੰਚਣਾ ਆਪਣੇ ਆਪ ਵਿੱਚ ਮਿਸਾਲ ਹਨ। ਮਹਾਰਿਸ਼ੀ ਜੀ ਦੇ ਪਦ ਚਿੰਨਾਂ ਤੇ ਚਲਦੇ ਹੋਏ ਇਸ ਸਮਾਜ ਨੇ ਬਹੁਤ ਹੀ ਸਫਲ ਅਧਿਆਪਕ, ਡਾਕਟਰ, ਵਕੀਲ, ਜੱਜ, ਰਾਜਨੇਤਾ, ਵਿਓਪਾਰੀ ਅਤੇ ਕਲਾਕਾਰ ਪੈਦਾ ਕੀਤੇ ਹਨ।ਪਰ ਇਹ ਸੰਖਿਆ ਅਜੇ ਬਹੁਤ ਛੋਟੀ ਹੈ। ਉੱਪਰ ਓਠ ਚੁੱਕੇ ਲੋਕਾਂ ਦਾ ਫਰਜ਼ ਬਣਦਾ ਹੈ ਕਿ ਬਾਕੀਆਂ ਨੂੰ ਵੀ ਅਵਸਰ ਪ੍ਰਦਾਨ ਕਰਨ। ਵਧੀਆ ਜੀਵਨ ਸ਼ੈਲੀ ਦੀ ਕਲਪਨਾ ਕਰਨੀ ਚਾਹੀਦੀ ਹੈ ਅਤੇ ਇਸ ਨੂੰ ਸਾਰਥਿਕ ਬਣਾਉਣ ਲਈ ਅਣਥੱਕ ਯਤਨ ਕਰਦੇ ਰਹਿਣ ਦੀ ਲੋੜ ਹੈ ਨਾ ਕਿ ਸਰਕਾਰਾਂ ਕੋਲੋਂ ਆਟਾ ਦਾਲ ਅਤੇ ਬਿਜਲੀ ਦੀ ਭੀਖ ਲੈ ਕੇ ਸੰਤੁਸ਼ਟ ਹੋ ਜਾਣ ਤੱਕ ਹੀ ਆਪਣੇ ਆਪ ਨੂੰ ਸੀਮਤ ਕਰ ਲੈਣਾ ਚਾਹੀਦਾ ਹੈ।

ਵਿਚਾਰਾਂ ਵਿੱਚ ਸਾਕਾਰਾਤਮਕ ਬਦਲਾਓ ਹੀ ਮਹਾਂਰਿਸ਼ੀ ਵਾਲਮੀਕਿ ਜੀ ਦਾ ਸਹੀ ਅਰਥਾਂ ਵਿੱਚ ਸਨਮਾਨ ਹੋਵੇਗਾ ਨਾ ਕਿ ਸਾਲ ਵਿੱਚ ਇੱਕ ਦਿਨ ਉਨ੍ਹਾਂ ਨੂੰ ਕੇਵਲ ਰਸਮੀ ਤੌਰ ਤੇ ਯਾਦ ਕਰ ਲੈਣਾ। ਉਨ੍ਹਾਂ ਦੇ ਜਨਮ ਦਿਨ ਤੇ ਮਨੁੱਖੀ ਅਧਿਕਾਰਾਂ ਦਾ ਘਾਣ ਕਰਨ ਵਾਲੇ ਲੋਕਾਂ ਨੂੰ ਸੰਜੀਦਗੀ ਨਾਲ ਸਵੈ ਪੜਚੋਲ ਕਰਨ ਦੀ ਲੋੜ ਹੈ ਅਤੇ ਮਾਨਵਵਾਦੀ ਸੋਚ ਰੱਖਣ ਵਾਲੇ ਸੱਭ ਲੋਕਾਂ ਨੂੰ ਬਹੁਤ ਬਹੁਤ ਵਧਾਈ।

# ਬੰਗਲਾਦੇਸ਼ ਵਿਚ ਦੰਗੇ- ਹਸੀਨਾ ਵੱਲੋਂ ਤੁਰੰਤ ਕਾਰਵਾਈ ਦੇ ਹੁਕਮ

ਨਵੀਂ ਦਿੱਲੀ- ਬੰਗਲਾਦੇਸ਼ ਦੀ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਨੇ ਦੇਸ਼ ਦੇ ਗ੍ਰਹਿ ਮੰਤਰੀ ਨੂੰ ਹੁਕਮ ਦਿੱਤਾ ਹੈ ਕਿ ਧਰਮ ਦੇ ਨਾਂ ਉਤੇ ਹਿੰਸਾ ਭੜਕਾਉਣ ਵਾਲਿਆਂ ਖ਼ਿਲਾਫ਼ ਤੁਰੰਤ ਕਾਰਵਾਈ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਲੋਕ ਬਿਨਾਂ ਤੱਥਾਂ ਦੀ ਜਾਂਚ ਕੀਤੇ ਸੋਸ਼ਲ ਮੀਡੀਆ ਉਤੇ ਚੱਲ ਰਹੇ ਕਿਸੇ ਵੀ ਘਟਨਾਕ੍ਰਮ ਉਤੇ ਭਰੋਸਾ ਨਾ ਕਰਨ। ਜ਼ਿਕਰਯੋਗ ਹੈ ਕਿ ਪਿਛਲੇ ਬੁੱਧਵਾਰ ਤੋਂ ਬੰਗਲਾਦੇਸ਼ ਵਿਚ ਹਿੰਦੂ ਮੰਦਰਾਂ ਉਤੇ ਹਮਲੇ ਵਧ ਗਏ ਹਨ। ਦੁਰਗਾ ਪੂਜਾ ਦੌਰਾਨ ਸੋਸ਼ਲ ਮੀਡੀਆ ਉਤੇ ਪਾਈ ਗਈ ਇਕ ਵਿਵਾਦਤ ਪੋਸਟ ਮਗਰੋਂ ਇਹ ਹਮਲੇ ਹੋਏ ਸਨ। ਕੈਬਨਿਟ ਮੀਟਿੰਗ ਵਿਚ ਪ੍ਰਧਾਨ ਮੰਤਰੀ ਹਸੀਨਾ ਨੇ ਗ੍ਰਹਿ ਮੰਤਰੀ ਅਸਦੂਜ਼ਮਾਨ ਖਾਨ ਨੂੰ ਤੁਰੰਤ ਕਾਰਵਾਈ ਲਈ ਕਿਹਾ ਹੈ। ਪ੍ਰਧਾਨ ਮੰਤਰੀ ਨੇ ਮੰਤਰਾਲੇ ਨੂੰ ਚੌਕਸ ਰਹਿਣ ਤੇ ਅਜਿਹੀਆਂ ਘਟਨਾਵਾਂ ਨੂੰ ਰੋਕਣ ਲਈ ਕਦਮ ਚੁੱਕਣ ਵਾਸਤੇ ਕਿਹਾ ਹੈ। ਸਥਾਨਕ ਮੀਡੀਆ ਦੀਆਂ ਰਿਪੋਰਟਾਂ ਮੁਤਾਬਕ ਵੱਖ-ਵੱਖ ਹਮਲਿਆਂ ਵਿਚ ਛੇ ਹਿੰਦੂ ਮਾਰੇ ਗਏ ਹਨ। ਹਸੀਨਾ ਨੇ ਪੀੜਤ ਪਰਿਵਾਰਾਂ ਨੂੰ ਹਰ ਸੰਭਵ ਮਦਦ ਦੇਣ ਦਾ ਐਲਾਨ ਕੀਤਾ ਹੈ।

ਇਸੇ ਦੌਰਾਨ ਸੱਤਾਧਾਰੀ ਅਵਾਮੀ ਲੀਗ ਫ਼ਿਰਕੂ ਹਿੰਸਾ ਵਿਰੁੱਧ ਪੂਰੇ ਮੁਲਕ ਵਿਚ ਸ਼ਾਂਤੀ ਜਲੂਸ ਕੱਢ ਰਹੀ ਹੈ। ਅਵਾਮੀ ਲੀਗ ਨੇ ਇਕ ਰੈਲੀ ਵਿਚ ਕਿਹਾ 'ਹਿੰਦੂ ਭੈਣ-ਭਰਾ ਡਰਨ ਨਾ, ਸ਼ੇਖ ਹਸੀਨਾ ਤੇ ਅਵਾਮੀ ਲੀਗ ਉਨ੍ਹਾਂ ਦੇ ਨਾਲ ਹੈ। ਸ਼ੇਖ ਹਸੀਨਾ ਸਰਕਾਰ ਘੱਟ ਗਿਣਤੀਆਂ ਦੀ ਦੋਸਤ ਹੈ।' ਪਾਰਟੀ ਆਗੂਆਂ ਨੇ ਕਿਹਾ ਕਿ ਫ਼ਿਰਕੂ ਤਾਕਤਾਂ ਨਾਲ ਨਜਿੱਠਣ ਲਈ ਉਹ ਸੜਕਾਂ ਉਤੇ ਰਹਿਣਗੇ।




**ਹਮਲਿਆਂ ਖ਼ਿਲਾਫ਼ ਵਿਸ਼ਵ ਹਿੰਦੂ ਪ੍ਰੀਸ਼ਦ ਵੱਲੋਂ ਰੋਸ ਵਿਖਾਵਾ**

ਬੰਗਲਾਦੇਸ਼ ਵਿੱਚ ਦੁਰਗਾ ਪੂਜਾ ਦੌਰਾਨ ਹਿੰਦੂ ਫਿਰਕੇ 'ਤੇ ਕੀਤੇ ਗਏ ਹਮਲਿਆਂ ਦੇ ਰੋਸ ਵਜੋਂ ਵਿਸ਼ਵ ਹਿੰਦੂ ਪ੍ਰੀਸ਼ਦ ਨੇ ਅੱਜ ਪ੍ਰਦਰਸ਼ਨ ਕੀਤਾ। ਇਸ ਮਗਰੋਂ ਉਨ੍ਹਾਂ ਬੰਗਲਾਦੇਸ਼ ਦੇ ਡਿਪਟੀ ਹਾਈ ਕਮਿਸ਼ਨਰ ਨੂੰ ਮੰਗ ਪੱਤਰ ਸੌਂਪ ਕੇ ਡੂੰਘੀ ਚਿੰਤਾ ਜ਼ਾਹਰ ਕੀਤੀ। ਦੁਰਗਾ ਪੂਜਾ ਦੌਰਾਨ ਮੰਦਰਾਂ ਦੀ ਭੰਨ-ਤੋੜ ਅਤੇ ਹਿੰਦੂਆਂ 'ਤੇ ਹਮਲੇ ਕਰਨ ਵਾਲਿਆਂ ਖ਼ਿਲਾਫ਼ ਸਖ਼ਤ ਸਜ਼ਾ ਦੀ ਮੰਗ ਕੀਤੀ। ਜਥੇਬੰਦੀ ਨੇ ਬੰਗਲਾਦੇਸ਼ ਸਰਕਾਰ ਨੂੰ ਅਪੀਲ ਕੀਤੀ ਕਿ ਹਿੰਦੂ ਭਾਈਚਾਰੇ ਦੀ ਜ਼ਿੰਦਗੀ, ਸੱਭਿਆਚਾਰ ਤੇ ਵਿਰਾਸਤ ਦੀ ਰਾਖੀ ਕੀਤੀ ਜਾਵੇ। ਵਿਸ਼ਵ ਹਿੰਦੂ ਪ੍ਰੀਸ਼ਦ ਨੇ ਬੰਗਲਾਦੇਸ਼ ਵਿੱਚ ਹਿੰਦੂ ਭਾਈਚਾਰੇ ਖ਼ਿਲਾਫ਼ ਹੋਈ ਹਿੰਸਾ ਦੇ ਵਿਰੋਧ ਵਿੱਚ ਬੁੱਧਵਾਰ ਨੂੰ ਦੇਸ਼ਵਿਆਪੀ ਪ੍ਰਦਰਸ਼ਨ ਦਾ ਸੱਦਾ ਦਿੱਤਾ ਹੈ। ਪ੍ਰੀਸ਼ਦ ਦੇ ਜੁਆਇੰਟ ਸਕੱਤਰ ਸੁਰੇਂਦਰ ਜੈਨ ਨੇ ਕਿਹਾ ਕਿ ਦਿੱਲੀ ਸਥਿਤ ਬੰਗਲਾਦੇਸ਼ ਹਾਈ ਕਮਿਸ਼ਨ ਦੇ ਸਾਹਮਣੇ ਵੀ ਪ੍ਰਦਰਸ਼ਨ ਕੀਤਾ ਜਾਵੇਗਾ।

ਉੱਘੀ ਲੇਖਿਕਾ ਤਸਲੀਮਾ ਨਸਰੀਨ ਨੇ ਬੰਗਲਾਦੇਸ਼ ਵਿਚ ਹਿੰਦੂਆਂ ਖ਼ਿਲਾਫ਼ ਕੀਤੀ ਜਾ ਰਹੀ ਹਿੰਸਾ 'ਤੇ ਗੁੱਸਾ ਜ਼ਾਹਿਰ ਕੀਤਾ ਹੈ। ਤਸਲੀਮਾ ਨੇ ਕਿਹਾ ਕਿ ਮੁਲਕ ਹੁਣ 'ਜਹਾਦਿਸਤਾਨ' ਬਣ ਗਿਆ ਹੈ ਜਿੱਥੇ ਮਦਰੱਸੇ ਕੱਟੜਵਾਦ ਨੂੰ ਜਨਮ ਦੇ ਰਹੇ ਹਨ। ਉਸ ਨੇ ਬੰਗਲਾਦੇਸ਼ ਸਰਕਾਰ 'ਤੇ ਧਰਮ ਨੂੰ ਸਿਆਸੀ ਲਾਭ ਖਾਤਰ ਵਰਤਣ ਦਾ ਦੋਸ਼ ਲਾਇਆ। ਨਸਰੀਨ ਨੇ ਕਿਹਾ ਕਿ ਹਿੰਦੂ ਤੇ ਬੋਧੀ ਬੰਗਲਾਦੇਸ਼ ਵਿਚ 'ਤੀਜੇ ਦਰਜੇ ਦੇ ਨਾਗਰਿਕ' ਬਣ ਗਏ ਹਨ ਤੇ ਹਿੰਦੂਆਂ ਖ਼ਿਲਾਫ਼ ਵਧ ਰਹੀ ਨਫ਼ਰਤ ਚਿੰਤਾ ਵਿਚ ਪਾਉਣ ਵਾਲੀ ਹੈ।

# ਪੰਜਾਬ ਸਰਕਾਰ ਅਤੇ ਕੇਂਦਰੀ ਸਰਕਾਰ ਦੇ ਧਿਆਨਯੋਗ




ਬਾਬੂ ਮੰਗੂ ਰਾਮ ਜੀ ਮੁੱਗੋਵਾਲੀਆ, ਜਿਨ੍ਹਾਂ ਦੀ 99ਵੀਂ ਜਨਮ ਵਰ੍ਹੇਗੰਢ 14 ਜਨਵਰੀ, 1985 ਈ: ਤੇ ਇਹ ਸੋਵੀਨਰ ਕੱਢ ਰਹੇ ਹਾਂ, ਦੀ ਯਾਦ ਨੂੰ ਤਾਜ਼ਾ ਕਰਨ ਲਈ ਅਤੇ ਜਿਵੇਂ ਸਰਕਾਰ ਹੋਰਨਾਂ ਗੈਰ ਆਦਿ-ਵਾਸੀ ਆਗੂਆਂ ਦੇ ਜਨਮ ਦਿਨ 'ਤੇ ਯਾਦਗਾਰਾਂ ਬਣਾਉਂਦੀ ਹੈ, ਅਸੀਂ ਸਰਕਾਰ ਤੋਂ ਬਾਬੂ ਜੀ ਦੀ ਜਨਮ ਸ਼ਤਾਬਦੀ (14 ਜਨਵਰੀ 1986 ਈ:) ਦੇ ਮੌਕੇ ਤੇ ਨਿਮਨਲਿਖਤ ਮੰਗ ਕਰਦੇ ਹਾਂ।

1. ਗੌਰਮਿੰਟ ਆਈ. ਟੀ. ਸੀ., ਗੜ੍ਹਸ਼ੰਕਰ, ਜੋ ਕਿ ਸਿਰਫ ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਲਈ ਹੈ, ਦਾ ਨਾਂ ਬਦਲ ਕੇ ਬਾਬੂ ਮੰਗੂ ਰਾਮ ਮੁਗੋਵਾਲੀਆ ਗੌਰਮਿੰਟ ਆਈ. ਟੀ. ਸੀ. ਰੱਖਿਆ ਜਾਵੇ।
2. ਗੌਰਮਿੰਟ ਕਾਲਜ, ਹੁਸ਼ਿਆਰਪੁਰ ਦਾ ਨਾਂ ਵੀ ਬਾਬੂ ਜੀ ਦੇ ਨਾਂ ਤੇ ਰੱਖਿਆ ਜਾਵੇ।
3. ਗੌਰਮਿੰਟ ਕਾਲਜ ਆਫ ਐਜੂਕੇਸ਼ਨ, ਲਾਡੋਵਾਲੀ ਰੋਡ, ਜਲੰਧਰ ਦਾ ਨਾਂ ਬਾਬੂ ਜੀ ਦੇ ਨਾਂ 'ਤੇ ਰੱਖਿਆ ਜਾਵੇ।
4. ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਆਦਿ ਧਰਮ ਰਿਸਰਚ ਚੇਅਰ ਕਾਇਮ ਕੀਤੀ ਜਾਵੇ।
5. ਬਾਬੂ ਮੰਗੂ ਰਾਮ ਜੀ ਮੁਗੋਵਾਲੀਆ ਦੇ ਜਨਮ ਦਿਨ 14 ਜਨਵਰੀ ਅਤੇ ਆਦਿ-ਧਰਮ ਦੀ ਪੁਨਰ-ਸਥਾਪਨਾ 11-12 ਜੂਨ ਨੂੰ ਗਜਟਿਡ ਛੁੱਟੀਆਂ ਕੀਤੀਆਂ ਜਾਣ।
6. ਬਾਬੂ ਮੰਗੂ ਰਾਮ ਜੀ ਮੁਗੋਵਾਲੀਆ ਦੇ ਨਾਂ ਤੇ ਭਾਸ਼ਾ ਵਿਭਾਗ, ਪੰਜਾਬ, ਪਟਿਆਲਾ ਵੱਲੋਂ ਸਾਹਿਤਕ ਇਨਾਮ ਰੱਖਿਆ ਜਾਵੇ। ਸੈਮੀਨਾਰ ਆਯੋਜਿਤ ਕੀਤੇ ਜਾਣ ਅਤੇ 'ਪੰਜਾਬੀ ਦੁਨੀਆਂ' ਦਾ ਸਪੈਸ਼ਲ ਅੰਕ ਬਾਬੂ ਜੀ ਬਾਰੇ ਕੱਢਿਆ ਜਾਵੇ ਅਤੇ ਭਾਸ਼ਾ ਵਿਭਾਗ ਵੱਲੋਂ ਬਾਬੂ ਜੀ ਅਤੇ ਆਦਿ ਧਰਮ ਸਬੰਧੀ ਕਿਤਾਬਾਂ ਛਾਪੀਆਂ ਜਾਣ।
7. ਪੰਜਾਬ ਸਕੂਲ ਐਜੂਕੇਸ਼ਨ ਬੋਰਡ, ਚੰਡੀਗੜ੍ਹ ਅਤੇ ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ ਬੁੱਕ ਬੋਰਡ ਚੰਡੀਗੜ੍ਹ ਵੱਲੋਂ ਪ੍ਰਕਾਸ਼ਿਤ ਪਾਠ ਪੁਸਤਕਾਂ ਵਿਚ ਬਾਬੂ ਜੀ ਦੀ ਜੀਵਨੀ ਛਾਪੀ ਜਾਵੇ।
8. ਪੰਜਾਬ ਸਰਕਾਰ ਵੱਲੋਂ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਵਿਚ ਕਿਸੇ ਮਹੱਤਵਪੂਰਨ ਚੌਂਕਾਂ, ਸੜਕਾਂ, ਪਾਰਕਾਂ ਜਾਂ ਜ਼ਿਲ੍ਹਾ ਲਾਇਬ੍ਰੇਰੀਆਂ ਦੇ ਨਾਂ ਬਾਬੂ ਜੀ ਦੇ ਨਾਂ 'ਤੇ ਰੱਖੇ ਜਾਣ।

ਉਮੀਦ ਹੀ ਨਹੀਂ ਸਗੋਂ ਪੂਰਨ ਵਿਸ਼ਵਾਸ ਕੀਤਾ ਜਾਂਦਾ ਹੈ, ਪੰਜਾਬ ਸਰਕਾਰ ਅਤੇ ਕੇਂਦਰੀ ਸਰਕਾਰ ਸਾਡੀਆਂ ਜਾਇਜ਼ ਮੰਗਾਂ ਵੱਲ ਧਿਆਨ ਦੇ ਕੇ ਅਮਲ ਕਰੇਗੀ, ਨਹੀਂ ਤਾਂ ਗੈਰ-ਆਦਿਵਾਸੀਆਂ ਦੇ ਨਾਵਾਂ ਨੂੰ ਸਰਕਾਰੀ ਅਦਾਰਿਆਂ ਤੋਂ ਤੁਰੰਤ ਹਟਾ ਕੇ ਸਰਕਾਰ ਆਪਦੇ ਧਰਮ ਨਿਰਪੱਖ ਹੋਣ ਦਾ ਸਬੂਤ ਦੇਵੇ।

36 ਸਾਲ ਪੁਰਾਣਾ ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਦੀ 99 ਜਨਮ ਸਤਾਬਦੀ ਮੌਕੇ ਪ੍ਰਕਾਸ਼ਿਤ ਸੋਵੀਨਾਰ 'ਚੋਂ ਇਤਿਹਾਸਕ ਮੰਗ ਪੱਤਰ ਮੌਜੂਦਾ ਕੇਂਦਰ ਅਤੇ ਪੰਜਾਬ ਸਰਕਾਰ ਦੇ ਧਿਆਨ ਹਿੱਤ। -ਸੰਪਾਦਕ 'ਦੇਸ਼ ਦੁਆਬਾ'

**ਸੀ. ਐਲ. ਚੁੰਬਰ,**
**ਆਰਗੇਨਾਈਜ਼ਰ**
**ਬਾਬੂ ਮੰਗੂ ਰਾਮ ਮੁਗੋਵਾਲੀਆ ਸੋਵੀਨਰ ਕਮੇਟੀ**
**41, ਕੁੰਦਨ ਨਗਰ, ਨਵੀਂ ਦਿੱਲੀ- 110092**



# ਸਿੱਖ ਮੁਗਲ, ਪਹਿਲੀ ਜੰਗ (15 ਮਈ 1628)



ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਮੁਗਲ ਬਾਦਸ਼ਾਹ ਜਹਾਂਗੀਰ ਨਾਲ ਸਬੰਧ ਬੜੀ ਪਰਖ ਪ੍ਰਣਾਲੀ ਵਿਚੋਂ ਲੰਘੇ। ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਸਾਹਿਬ ਜੀ ਨੂੰ ਜਦੋਂ ਮੁਗਲ ਬਾਦਸ਼ਾਹ ਜਹਾਂਗੀਰ ਨੇ ਤਲਬ ਕੀਤਾ ਤਾਂ ਗੁਰਾਂ ਨੇ ਜਾਣ ਲਿਆ ਸੀ ਕਿ ਸਿੱਖਾਂ ਨੂੰ ਆਉਣ ਵਾਲੇ ਸਮੇਂ ਵਿਚ ਜ਼ੁਲਮ ਦੇ ਟਾਕਰੇ ਲਈ ਹਥਿਆਰ ਚੁੱਕਣੇ ਪੈਣਗੇ। ਉਹਨਾਂ ਹਰਿਗੋਬਿੰਦ ਸਾਹਿਬ ਜੀ ਨੂੰ ਗੁਰਗੱਦੀ ਸੌਂਪਦਿਆਂ ਹਦਾਇਤ ਕੀਤੀ ਕਿ ਗੁਰਗੱਦੀ ਤੇ ਹਥਿਆਰਬੰਦ ਹੋ ਕੇ ਰਹਿਣਾ ਅਤੇ ਫੌਜ ਵੀ ਰੱਖਣੀ।

ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਗੁਰਗੱਦੀ ਤੇ ਬੈਠਦਿਆਂ ਦੋ ਤਲਵਾਰਾਂ ਧਾਰਨ ਕੀਤੀਆਂ। ਇਕ ਮੀਰੀ ਦੀ ਇਕ ਪੀਰੀ ਦੀ। ਇਕ ਆਤਮਕ ਅਗਵਾਈ ਲਈ, ਦੂਸਰੀ ਸੰਸਾਰਕ ਅਗਵਾਈ ਵਾਸਤੇ। ਗੁਰੂ ਜੀ ਨੇ ਭੇਟਾ ਵਿਚ ਚੰਗੇ ਘੋੜੇ, ਚੰਗੇ ਸ਼ਸਤਰ ਅਤੇ ਸੁਡੌਲ ਜਵਾਨੀਆਂ ਦੀ ਮੰਗ ਰੱਖੀ। ਗੁਰਮੁਖਾਂ ਨੂੰ ਸਰੀਰਕ ਤੌਰ ਤੇ ਤੰਦਰੁਸਤ ਹੋ ਕੇ ਘੋੜ ਸਵਾਰੀ ਅਤੇ ਸ਼ਸ਼ਤਰ ਵਿੱਦਿਆ ਵਿਚ ਨਿਪੁੰਨ ਹੋਣ ਦਾ ਉਪਦੇਸ਼ ਦਿੱਤਾ। ਕੌਮ ਉਸਾਰੀ ਦੇ ਕਾਰਜਾਂ ਵਿਚ ਅੰਮ੍ਰਿਤਸਰ ਨੂੰ ਆਤਮ ਨਿਰਭਰ ਅਤੇ ਸਵੈ-ਰੱਖਿਅਕ ਬਣਾਉਣ ਲਈ 'ਲੋਹਗੜ੍ਹ' ਦਾ ਕਿਲਾ ਸਥਾਪਤ ਕੀਤਾ। ਸੂਰਬੀਰਤਾ ਦਾ ਪ੍ਰਤੀਕ ਅਕਾਲ ਤਖਤ ਸਾਹਿਬ ਦਾ ਨਿਰਮਾਣ ਕੀਤਾ। ਧਾਰਮਿਕ ਗੁਰਮਤਿ ਉਪਦੇਸ਼ ਦੇ ਨਾਲ ਕੌਮ ਵਿਚ ਬੀਰ ਰਸ ਵੀ ਭਰਿਆ। ਗੁਰੂ ਜੀ ਸੰਗਤਾਂ ਨੂੰ ਮਿਲ-ਜੁਲ ਕੇ ਰਹਿਣ ਦਾ ਉਪਦੇਸ਼ ਦਿੰਦੇ। ਮਤਭੇਦ ਹੋ ਜਾਣ ਤੇ ਗੁਰੂ ਜੀ ਖੁਦ ਫੈਸਲੇ ਕਰਦੇ। ਗੁਰੂ ਜੀ ਨੇ 52 ਯੋਧਿਆਂ ਦੀ ਨਿੱਜੀ ਫੌਜ ਭਰਤੀ ਕਰ ਲਈ। ਬਕਾਇਦਾ ਤੌਰ ਤੇ ਫੌਜੀ ਖਾਲਸਾ ਹੋਣ ਦਾ ਐਲਾਨ ਕੀਤਾ। ਯੋਧੇ ਗੁਰੂ ਜੀ ਵਾਸਤੇ ਮਰ ਮਿਟਣ ਨੂੰ ਤਿਆਰ ਰਹਿੰਦੇ। ਫੌਜੀ ਸਿਖਲਾਈ ਨਾਲ ਕੌਮ ਵਿਚ ਸੂਰਬੀਰਤਾ ਦੀ ਨਵੀਂ ਜਾਨ ਭਰੀ।



ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487

ਮੁਗਲ ਬਾਦਸ਼ਾਹ ਜਹਾਂਗੀਰ ਦੇ ਈਰਖਾਲੂ ਅਹਿਲਕਾਰਾਂ ਨੇ ਉਸਦੇ ਕੰਨ ਭਰਨੇ ਸ਼ੁਰੂ ਕਰ ਦਿੱਤੇ ਕਿ ਗੁਰੂ ਜੀ ਨੇ ਫੌਜ ਰੱਖ ਲਈ ਹੈ। ਨਗਰੇ ਵੱਜਦੇ, ਨਿਸ਼ਾਨ ਸਾਹਿਬ ਝੂਲਦੇ, ਤਖਤ ਤੇ ਬੈਠਦੇ, ਸ਼ਿਕਾਰ ਖੇਡਦੇ, ਲੋਕਾਂ ਦੇ ਫੈਸਲੇ ਆਪ ਕਰਦੇ। ਫੌਜੀ ਦਸਤੇ ਰਾਤ ਨੂੰ ਮਿਸਾਲਾਂ ਬਾਲ ਕੇ ਗਸ਼ਤ ਕਰਦੇ। ਬਾਦਸ਼ਾਹਾਂ ਵਾਲੀ ਠਾਠ-ਬਾਠ ਬਣਾ ਲਈ ਹੈ। ਉਹ ਰਾਜਸੀ ਤੌਰ ਤੇ ਮਜ਼ਬੂਤ ਹੋ ਰਹੇ ਹਨ। ਉਹ ਗੁਰੂ ਅਰਜਨ ਦੇਵ ਸਾਹਿਬ ਜੀ ਦੀ ਸ਼ਹੀਦੀ ਦਾ ਬਦਲਾ ਲੈਣਗੇ। ਇਸ ਬਾਗੀ ਤਾਕਤ ਨੂੰ ਹੁਣੇ ਦਬਾਅ ਦੇਣਾ ਚਾਹੀਦਾ ਹੈ।

ਬਾਦਸ਼ਾਹ ਨੇ ਸਿੱਖਾਂ ਦੀ ਤਾਕਤ ਦਾ ਭੇਦ ਜਾਣਨ ਲਈ ਗੁਰੂ ਜੀ ਨਾਲ ਬਣਾ ਲਈ। ਗੁਰੂ ਜੀ ਨੂੰ ਜਾਨਣ ਤੇ ਉਸਨੇ ਭਾਂਪ ਲਿਆ ਕਿ ਗੁਰੂ ਅਰਜਨ ਦੇਵ ਸਾਹਿਬ ਜੀ ਦੀ ਸ਼ਹੀਦੀ ਨੇ ਸਿੱਖਾਂ ਨੂੰ ਭੈਅ-ਭੀਤ ਨਹੀਂ ਕੀਤਾ। ਉਹ ਤਾਂ ਹੋਰ ਮਜ਼ਬੂਤ ਹੋ ਰਹੇ ਹਨ। ਬਾਦਸ਼ਾਹ ਨੇ ਗੁਰੂ ਜੀ ਦੀ ਵਧਦੀ ਤਾਕਤ ਨੂੰ ਦਬਾਉਣ ਲਈ ਗੁਰੂ ਜੀ ਨੂੰ ਗਵਾਲੀਅਰ ਦੇ ਕਿਲੇ ਵਿਚ ਕੈਦ ਕਰ ਦਿੱਤਾ। ਉਥੇ ਪਹਿਲਾਂ ਹੀ 52 ਰਾਜੇ ਕੈਦ ਸਨ। ਉਹਨਾਂ ਦਾ ਜੀਵਨ ਬੜੀ ਮਾੜੀ ਹਾਲਤ ਵਿਚ ਸੀ। ਗੁਰੂ ਜੀ ਨੇ ਉਹਨਾਂ ਦੀ ਖੁਰਾਕ ਅਤੇ ਪੁਸ਼ਾਕ ਦਾ ਚੰਗਾ ਪ੍ਰਬੰਧ ਕਰਵਾ ਲਿਆ। ਉਹ ਗੁਰੂ ਜੀ ਦੇ ਸਤਿਸੰਗੀ ਬਣ ਗਏ। ਗੁਰੂ ਜੀ ਕੈਦ ਲੰ-ਮੇਰੀ ਹੁੰਦਿਆਂ ਵੇਖ ਸਿੱਖ ਰੋਹ ਵਿਚ ਆ ਗਏ। ਬਾਦਸ਼ਾਹ ਨੇ ਹਾਲਾਤ ਵੇਖ ਕੇ ਗੁਰੂ ਜੀ ਨੂੰ ਰਿਹਾਅ ਕਰਨ ਦਾ ਮਨ ਬਣਾਇਆ। ਪਰ ਗੁਰੂ ਜੀ ਨੇ ਕਿਹਾ ਕਿ ਸਾਡੇ ਨਾਲ 52 ਰਾਜਸੀ ਕੈਦੀ ਵੀ ਰਿਹਾਅ ਕੀਤੇ ਜਾਣ ਤਾਂ ਬਾਦਸ਼ਾਹ ਨੇ 52 ਰਾਜਿਆਂ ਨੂੰ ਵੀ ਰਿਹਾਅ ਕਰ ਦਿੱਤਾ। ਰਿਹਾਈ ਤੋਂ ਬਾਅਦ ਗੁਰੂ ਜੀ ਅੰਮ੍ਰਿਤਸਰ ਪੁੱਜੇ ਤਾਂ ਸ਼ਹਿਰ ਨਿਵਾਸੀਆਂ ਨੇ ਦੀਪਮਾਲਾ ਕਰਕੇ ਗੁਰੂ ਜੀ ਦਾ ਸਵਾਗਤ ਕੀਤਾ। 'ਬੰਦੀ ਛੋੜ ਦਾਤਾ' ਕਹਿ ਕੇ ਸਨਮਾਨਿਆ।

ਬਾਦਸ਼ਾਹ ਗੁਰੂ ਜੀ ਦੇ ਦਰਸ਼ਨਾਂ ਨੂੰ ਆਇਆ। ਬਾਦਸ਼ਾਹ ਨੂੰ ਨਿਸ਼ਚਾ ਹੋ ਗਿਆ ਕਿ ਗੁਰੂ ਅਰਜਨ ਦੇਵ ਸਾਹਿਬ ਜੀ ਦੀ ਸ਼ਹੀਦੀ ਲਈ ਉਸਨੂੰ ਗੁੰਮਰਾਹ ਕੀਤਾ ਗਿਆ ਹੈ। ਉਸਨੇ ਦੋਸ਼ੀਆਂ ਨੂੰ ਗੁਰੂ ਜੀ ਦੇ ਹਵਾਲੇ ਕਰ ਦਿੱਤਾ। ਸੰਗਤਾਂ ਨੇ ਉਹਨਾਂ ਨੂੰ ਸਜ਼ਾ ਦੇ ਦਿੱਤੀ। ਗੁਰੂ ਜੀ ਦੇ ਸਬੰਧ ਬਾਦਸ਼ਾਹ ਜਹਾਂਗੀਰ ਨਾਲ ਸੁਖਾਵੇਂ ਹੋ ਗਏ। ਗੁਰੂ ਜੀ ਨੇ ਮੌਕੇ ਵੇਖ ਕੇ ਗੁਰਮਤਿ ਪ੍ਰਚਾਰ ਕੀਤਾ। ਦੂਸਰ ਧਰਮਾਂ ਦੇ ਲੋਕ ਹਿੰਦੂ ਮੁਸਲਮਾਨ ਵੀ ਗੁਰੂ ਜੀ ਨਾਲ ਆਣ ਜੁੜੇ। ਗੁਰੂ ਜੀ ਨੇ ਕਈ ਨਗਰ ਵਸਾਏ। ਸਿੱਖ ਧਰਮ ਫੈਲਾਉਣ ਦੇ ਉਸਾਰੂ ਯਤਨ ਕੀਤੇ। ਨਵੰਬਰ 8, 1627 ਵਿਚ ਬਾਦਸ਼ਾਹ ਜਹਾਂਗੀਰ ਦੀ ਮੌਤ ਹੋ ਗਈ। ਉਸਦਾ ਪੁੱਤਰ ਸ਼ਾਹਜਹਾਨ 6 ਫਰਵਰੀ 1628 ਨੂੰ ਤਖਤ 'ਤੇ ਬੈਠਾ।

ਉਸਨੇ ਬੜੀ ਸਖਤ ਧਾਰਮਿਕ ਨੀਤੀ ਅਪਨਾਈ। ਉਸਨੇ ਦੂਸਰੇ ਧਰਮਾਂ ਦੇ ਪ੍ਰਚਾਰ ਤੇ ਪਾਬੰਦੀ ਲਗਾ ਦਿੱਤੀ। ਉਸਨੂੰ ਇਸ ਗੱਲ ਦੀ ਈਰਖਾ ਸੀ ਕਿ ਮੁਸਲਮਾਨ ਵੀ ਸਿੱਖ ਧਰਮ ਵਿਚ ਜਾ ਰਹੇ ਹਨ। ਉਸਨੇ ਹਿੰਦੂਆਂ ਦੇ ਮੰਦਰ ਢਾਹ ਕੇ ਮਸਜਿਦਾਂ ਬਣਾ ਲਈਆਂ। ਦੂਸਰੇ ਧਰਮਾਂ ਦੇ ਨਵੇਂ ਅਸਥਾਨ ਬਣਾਉਣ ਦੀ ਮਨਾਹੀ ਕਰ ਦਿੱਤੀ। ਸਿੱਖ ਧਰਮ ਦੀ ਡੱਬੀ ਬਜ਼ਾਰ ਲਾਹੌਰ ਵਿਚ ਬਣੀ ਬਾਉਲੀ ਨੂੰ ਪੂਰ ਦਿੱਤਾ। ਲੰਗਰ ਦੀ ਥਾਂ ਮਸੀਤ ਬਣਾ ਲਈ। ਸਿੱਖਾਂ ਦਾ ਰੋਹ ਜਾਗਣਾ ਕੁਦਰਤੀ ਸੀ। ਮੁਗਲ ਹਕੂਮਤ ਵੀ ਸਿੱਖਾਂ ਨਾਲ ਜੰਗ ਦਾ ਬਹਾਨਾ ਲੱਭ ਰਹੀ ਸੀ।

ਜੰਗ ਉਦੋਂ ਸ਼ੁਰੂ ਹੋਈ ਕਿ ਸਿੱਖਾਂ ਦਾ ਜਥਾ ਸ਼ਿਕਾਰ ਖੇਡਦਾ ਉਸ ਅਸਥਾਨ ਤੇ ਪੁੱਜ ਗਿਆ, ਜਿੱਥੇ ਬਾਦਸ਼ਾਹ ਸ਼ਾਹਜਹਾਨ ਵੀ ਸ਼ਿਕਾਰ ਖੇਡ ਰਿਹਾ ਸੀ। ਸ਼ਾਹੀ ਬਾਜ਼ ਸਿੱਖਾਂ ਦੇ ਜਥੇ ਵਿਚ ਆ ਗਿਆ। ਬਾਦਸ਼ਾਹ ਦੀ ਸ਼ਿਕਾਰੀ ਟੋਲੀ ਬੜੇ ਰੋਅਬ ਨਾਲ ਸ਼ਾਹੀ ਸ਼ਹਿ ਤੇ ਬਾਜ਼ ਵਾਪਸ ਮੰਗਣ ਆਈ। ਸਿੱਖਾਂ ਨੇ ਕਿਹਾ ਕਿ ਬਾਜ਼ ਆਪ ਆਇਆ ਹੈ ਜੋ ਮੋੜਨਾ ਨਹੀਂ ਬਣਦਾ। ਨਾਲੇ ਅਸੀਂ ਤੁਹਾਨੂੰ ਜਾਣਦੇ ਨਹੀਂ ਕਿ ਇਹ ਬਾਜ਼ ਤੁਹਾਡਾ ਹੈ। ਬਾਦਸ਼ਾਹ ਦੇ ਸ਼ਿਕਾਰੀ ਟੋਲੇ ਨੇ ਇਸ ਬਾਰੇ ਲਾਹੌਰ ਦੇ ਗਵਰਨਰ ਕੁਲੀਜ਼ ਖਾਨ ਕੋਲ ਜਾ ਕੇ ਸ਼ਿਕਾਇਤ ਕੀਤੀ। ਉਸਨੇ ਬਹਾਨੇ ਨਾਲ ਸਿੱਖਾਂ ਨੂੰ ਖਤਮ ਕਰਨ ਲਈ 7 ਹਜ਼ਾਰ ਦੀ ਫੌਜ ਅੰਮ੍ਰਿਤਸਰ ਤੇ ਹਮਲਾ ਕਰਨ ਲਈ ਭੇਜ ਦਿੱਤੀ।

15 ਮਈ 1628 ਨੂੰ ਹਮਲੇ ਦੀ ਖਬਰ ਜਦੋਂ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਮਿਲੀ ਤਾਂ ਉਹਨਾਂ ਨੇ ਸਿੱਖਾਂ ਨੂੰ ਟਾਕਰਾ ਕਰਨ ਲਈ ਕਿਹਾ। ਤਿੰਨ ਦਿਨਾਂ ਬਾਅਦ ਗੁਰੂ ਜੀ ਦੀ ਸਪੁੱਤਰੀ ਬੀਬੀ ਵੀਰੋ ਦਾ ਵਿਆਹ ਅੰਮ੍ਰਿਤਸਰ ਵਿਖੇ ਹੋਣਾ ਤੈਅ ਸੀ ਗੁਰੂ ਜੀ ਨੇ ਵਿਆਹ ਦੀ ਜਗ੍ਹਾ ਝਬਾਲ ਤੈਅ ਕਰਕੇ ਪਰਿਵਾਰ ਨੂੰ ਉਥੇ ਭੇਜ ਦਿੱਤਾ।

ਸਿੱਖ ਮੁਗਲਾਂ ਦੀ ਇਹ ਪਹਿਲੀ ਜੰਗ ਪਿਪਲੀ ਸਾਹਿਬ ਹੁਣ ਖਾਲਸਾ ਕਾਲਜ ਅੰਮ੍ਰਿਤਸਰ ਦੇ ਸਥਾਨ ਤੇ ਹੋਈ। ਦੋਹਾਂ ਪਾਸਿਆਂ ਤੋਂ ਯੋਧਿਆਂ ਨੇ ਜੰਗੀ ਜੌਹਰ ਦਿਖਾਏ। ਸਿੱਖ ਯੋਧੇ ਆਪਣੀ ਜਾਨ ਦੀ ਪਰਵਾਹ ਨਾ ਕਰਦੇ ਹੋਏ ਅਣਖ ਤੇ ਆਜ਼ਾਦੀ ਲਈ ਡਟ ਗਏ। ਇਕ ਖੋਖਲੀ ਲੱਕੜ ਦੀ ਬਣੀ ਤੋਪ ਦੀ ਵਰਤੋਂ ਕੀਤੀ ਗਈ। ਜੋ ਖੇਮਕਰਨ ਦੇ ਮੋਹਰੀ ਕਾਰੀਗਰ ਨੇ ਬਣਾਈ ਸੀ। ਦੁਸ਼ਮਣ ਵੱਲੋਂ ਮੁਖਲਿਸ ਖਾਂ ਬੜੇ ਜੋਸ਼ ਨਾਲ ਮੈਦਾਨ ਪੁੱਜਾ, ਉਸਨੂੰ ਸ਼ਾਹੀ ਫੌਜ ਤੇ ਬੜਾ ਮਾਣ ਸੀ। ਸਿੱਖਾਂ ਵੱਲੋਂ ਜੰਗ ਦੀ ਕਮਾਨ ਗੁਰੂ ਜੀ ਨੇ ਖੁਦ ਸੰਭਾਲ ਲਈ ਉਹਨਾਂ ਦਾ ਸਾਥ ਦੇ ਰਹੇ ਸਨ ਸੂਰਬੀਰ ਯੋਧੇ ਭਾਈ ਬਿਧੀ ਸਿੰਘ, ਭਾਈ ਜੇਠਾ, ਪੈਂਦੇ ਖਾਂ ਆਦਿ।

ਪਹਿਲੇ ਦਿਨ ਦੀ ਜੰਗ ਮੁਕਾਬਲੇ ਦੀ ਸੀ। ਦੂਸਰੇ ਦਿਨ ਮੁਕਾਬਲਾ ਹੋਰ ਸਖਤ ਹੋ ਗਿਆ। ਤੀਸਰੇ ਦਿਨ ਵੱਡੇ ਪੱਧਰ ਤੇ ਕਤਲੇਆਮ ਹੋਇਆ, ਜਿਸ ਵਿਚ ਵੈਰੀ ਦਾ ਵੱਡਾ ਨੁਕਸਾਨ ਹੋਇਆ। ਮੈਕਾਲਿਫ ਅਨੁਸਾਰ ਇਹ ਜੰਗ ਅੰਮ੍ਰਿਤਸਰ ਤੋਂ ਚਾਰ ਮੀਲ ਦੱਖਣ ਦੇ ਘੇਰੇ ਵਿਚ ਹੋਈ। ਜਿੱਤ ਦੀ ਯਾਦਗਾਰ ਵਿਚ ਗੁਰਦੁਆਰਾ ਸੰਗਰਾਣਾ ਸਾਹਿਬ ਹੈ।

ਫੈਸਲਾਕੁੰਨ ਜੰਗ ਵਿਚ ਮੁਗਲ ਸੈਨਾ ਦੀ ਗਿਣਤੀ ਕਿਤੇ ਵੱਧ ਸੀ। ਅੰਤ ਵਿਚ ਗੁਰੂ ਜੀ ਦੇ ਖੰਡੇ ਨਾਲ ਮੁਖਲਿਸ ਖਾਂ ਟੋਟੇ-ਟੋਟੇ ਹੋ ਗਿਆ। ਉਸਦੇ ਮਰਦਿਆਂ ਹੀ ਉਸਦੀ ਫੌਜ ਜੰਗ ਦੇ ਮੈਦਾਨ ਵਿਚੋਂ ਭੱਜ ਗਈ। ਮੁਗਲ ਫੌਜ ਨੇ ਸ਼ਹਿਰ ਨੂੰ ਲੁੱਟ ਲਿਆ। ਜੰਗ ਖਤਮ ਹੋਣ ਤੇ ਗੁਰੂ ਜੀ ਝਬਾਲ ਗਏ, ਜਿੱਥੇ ਬੀਬੀ ਵੀਰੋ ਜੀ ਦਾ ਵਿਆਹ ਚੌਧਰੀ ਭਾਈ ਲੰਗਾਹ ਦੇ ਘਰ ਹੋਇਆ। ਇਹ ਸਿੱਖ ਮੁਗਲਾਂ ਦੀ ਪਹਿਲੀ ਜੰਗ ਵਜੋਂ ਇਤਿਹਾਸ ਵਿਚ ਦਰਜ ਹੋਈ ਹੈ। ਸਿੱਖਾਂ ਦੀ ਅਸਾਵੀਂ ਫੌਜ ਤੇ ਜਿੱਤ ਹੋਈ।

## 20 ਅਕਤੂਬਰ ਬਰਸੀ 'ਤੇ

# ਅਣਖੀਲਾ ਸੂਰਮਾ- ਸ.ਜੱਸਾ ਸਿੰਘ ਆਹਲੂਵਾਲੀਆ

ਜਦੋਂ ਜਗਤ ਗੁਰੂ ਨੇ ਨਿਰਮਲ ਪੰਥ ਦੀ ਨੀਂਹ ਰੱਖੀ ਤਾਂ ਇਸ ਪੰਥ ਵਿਚ ਪ੍ਰਵੇਸ਼ ਕਰਨ ਲਈ ਇੱਕ ਲਾਜ਼ਮੀ ਸ਼ਰਤ ਵੀ ਲਗਾ ਦਿੱਤੀ।ਇਸ ਸ਼ਰਤ ਦੇ ਮੁਤਾਬਿਕ:-

ਜਉ ਤਉ ਪ੍ਰੇਮ ਖੇਲਣ ਕਾ ਚਾਉ ॥ ਸਿਰੁ ਧਰਿ ਤਲੀ ਗਲੀ ਮੇਰੀ ਆਉ ॥
ਇਤੁ ਮਾਰਗਿ ਪੈਰੁ ਧਰੀਜੈ ॥ ਸਿਰੁ ਦੀਜੈ ਕਾਣਿ ਨ ਕੀਜੈ ॥

ਭਾਵ ਇਸ ਨਿਰਮਲ ਪੰਥ ਦਾ ਭਾਗੀਦਾਰ ਬਣਨ ਲਈ ਆਪਣਾ ਤਨ ਅਤੇ ਮਨ ਪੂਰਨ ਰੂਪ ਵਿਚ ਗੁਰੂ/ਸਿਧਾਂਤ ਨੂੰ ਸਮਰਪਿਤ ਕਰਨ ਲਈ ਕਹਿ ਦਿੱਤਾ। ਸਿੱਖੀ ਪਰਮੇਸ਼ਰ ਨੂੰ ਹਾਜ਼ਰ-ਨਾਜ਼ਰ ਜਾਣ ਕੇ ਸਵੇਰੇ-ਸ਼ਾਮ ਸਰਬਤ ਦਾ ਭਲਾ ਲੋਚਦੀ ਹੈ।ਇਸ ਲੋਚਾ ਮੁਤਾਬਿਕ ਪੂਰੇ/ਖਰੇ ਉਤਰਨ ਦੀ ਆਸ ਇੱਕ ਸਮਰਪਿਤ ਸਿੱਖ/ਸ਼ਰਧਾਲੂ ਕੋਲੋਂ ਹੀ ਕੀਤੀ ਜਾ ਸਕਦੀ ਹੈ।ਸੇਵਾ,ਸਿਮਰਨ ਅਤੇ ਪਰਉਪਕਾਰੀ ਜੀਵਨ ਸਿੱਖ ਫ਼ਲਸਫ਼ੇ ਦਾ ਅਹਿਮ ਹਿੱਸਾ ਹਨ।ਇਸ ਫ਼ਲਸਫ਼ੇ ਦੇ ਪ੍ਰਚਾਰ ਅਤੇ ਪ੍ਰਸਾਰ ਹਿੱਤ ਗੁਰੂ ਸਾਹਿਬਾਨ ਅਤੇ ਉਨ੍ਹਾਂ ਦੇ ਸਿੱਖਾਂ ਨੇ ਆਪਣਾ ਭਰਪੂਰ ਯੋਗਦਾਨ ਪਾਇਆ ਹੈ।ਇਸ ਯੋਗਦਾਨ ਵਿਚ ਮਹਾਨ ਕੁਰਬਾ-ਨੀਆਂ/ਸ਼ਹੀਦੀਆਂ ਵੀ ਹੋਈਆਂ ਹਨ ਜਿਹੜੀਆਂ ਸਮੇਂ-ਸਮੇਂ ਗੁਰੂ ਸਾਹਿਬਾਨ ਅਤੇ ਉਨ੍ਹਾਂ ਦੇ ਪਿਆਰੇ ਸਿੱਖਾਂ ਵੱਲੋਂ ਕੀਤੀਆਂ/ਦਿੱਤੀਆਂ ਗਈਆਂ ਹਨ। ਗੁਰੂ ਸਾਹਿਬ ਵੱਲੋਂ ਪਾਈ ਵੰਗਾਰ (ਸੀਸ ਤਲੀ 'ਤੇ ਧਰਨ) ਦੇ ਹੁੰਗਾਰੇ ਵਜੋਂ ਬਹੁਤ ਸਾਰੇ ਸਿੱਖ ਤਲਵਾਰ ਦੀ ਧਾਰ 'ਤੇ ਤੁਰ ਕੇ ਸਿੱਖ ਇਤਿਹਾਸ ਨੂੰ ਅਮੀਰ ਬਣਾਉਂਦੇ ਰਹੇ ਹਨ।ਇਨ੍ਹਾਂ ਪ੍ਰਮੁੱਖ ਸਿੱਖਾਂ ਵਿਚ ਹੀ ਸ਼ਾਮਿਲ ਹੈ 'ਸੁਲਤਾਨ-ਉੱਲ-ਕੌਮ' ਸ.ਜੱਸਾ ਸਿੰਘ ਆਹਲੂਵਾਲੀਏ ਦਾ ਨਾਮ।

ਸੰਤ-ਸਿਪਾਹੀ ਬਿਰਤੀ ਦੇ ਧਨੀ ਸ.ਜੱਸਾ ਸਿੰਘ ਆਹਲੂਵਾਲੀਏ ਦਾ ਜਨਮ 3 ਮਈ 1718 ਈ ਨੂੰ ਸ.ਬਦਰ ਸਿੰਘ ਅਤੇ ਮਾਤਾ ਜੀਵਨ ਕੌਰ (ਕੁੱਝ ਕੁ ਇਤਿਹਾਸਕਾਰਾਂ ਮੁਤਾ-ਬਿਕ ਮਾਤਾ ਦਾ ਨਾਮ ਗੁਜਰੀ ਹੈ) ਦੇ ਗ੍ਰਹਿ ਵਿਖੇ ਪਿੰਡ ਆਹਲੂ ਜ਼ਿਲ੍ਹਾ ਲਾਹੌਰ ਵਿਖੇ ਹੋਇਆ। ਇਸ ਪਰਿਵਾਰ ਦੇ ਵਡੇਰੇ ਸ.ਬਦਰ ਸਿੰਘ ਅਤੇ ਦੇਵਾ ਸਿੰਘ (ਦਾਦਾ) ਗੁਰੂ ਘਰ ਦੇ ਪ੍ਰਤੀ ਅਥਾਹ ਸ਼ਰਧਾ ਰੱਖਦੇ ਸਨ। ਜੱਸਾ ਸਿੰਘ ਦੀ ਮਾਤਾ ਵੀ ਸਿੱਖੀ ਸਰੂਪ ਵਿਚ ਪ੍ਰਪੱਕ ਅਤੇ ਨਿੱਤਨੇਮ ਵਾਲੀ ਔਰਤ ਸੀ। ਸ਼ਬਦ ਚੌਂਕੀ ਲਗਾਉਣਾ ਅਤੇ ਗੁਰਬਾਣੀ ਦਾ ਕੀਰਤਨ ਕਰਨਾ ਉਸ ਦੇ ਨਿੱਤਨੇਮ ਵਿਚ ਸ਼ਾਮਿਲ ਸੀ।

ਜਦੋਂ ਜੱਸਾ ਸਿੰਘ ਅਜੇ ਚਾਰ ਕੁ ਸਾਲ ਦਾ ਹੀ ਹੋਇਆ ਸੀ ਕਿ ਪਿਤਾ ਸ.ਬਦਰ ਸਿੰਘ ਚੜ੍ਹਾਈ ਕਰ ਗਿਆ। ਯਤੀਮ ਹੋਏ ਬਾਲਕ ਲਈ ਹੁਣ ਕੇਵਲ ਮਾਤਾ ਦਾ ਹੀ ਸਹਾਰਾ ਰਹਿ ਗਿਆ ਸੀ।ਮਾਂ ਦੇ ਸਹਾਰੇ ਦੇ ਨਾਲ-ਨਾਲ ਗੁਰਬਾਣੀ ਦਾ ਓਟ-ਆਸਰਾ ਵੀ ਉਸ ਦੇ ਜੀਵਨ ਦਾ ਆਧਾਰ ਬਣਨ ਲੱਗਾ।

ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਦੇ ਸੱਚਖੰਡ ਪਿਆਨਾ ਕਰ ਜਾਣ ਤੋਂ ਬਾਅਦ ਖਾਲਸਾ-ਪੰਥ ਦੀ ਅਗਵਾਈ ਮਾਤਾ ਸੁੰਦਰੀ ਜੀ ਕਰ ਰਹੇ ਸਨ।ਇੱਕ ਦਿਨ ਬਾਲਕ ਜੱਸਾ ਸਿੰਘ ਆਪਣੀ ਮਾਤਾ ਅਤੇ ਮਾਮਾ ਸ.ਬਾਘ ਸਿੰਘ ਨਾਲ ਮਾਤਾ ਸੁੰਦਰੀ ਜੀ ਕੋਲੋਂ ਅਸ਼ੀਰਵਾਦ ਲੈਣ ਲਈ ਗਏ।ਮਾਤਾ ਜੀ ਉਸ ਦੇ ਰਸਭਿੰਨੇ ਕੀਰਤਨ ਤੋਂ ਏਨੇ ਪ੍ਰਭਾਵਿਤ ਹੋਏ ਕਿ ਉਨ੍ਹਾਂ ਨੇ ਉਸ ਨੂੰ ਆਪਣੇ ਕੋਲ ਹੀ ਰੱਖ ਲਿਆ ਅਤੇ ਪੁੱਤਾਂ ਵਾਂਗ ਪਿਆਰ ਕਰਨ ਲੱਗੇ।ਮਾਤਾ ਸੁੰਦਰੀ ਜੀ ਦੀ ਸੰਗਤ ਕਰਕੇ ਬਾਲਕ ਜੱਸਾ ਸਿੰਘ ਨੇ ਕਈ ਧਾਰਮਿਕ ਅਤੇ ਇਤਿਹਾਸਕ ਪੁਸਤਕਾਂ ਪੜ੍ਹੀਆਂ ਜਿਹੜੀਆਂ ਉਸ ਨੂੰ ਸਿੱਖੀ ਦੇ ਦੌ ਥੰਮਾਂ ਸੇਵਾ ਅਤੇ ਸਿਮਰਨ ਨਾਲ ਜੋੜਨ ਵਿਚ ਸਹਾਈ ਸਾਬਤ ਹੋਈਆਂ।



ਰਮੇਸ਼ ਬੱਗਾ ਚੋਹਲਾ
91-94631-32719

ਸੱਤ ਸਾਲ ਦਿੱਲੀ ਵਿਖੇ ਰਹਿਣ ਤੋਂ ਬਾਅਦ ਸ.ਜੱਸਾ ਸਿੰਘ ਅਹਲੂਵਾਲੀਆ ਜਲੰਧਰ ਵਿਖੇ ਆਪਣੇ ਮਾਮਾ ਬਾਘ ਸਿੰਘ ਹੱਲੋ-ਵਾਲੀਆ ਕੋਲ ਆ ਗਿਆ। ਆਪਣੀ ਭੈਣ ਅਤੇ ਭਾਣਜੇ ਨੂੰ ਨਾਲ ਲੈ ਕੇ ਮਾਮਾ ਜੀ ਇੱਕ ਦਿਨ ਨਵਾਬ ਕਪੂਰ ਸਿੰਘ ਨੂੰ ਮਿਲਣ ਲਈ ਕਰਤਾਰਪੁਰ ਸਾਹਿਬ ਵਿਖੇ ਪਹੁੰਚ ਗਏ।ਨਵਾਬ ਸਾਹਿਬ ਮਾਂ-ਪੁੱਤ ਦੇ ਕੀਰਤਨ ਤੋਂ ਬਹੁਤ ਪ੍ਰਭਾਵਿਤ ਹੋਏ ਅਤੇ ਜੱਸਾ ਸਿੰਘ ਨੂੰ ਪੱਕੇ ਤੌਰ 'ਤੇ ਆਪਣੇ ਕੋਲ ਰੱਖਣ ਲਈ ਕਹਿਣ ਲੱਗੇ। ਮਾਮਾ ਬਾਘ ਸਿੰਘ ਜੀ ਪੰਥ ਦੀ ਸਿਰਮੌਰ ਸਖਸ਼ੀਅਤ ਦਾ ਕਿਹਾ ਨਾ ਮੋੜ ਸਕੇ।ਨਵਾਬ ਸਾਹਿਬ ਦੀ ਆਪਣੀ ਸੰਤਾਨ ਨਾ ਹੋਣ ਕਰਕੇ ਉਹ ਜੱਸਾ ਸਿੰਘ ਨੂੰ ਆਪਣੇ ਪੁੱਤਰ ਵਾਂਗ ਹੀ ਪਿਆਰਨ ਅਤੇ ਦੁਲਾਰਨ ਲੱਗੇ।

ਨਵਾਬ ਕਪੂਰ ਸਿੰਘ ਨੇ ਸ. ਜੱਸਾ ਸਿੰਘ ਦੇ ਨਿਖਰੇ (ਰਹਿਤ-ਬਹਿਤ ਵਾਲੇ) ਜੀਵਨ ਨੂੰ ਦੇਖ ਕੇ ਉਸ ਨੂੰ (ਪੰਜਾਂ ਪਿਆਰਿਆਂ ਕੋਲੋਂ) ਖੰਡੇ-ਬਾਟੇ ਦੀ ਪਹੁਲ ਛਕਾ ਦਿੱਤੀ। ਪਹੁਲ ਛੱਕਣ ਤੋਂ ਬਾਅਦ ਸ. ਜੱਸਾ ਸਿੰਘ ਤਨੋਂ-ਮਨੋਂ ਗੁਰੂ ਘਰ ਨੂੰ ਸਮਰਪਿਤ ਹੋ ਗਿਆ।ਖਾਲਸੇ ਦੇ ਦੀਵਾਨਾਂ ਵਿਚ ਸਵੇਰੇ-ਸ਼ਾਮ ਸੰਗਤ ਦੀ ਸੇਵਾ (ਪੱਖਾ ਝੱਲ ਕੇ), ਗੁਰਬਾਣੀ ਦੇ ਪਾਠ ਅਤੇ ਸ਼ਬਦ-ਕੀਰਤਨ ਵਿਚ ਵੱਧ ਚੜ੍ਹਕੇ ਭਾਗ ਲੈਣ ਲੱਗਾ।ਗੁਰੂ-ਘਰ ਪ੍ਰਤੀ ਸੁੱਚੀ ਲੱਗਨ ਨੂੰ ਦੇਖ ਕੇ ਨਾਨਕ ਨਾਮ-ਲੇਵਾ ਸੰਗਤ ਵੀ ਉਸ ਨੂੰ ਰੱਜਵਾਂ ਪਿਆਰ ਤੇ ਸਤਿਕਾਰ ਦੇਣ ਲੱਗੀ।

ਨਵਾਬ ਸਾਹਿਬ ਦੀ ਅਗਵਾਈ ਹੇਠ ਜੱਸਾ ਸਿੰਘ ਨੇ ਘੋੜ-ਸਵਾਰੀ,ਨੇਜਾਬਾਜ਼ੀ,ਤੀਰ ਅੰਦਾਜ਼ੀ ਅਤੇ ਤੇਗ ਚਲਾਉਣੀ ਬਾ ਖੂਬੀ ਸਿੱਖ ਲਈ।ਇਸ ਸਿਖਲਾਈ ਤੋਂ ਬਾਅਦ ਉਹ ਯੁੱਧ-ਕਲਾ ਵਿਚ ਕਾਫ਼ੀ ਨਿ-ਪੁੰਨ ਹੋ ਗਿਆ। ਛੋਟੀ ਉਮਰੇ ਦਿੱਲੀ ਵਿਖੇ ਰਹਿਣ ਕਰਕੇ ਸ.ਜੱਸਾ ਸਿੰਘ ਆਹਲੂਵਾਲੀਏ ਦੀ ਬੋਲ-ਬਾਣੀ ਵਿਚ ਹਿੰਦੀ ਅਤੇ ਉਰਦੂ ਦੇ ਕੁੱਝ ਲਫ਼ਜ਼ਾਂ ਦੀ ਰਲਾਵਟ ਹੋ ਗਈ ਸੀ,ਜਿਸ ਕਰਕੇ ਨਾਲ ਦੇ ਸਿੰਘ ਉਸ ਨੂੰ 'ਹਮਕੋ-ਤੁਮਕੋ' ਕਹਿ ਕੇ ਮਖੌਲ ਕਰਦੇ ਸਨ। ਇੱਕ ਦਿਨ ਜੱਸਾ ਸਿੰਘ ਇਸ ਮਖੌਲ ਦਾ ਬੁਰਾ ਮਨਾ ਗਿਆ ਅਤੇ ਨਵਾਬ ਸਾਹਿਬ ਕੋਲ ਸ਼ਿਕਾਇਤ ਕਰ ਦਿੱਤੀ। ਨਵਾਬ ਕਪੂਰ ਸਿੰਘ ਨੇ ਜੱਸਾ ਸਿੰਘ ਨੂੰ ਪਿਆਰ ਨਾਲ ਸਮਝਾਇਆ ਕਿ ਉਹਿਹ ਕਲਗੀਧਰ ਦਾ ਖਾਲਸਾ ਹੈ,ਜੇ ਇਹ ਮੇਰੇ ਵਰਗੇ (ਘੋੜਿਆਂ ਦੀ ਲਿੱਦ ਚੁੱਕਣ ਵਾਲੇ) ਨੂੰ ਨਵਾਬੀ ਬਖ਼ਸ਼ ਸਕਦਾ ਹੈ ਤਾਂ ਕੀ ਪਤਾ ਕੱਲ੍ਹ ਨੂੰ ਤੇਰੇ ਵਰਗੇ ਦਾਣਾ-ਫੱਕਾ ਵੰਡਣ ਵਾਲੇ ਨੂੰ ਬਾਦਸ਼ਾਹ/ਪਾਤਸ਼ਾਹ ਹੀ ਬਣਾ ਦੇਵੇ।"

ਨਵਾਬ ਸਾਹਿਬ ਦੀ ਕੀਤੀ ਹੋਈ ਇਹ ਭਵਿੱਖਬਾਣੀ ਸੌ ਪ੍ਰਤੀਸ਼ਤ ਸੱਚ ਸਾਬਤ ਹੋਈ ਜਦੋਂ 1762 ਈ. ਵਿਚ ਖਾਲਸਾ ਪੰਥ ਨੇ ਸ.ਜੱਸਾ ਸਿੰਘ ਆਹਲੂਵਾਲੀਆ ਨੂੰ ਸੁਲਤਾਨ-ਉਲ-ਕੌਮ ਦੇ ਲਕਬ ਨਾਲ ਨਿਵਾਜ਼ ਦਿੱਤਾ।

ਹੁਣ ਜਿਵੇਂ-ਜਿਵੇਂ ਸ. ਜੱਸਾ ਸਿੰਘ ਆਹਲੂਵਾਲੀਆ ਆਪਣੀ ਹਯਾਤੀ ਦਾ ਸਫ਼ਰ ਤਹਿ ਕਰਦਾ ਜਾ ਰਿਹਾ ਸੀ, ਤਿਵੇਂ-ਤਿਵੇਂ ਆਪਣੀ ਫ਼ਰਜ਼ਾਂ ਪ੍ਰਤੀ ਵੀ ਸੁਚੇਤ ਹੋਈ ਜਾ ਰਿਹਾ ਸੀ।ਇੱਕ ਰਾਤ ਬਹੁਤ ਤੇਜ਼ ਬਾਰਸ਼ ਹੋ ਰਹੀ ਸੀ।ਨਵਾਬ ਕਪੂਰ ਸਿੰਘ ਨੇ ਕਈ ਵਾਰ ਆਵਾਜ਼ ਦਿੱਤੀ, 'ਪਹਿਰੇ 'ਤੇ ਕੌਣ ਹੈ,ਹਾਜ਼ਰ ਹੋਵੇ?' ਜਵਾਬ ਵਿਚ ਹਰ ਵਾਰੀ ਸ.ਜੱਸਾ ਸਿੰਘ 'ਆਇਆ ਜੀ' ਕਹਿ ਕੇ ਹਾਜ਼ਰ ਹੋ ਜਾਂਦਾ। ਉਸ ਦੀ ਇਸ ਵਫ਼ਾਦਾਰੀ ਨੂੰ ਦੇਖ ਕੇ ਨਵਾਬ ਸਾਹਿਬ ਨੇ ਉਸ ਨੂੰ ਆਪਣਾ ਅਹਿਲਕਾਰ ਬਣਾ ਲਿਆ। 20 ਕੁ ਸਾਲ ਦੀ ਉਮਰ ਵਿਚ ਸ.ਜੱਸਾ ਸਿੰਘ ਆਹਲੂਵਾਲੀਏ ਨੇ ਨਵਾਬ ਕਪੂਰ ਸਿੰਘ ਦੀ ਅਗਵਾਈ ਵਿਚ ਨਾਦਰਸ਼ਾਹ ਦੀ ਫ਼ੌਜ ਨੂੰ ਅਜਿਹਾ ਸਬਕ ਸਿਖਾਇਆ ਕਿ ਉਹ ਜ਼ਕਰੀਆ ਖ਼ਾਨ ਨੂੰ ਇਹ ਕਹਿਣ ਲਈ ਮਜ਼ਬੂਰ ਹੋ ਗਿਆ ਕਿ ਉਅਜਿਹੇ ਲੋਕਾਂ (ਖ਼ਾਲਸਾ ਪੰਥ) ਤੋਂ ਡਰਨਾ ਚਾਹੀਦਾ ਹੈ,ਉਹ ਸਮਾਂ ਦੂਰ ਨਹੀਂ ਜਦੋਂ ਇਸ ਮੁਲਕ ਦੀ ਮਲਕੀਅਤ ਇਨ੍ਹਾਂ ਲੋਕਾਂ ਦੇ ਹੱਥ ਹੋਵੇਗੀ।" ਸ.ਜੱਸਾ ਸਿੰਘ ਆਹਲੂਵਾਲੀਏ ਦੇ ਵਿਅਕਤੀਤੱਵ ਦਾ ਇੱਕ ਉੱਭਰਵਾਂ ਪੱਖ ਇਹ ਵੀ ਰਿਹਾ ਹੈ ਕਿ ਉਸ ਨੇ ਸਾਰੀ ਉਮਰ ਕੀਤੇ ਜੰਗਾਂ-ਯੁੱਧਾਂ ਵਿਚ ਨੈਤਿਕਤਾ ਦਾ ਪੱਲਾ ਕਦੇ ਨਹੀਂ ਛੱਡਿਆ।ਇਸ ਦੀ ਇੱਕ ਉਦਾਹਰਣ ਪਾਣੀਪਤ ਦੀ ਤੀਸਰੀ ਲੜਾਈ ਤੋਂ ਬਾਅਦ ਅਹਿਮਦਸ਼ਾਹ ਅਬਦਾਲੀ ਦੇ ਕਬਜ਼ੇ ਵਿਚੋਂ 2200 ਹਿੰਦੂ ਲੜਕੀਆਂ ਨੂੰ ਛੁਡਾ ਕੇ ਬਾਇੱਜ਼ਤ ਅਤੇ ਸਹੀ ਸਲਾਮਤ ਉਨ੍ਹਾਂ ਦੇ ਘਰੋ-ਘਰੀਂ ਪਹੁੰਚਾਉਣਾ ਹੈ। ਜਦੋਂ ਅਬਦਾਲੀ ਦਾ ਜਰਨੈਲ ਜਹਾਨ ਖ਼ਾਨ ਸਿਆਲਕੋਟ ਦੀ ਜੰਗ ਹਾਰ ਗਿਆ ਤਾਂ ਉਸ ਦੀ ਪਿਆਰੀ ਬੇਗਮ ਅਤੇ ਉਸ ਦੀਆਂ ਕੁੱਝ ਨਜ਼ਦੀਕੀ ਔਰਤਾਂ ਖ਼ਾਲਸੇ ਦੇ ਘੇਰੇ ਵਿਚ ਆ ਗਈਆਂ। ਆਹਲੂਵਾਲੀਏ ਸਰਦਾਰ ਨੇ ਉਨ੍ਹਾਂ ਪਰਾਈਆਂ ਇਸਤਰੀਆਂ ਨੂੰ ਵੀ ਬਣਦਾ ਮਾਣ-ਸਤਿਕਾਰ ਦਿੱਤਾ ਅਤੇ ਸੁਰੱਖਿਅਤ ਥਾਂਵਾਂ ਉਪਰ ਪਹੁੰਚਾਇਆ। 20 ਅਕਤੂਬਰ ਸੰਨ 1783 ਨੂੰ ਸ.ਜੱਸਾ ਸਿੰਘ ਆਹਲੂਵਾਲੀਆ ਖ਼ਾਲਸਾ ਪੰਥ ਵੱਲੋਂ ਅੰਮ੍ਰਿਤਸਰ ਵਿਚ ਮਨਾਈ ਜਾਣ ਵਾਲੀ ਦੀਵਾਲੀ ਵਿਚ ਸ਼ਿਰਕਤ ਕਰਨ ਲਈ ਆ ਰਿਹਾ ਸੀ।ਰਸਤੇ ਵਿਚ ਉਸ ਨੇ ਇੱਕ ਹਦਵਾਣਾ ਖਾ ਲਿਆ। ਹਦਵਾਣਾ ਖਾਣ ਤੋਂ ਬਾਅਦ ਉਸ ਦੇ ਪੇਟ ਵਿਚ ਤਿੱਖਾ ਦਰਦ ਹੋਣਾ ਸ਼ੁਰੂ ਹੋ ਗਿਆ, ਜੋ ਉਸ ਲਈ ਜਾਨ ਲੇਵਾ ਸਾਬਤ ਹੋਇਆ।ਉਸ ਦਾ ਅੰਤਿਮ ਸਸਕਾਰ (ਉਸ ਦੀ ਆਖਰੀ ਇੱਛਾ ਮੁਤਾਬਿਕ) ਬਾਬਾ ਅਟੱਲ ਰਾਇ ਦੇ ਸਥਾਨ 'ਤੇ ਨਵਾਬ ਕਪੂਰ ਸਿੰਘ ਦੀ ਯਾਦਗਾਰ ਦੇ ਨਾਲ ਹੀ ਕਰ ਦਿੱਤਾ ਗਿਆ।

ਅਖੀਰ ਵਿਚ ਇਹ ਕਿਹਾ ਜਾ ਸਕਦਾ ਹੈ ਸ.ਜੱਸਾ ਸਿੰਘ ਆਹਲੂਵਾਲੀਆ 18ਵੀਂ ਸਦੀ ਦਾ ਉਹ ਮਹਾਨ ਸਿੱਖ ਜਰਨੈਲ ਹੋਇਆ ਹੈ ਜਿਹੜਾ ਸਿੱਖੀ ਦੀ ਆਨ ਅਤੇ ਸ਼ਾਨ ਨੂੰ ਵਧਾਉਣ ਲਈ ਸੀਸ ਤਲੀ 'ਤੇ ਧਰ ਕੇ ਮੈਦਾਨ-ਏ-ਜੰਗ ਵਿਚ ਜੂਝਦਾ ਰਿਹਾ ਹੈ। ਉਸ ਦੀ ਇਸ ਜੁਝਾਰੂ ਅਤੇ ਪਰਉਪਕਾਰੂ ਬਿਰਤੀ ਨੇ ਜਿੱਥੇ ਸਿੱਖ ਇਤਿਹਾਸ ਦੇ ਮਾਣ ਨੂੰ ਵਧਾਇਆ ਹੈ,ਉਥੇ ਵਾਲੀਆ ਭਾਈਚਾਰੇ ਦਾ ਸਿਰ ਵੀ ਉਚਿਆਇਆ ਹੈ।

## 20 ਅਕਤੂਬਰ ਪ੍ਰਕਾਸ਼ ਦਿਵਸ ਤੇ ਵਿਸ਼ੇਸ਼

# ਕਾਵਿ ਦੇ ਮੋਢੀ ,ਰਮਾਇਣ ਰਚੇਤਾ ਗੁਰੂ-ਮਹਾਂਰਿਸ਼ੀ ਵਾਲਮੀਕ ਜੀ



ਇੰਜੀ. ਸਤਨਾਮ ਸਿੰਘ ਮੱਟੂ
91-97797-08257

ਭਾਰਤ ਦੀ ਧਰਤੀ ਨੂੰ ਵੀ ਇਹ ਸ਼ੁਭ ਮਾਣ ਪ੍ਰਾਪਤ ਹੈ ਕਿ ਇਸ ਧਰਤੀ ਤੇ ਚਾਰ ਵੇਦਾਂ ਸਮੇਤ ਰਮਾਇਣ, ਮਹਾਂਭਾਰਤ ਅਤੇ ਭਗਵਦ ਗੀਤਾ ਦੀ ਸਿਰਜਣਾ ਹੋਈ ਹੈ। ਇਹਨਾਂ ਚੋਂ ਮਹਾਨ ਰਮਾਇਣ ਦਾ ਸਿਰਜਣਹਾਰ ਮਹਾਂਰਿਸ਼ੀ ਵਾਲਮੀਕ ਜੀ ਹਨ ਅਤੇ ਮਹਾਂਭਾਰਤ ਦੀ ਰਚਨਾ ਵੇਦ ਵਿਆਸ ਜੀ ਨੇ ਇਸੇ ਨੂੰ ਆਧਾਰ ਬਣਾਕੇ ਕੀਤੀ ਸੀ।ਮਹਾਂਰਿਸ਼ੀ ਵਾਲਮੀਕ ਜੀ ਨੇ ਰਮਾਇਣ ਦੀ ਰਚਨਾ ਕਰਦਿਆਂ ਸੰਸਕ੍ਰਿਤ ਭਾਸ਼ਾ ਨੂੰ ਕਾਵਿ ਰੂਪ ਪੇਸ਼ ਕੀਤਾ ਸੀ,ਇਸੇ ਕਰਕੇ ਸੰਸਕ੍ਰਿਤ ਸਾਹਿਤ ਵਿੱਚ ਉਚਾਰੀ ਰਮਾਇਣ ਇੱਕ ਮਹਾਨ "ਆਦਿ ਕਾਵਿ" ਹੈ। ਰਮਾਇਣ ਦੀ ਰਚਨਾ ਸੰਸਕ੍ਰਿਤ ਭਾਸ਼ਾ ਚ ਹੋਈ ਹੋਣ ਕਾਰਣ ਮਹਾਂਰਿਸ਼ੀ ਬਾਲਮੀਕ ਜੀ ਨੂੰ ਸੰਸਕ੍ਰਿਤ ਭਾਸ਼ਾ ਦੇ ਜਨਮ ਦਾਤਾ ਮੰਨਿਆ ਜਾਂਦਾ ਹੈ।

ਮਹਾਂਰਿਸ਼ੀ ਵਾਲਮੀਕ ਜੀ ਦਾ ਪੁਰਾਣਾਂ ਮੁਤਾਬਿਕ ਪੂਰਾ ਨਾਮ "ਰਤਨਾਕਰ ਪ੍ਰਚੇਤਾ ਵਾਲਮੀਕੀ" ਸੀ।ਭਾਵੇਂ ਉਹਨਾਂ ਦੇ ਜਨਮ ਸੰਬੰਧੀ ਇਤਿਹਾਸਕਾਰਾਂ ਚ ਮੱਤਭੇਦ ਹਨ, ਉਂਝ ਉਹਨਾਂ ਦਾ ਜਨਮ ਅੱਸੂ ਮਹੀਨੇ ਸਰਦ ਪੂਰਨਮਾਸ਼ੀ ਨੂੰ ਹੋਇਆ ਮੰਨਿਆ ਜਾਂਦਾ ਹੈ। ਇਸ ਤਰ੍ਹਾ ਹਰ ਸਾਲ ਮਹਾਨ ਤਵੱਸਵੀ,ਵਿਦਵਾਨ, ਧਰਮ ਦੇ ਗਿਆਤਾ, ਸੰਸਕ੍ਰਿਤ ਦੇ ਮੋਢੀ, ਮਹਾਂਕਵੀ, ਰਮਾਇਣ ਦੇ ਸਿਰਜਕ ਮਹਾਂਰਿਸ਼ੀ ਬਾਲਮੀਕ ਦਾ ਜਨਮ ਅੱਸੂ ਦੀ ਪੂਰਨਮਾਸ਼ੀ ਨੂੰ ਸ਼ਰਧਾ ਅਤੇ ਧੂਮਧਾਮ ਨਾਲ ਮਨਾਇਆ ਜਾਂਦਾ ਹੈ। ਰਮਾਇਣ ਤੋਂ ਪਹਿਲਾਂ ਸ਼ਾਇਦ ਹੀ ਕਿਸੇ ਗ੍ਰੰਥ ਦੀ ਰਚਨਾ ਸੰਸਕ੍ਰਿਤ ਅਤੇ ਕਾਵਿ ਰੂਪ 'ਚ ਹੋਈ ਹੋਵੇ।ਇਸ ਬਾਲਮੀਕੀ ਭਾਈਚਾਰੇ ਦੇ ਗੁਰੂ,ਸਰਬ ਗਿਆਤਾ, ਤੇਜਸਵੀ ਦੇ ਜਨਮ ਸਥਾਨ ਬਾਰੇ ਇਤਿਹਾਸਕ ਪੁਸ਼ਟੀ ਨਹੀਂ ਮਿਲਦੀ,ਪਰ ਉਹਨਾਂ ਬੁਦੇਲਖੰਡ ਦੀਆਂ ਚਿਤ੍ਰਕੂਟ ਪਹਾੜੀਆਂ ਚ ਭਗਤੀ ਸਥਾਨ ਮੰਨਿਆ ਜਾਂਦਾ ਹੈ। ਮਹਾਂਰਿਸ਼ੀ ਵਾਲਮੀਕ ਚ ਤ੍ਰੇਤੇ ਯੁੱਗ ਦੇ ਸਰਵਸ਼੍ਰੇਸ਼ਟ ਅਤੇ ਭਗਵਾਨੀ ਦਿੱਬ ਦ੍ਰਿਸ਼ਟੀ ਵਾਲੇ ਮਹਾਨ ਰਿਸ਼ੀ ਹੋਏ ਹਨ। ਉਹਨਾਂ ਦੇ ਜੀਵਣ ਸੰਬੰਧੀ ਜਾਣਕਾਰੀ ਉਹਨਾਂ ਦੁਆਰਾ ਰਚਿਤ ਗ੍ਰੰਥ "ਰਮਾਇਣ" ਚੋਂ ਮਿਲਦੀ ਹੈ। ਰਮਾਇਣ ਦੇ ਉੱਤਰ ਕਾਂਡ ਸਲੋਕ 24 ਅਧਿਆਇ 19 ਮੁਤਾਬਿਕ ਮਹਾਂਰਿਸ਼ੀ ਬਾਲਮੀਕ ਜੀ ਨੇ ਫੁਰਮਾਇਆ ਹੈ:-

"ਪ੍ਰਚੇਤੇ ਸੋਹੰ ਦਸਮ ਪੁਤਰ ਰਾਘਵ ਨੰਦਨ।
ਨਾ ਸਿੰਗਰਾਮ ਯੰਤ੍ਰ ਵਾਕ ਮਮੋਤੇ ਤਵ ਪੁਤਰੋ॥

ਇਸ ਸਲੋਕ ਮੁਤਾਬਿਕ ਉਹ ਪ੍ਰਚੇਤਾ ਜੀ ਦੇ ਦਸਵੇਂ ਪੁੱਤਰ ਅਤੇ ਮਾਤਾ ਦਾ ਨਾਮ ਚਰਸ਼ਨੀ ਜੀ ਹੈ। ਕੁੱਝ ਵਿਦਵਾਨ ਇਹ ਸੁਝਾਅ ਦਿੰਦੇ ਹਨ ਕਿ ਪ੍ਰਚੇਤਾ ਜੀ ਰਤਨਾਪੁਰੀ (ਮੁਲਤਾਨ)



ਦੇ ਰਾਜਾ ਸਨ।

ਮਹਾਰਿਸ਼ੀ ਵੇਦ ਵਿਆਸ ਨੇ 'ਸਕੰਦ ਪੁਰਾਣ' ਮਹਾਰਿਸ਼ੀ ਵਾਲਮੀਕ ਦੀ ਜੀਵਨੀ ਦਾ ਵਰਣਨ ਕਰਦਿਆਂ ਉਹਨਾਂ ਨੂੰ ਪੁਰਾਣੇ ਗੁਰੂ ਅਤੇ ਇਸ ਜੀਵ ਬ੍ਰਹਿਮੰਡ ਦੇ ਗੁਰੂ ਮੰਨਿਆ ਹੈ। ਉਹ ਭਗਤੀ ਵਿੱਚ ਇਤਨੇ ਲੀਨ ਹੋਏ ਕਿ ਉਹਨਾਂ ਪ੍ਰਮਾਤਮਾ ਨਾਲ ਲਿਵ ਲੱਗ ਗਈ ਸੀ। ਉੱਥੋਂ ਜੰਗਲ ਚੋਂ ਗੁਜਰਦੇ ਸਾਧੂਆਂ ਦੀ ਟੋਲੀ ਨੇ ਉਹਨਾਂ ਨੂੰ ਵਰਮੀ ਚੋਂ ਕੱਢ ਕੇ ਉਜਾਗਰ ਕੀਤਾ ਸੀ।ਉਹਨਾਂ ਉਸ ਵੇਲੇ ਇਸ ਧਰਤੀ ਤੇ ਪ੍ਰਕਾਸ਼ ਧਾਰਿਆ, ਜਦੋਂ ਹਿੰਦੂਵਾਦੀ ਤਾਕਤਾਂ ਦੇ ਜ਼ੋਰ ਗਰੀਬਾਂ, ਸੂਦਰਾਂ ਮਰਜੀਵੜਿਆਂ ਤੇ ਧਰਮ ਦੇ ਨਾਂ ਜ਼ੁਲਮ ਅਤੇ ਵਿਤਕਰੇ ਭਰਿਆ ਵਿਵਹਾਰ ਕੀਤਾ ਜਾਂਦਾ ਸੀ।ਹਰ ਪਾਸੇ ਕੂੜ ਪ੍ਰਧਾਨ ਅਤੇ ਅੱਤਿਆਚਾਰ ਦਾ ਬੋਲਬਾਲਾ ਸੀ।ਉਹਨਾਂ ਰਮਾਇਣ ਦੀ ਸਿਰਜਣਾ ਕਰਕੇ ਇੱਕ ਨਵੇਂ ਅਧਿਆਏ ਦੀ ਸ਼ੁਰੂਆਤ ਕੀਤੀ।

"ਰਘੁਕੁਲ ਰੀਤ ਸਦਾ ਚਲੀ ਆਈ,
ਪ੍ਰਾਣ ਜਾਇ ਪਰ ਬਚਨ ਨਾ ਜਾਈ।" ਨੂੰ ਆਧਾਰ ਬਣਾ ਕੇ ਜ਼ਿੰਦਗੀ ਜਿਉਣ ਲਈ ਪ੍ਰੇਰਿਤ ਕੀਤਾ। ਇੱਕ ਆਮ ਵਿਆਕਤੀ ਦੇ ਮਿਹਣਾ ਮਾਰਣ ਤੇ ਰਾਮ ਵੱਲੋਂ ਸੀਤਾ ਨੂੰ ਘਰੋਂ ਕੱਢ ਦੇਣ ਤੇ ਉਸਨੂੰ ਆਪਣੀ ਗਰੀਬ ਅਤੇ ਭਗਤੀ ਵਾਲੀ ਕੁਟੀਆ ਚ ਨਿਵਾਸ ਦੇ ਕੇ ਇਸਤਰੀ ਜਾਤੀ ਦੀ ਇੱਜ਼ਤ ਆਬਰੂ ਨੂੰ ਬਰਕਰਾਰੀ ਦਾ ਸੰਦੇਸ਼ ਦਿੱਤਾ। ਉਹਨਾਂ ਦੁਆਰਾ ਰਚਿਤ ਰਮਾਇਣ ਦੇ ਅਧਿਐਨ ਨਾਲ ਧਰਮ, ਕਰਮ, ਸੰਸਕ੍ਰਿਤੀ, ਪਿਆਰ, ਸੰਯੋਗ, ਵਿਯੋਗ, ਯੋਗ, ਪਤੀ-ਪਤਨੀ, ਮਾਤਾ-ਪਿਤਾ,ਪਰਿਵਾਰਕ ਅਤੇ ਸਮਾਜਿਕ ਰਿਸ਼ਤਿਆਂ, ਧਾਰਮਿਕ ਅਤੇ ਰਾਜਨੀਤਕ ਰਣਨੀਤੀਆਂ ਦੀ ਸੂਝ ਬੂਝ ਲਈ ਜਾ ਸਕਦੀ ਹੈ। ਇਸ ਦੇ ਡੂੰਘਾਈ ਨਾਲ ਕੀਤੇ ਅਧਿਐਨ ਨਾਲ ਮਾਨਵਤਾਵਾਦੀ, ਗੁਰੂ-ਚੇਲਾ, ਸੇਵਾ ਭਾਵਨਾ, ਤਿਆਗ ਦੀ ਭਾਵਨਾ ਅਤੇ ਮਿੱਤਰਤਾ ਦੀ ਆਧਾਰਸ਼ਿਲਾ ਨੂੰ ਪ੍ਰਫੁਲਿਤ ਕਰਨ ਦੀ ਸ਼ਕਤੀ ਪ੍ਰਦਾਨ ਹੁੰਦੀ ਹੈ। ਜਗਤ ਗੁਰੂ, ਮਹਾਂਪੁਰਖ ਗਿਆਨੀ ਮਹਾਂਰਿਸ਼ੀ ਬਾਲਮੀਕ ਮਨੁੱਖੀ ਜੀਵਣ ਦਾ ਕਲਿਆਣ ਕਰਨ, ਦੀਨ ਦੁਖੀਆਂ ਦੇ ਦੁੱਖ ਹਰਣ, ਸੱਤਿਅਮ ਸ਼ਿਵਮ ਸੁੰਦਰਮ ਆਦਿ ਦਾ ਸੰਦੇਸ਼ ਦੇਣ ਇਸ ਧਰਤੀ ਤੇ ਆਏ ਸਨ।ਉਹਨਾਂ ਦੀ ਕਰੜੀ ਅਤੇ ਘੋਰ ਤਪੱਸਿਆ ਕਾਰਨ ਹੀ ਉਹਨਾਂ ਨੂੰ ਰਿੱਧੀਆਂ ਸਿੱਧੀਆਂ ਅਤੇ ਪ੍ਰਮਾਤਮਾ ਦਾ ਗਿਆਨ ਹੋਇਆ ਸੀ।ਬਾਲਮੀਕ ਜੀ ਨੂੰ ਹਿੰਦੁਸਤਾਨ ਦੇ ਪਹਿਲੇ ਮਹਾਂਰਿਸ਼ੀ ਹੋਣ ਦਾ ਮਾਣ ਪ੍ਰਾਪਤ ਹੈ। ਇੱਕ ਦਿਨ ਉਹ ਤਮਸਾ ਨਦੀ ਵੱਲ ਸੰਘਣੇ ਚੋਂ ਗੁਜਰ ਰਹੇ ਸਨ।ਸ਼ਿਕਾਰੀ ਦੇ ਤੀਰ ਨਾਲ ਨਰ ਪੰਛੀ ਦੇ ਮੁਰਛਤ ਹੋਣ ਤੇ ਮਾਦਾ ਪੰਛੀ ਦੀ ਦਰਦਨਾਕ ਆਵਾਜ਼ ਨੇ ਉਹਨਾਂ ਦੇ ਦਿਲ ਨੂੰ ਵਲੂੰਧਰ ਦਿੱਤਾ।ਉਹਨਾਂ ਆਪਣੇ ਕੋਮਲ ਵਲੂੰਧਰੇ ਮਨ ਦੇ ਸ਼ਬਦਾਂ ਨਾਲ ਸ਼ਿਕ-ਾਰੀ ਨੂੰ ਜੋ ਸਰਾਪ ਦਿੱਤਾ, ਉਹ ਸ਼ਬਦ ਸੰਸਕ੍ਰਿਤ ਦਾ ਪਹਿਲਾ ਸਲੋਕ ਬਣੇ ਸਨ।ਮਿੱਥ ਮੁਤਾਬਿਕ ਬ੍ਰਹਮਾ ਦੇਵਤਾ ਦੀ ਪ੍ਰੇਰਨਾ ਸਦਕਾ ਨਾਰਦ ਮੁਨੀ ਦੇ ਕਹਿਣ ਤੇ ਉਹਨਾਂ ਅਯੁੱਧਿਆ ਦੇ ਰਾਜਾ ਰਾਮ ਚੰਦਰ ਦਾ ਜੀਵਨ ਬਿਰਤਾਂਤ ਲਿਖਿਆ ,ਜਿਸਨੂੰ "ਰਮਾਇਣ " ਦਾ ਨਾਮ ਦਿੱਤਾ ਗਿਆ।ਤ੍ਰੈਕਾਲ ਦਰਸ਼ੀ ਮਹਾਰਿਸ਼ੀ ਨੇ ਆਪਣੀ ਦੂਰਦ੍ਰਿਸ਼ਟੀ ਨਾਲ ਸਾਰੀਆਂ ਘਟਨਾਵਾਂ ਨੂੰ ਵਾਚ ਕੇ ਹੂਬਹੂ ਪੇਸ਼ ਕੀਤਾ ਹੈ। ਮਹਾਂਰਿਸ਼ੀ ਬਾਲਮੀਕ ਵਿੱਚ ਭਗਵਾਨ ਵਾਲੀਆਂ ਸਾਰੀਆਂ ਖੂਬੀਆਂ ਸਨ।ਇਸੇ ਕਰਕੇ ਉਹਨਾਂ ਨੂੰ ਭਗਵਾਨ ਬਾਲਮੀਕ ਦੀ ਸੰਗਿਆ ਵੀ ਦਿੱਤੀ ਜਾਂਦੀ ਹੈ।ਭਗਵਾਨ ਬਾਲਮੀਕੀ ਰਮਾਇਣ ਤੋਂ ਸਾਰੇ ਵਿਸ਼ਵ ਨੂੰ ਸਮਾਜਿਕ, ਰਾਜਨੀਤਕ, ਵਿਗਿਆਨਕ, ਧਾਰਮਿਕ ਦ੍ਰਿਸ਼ਟੀਕੋਣ ਤੋਂ ਵਡ-ਮੁੱਲੀ ਸੇਧ ਮਿਲਦੀ ਹੈ।

20 ਅਕਤੂਬਰ ਨੂੰ ਉਹਨਾਂ ਦਾ ਜਨਮ ਦਿਵਸ ਬਾਲਮੀਕੀ ਭਾਈਚਾਰੇ ਵੱਲੋਂ ਸ਼ਰਧਾ ਤੇ ਧੂਮਧਾਮ ਨਾਲ ਮਨਾਇਆ ਜਾ ਰਿਹਾ ਹੈ। ਆਓ ਉਹਨਾਂ ਦੀ ਸਿੱਖਿਆਵਾਂ ਨੂੰ ਜੀਵਨ ਚ ਧਾਰਨ ਕਰਕੇ ਸੁਚੱਜਾ, ਸਵੱਛ, ਸਮਾਜਿਕ ਕਦਰਾਂ ਕੀਮਤਾਂ ਭਰਪੂਰ ਇਨਸਾਨੀਅਤ ਭਰਿਆ ਜੀਵਣ ਜਿਉਣ ਦਾ ਪ੍ਰਣ ਕਰੀਏ।



## 22 ਅਕਤੂਬਰ, 2021 ਨੂੰ ਭਾਖੜਾ ਡੈਮ ਦੇ ਸਥਾਪਨਾ ਦਿਵਸ ਸਬੰਧੀ ਵਿਸ਼ੇਸ਼

# ਭਾਰਤ ਦਾ ਦੂਜਾ ਵੱਡਾ ਡੈਮ ਹੈ ਜੋ ਸਿੰਚਾਈ ਲਈ ਪਾਣੀ, ਉਦਯੋਗਾਂ, ਟਿਊਬਵੈੱਲਾਂ ਨੂੰ ਚਲਾਉਣ ਲਈ ਅਤੇ ਘਰਾਂ ਨੂੰ ਰੁਸ਼ਨਾਉਣ ਲਈ ਬਿਜਲੀ ਪ੍ਰਦਾਨ ਕਰਦਾ ਹੈ



ਕੁਲਦੀਪ ਚੰਦ
91-9417563054

ਭਾਰਤ ਦੇਸ਼ ਦਾ ਗੌਰਵ ਮੰਨੇ ਜਾਂਦੇ ਅਤੇ ਉਤਰੀ ਭਾਰਤ ਦੇ ਵਿਕਾਸ ਦੀ ਰੀੜ੍ਹ ਦੀ ਹੱਡੀ ਭਾਖੜਾ ਬੰਨ ਭਾਰਤ ਦਾ ਪ੍ਰਭਾਵਸ਼ਾਲੀ ਅਤੇ ਦੂਜਾ ਵੱਡਾ ਡੈਮ ਹੈ ਜੋ ਸਿੰਚਾਈ ਲਈ ਪਾਣੀ, ਉਦਯੋਗਾਂ, ਟਿਊਬਵੈੱਲਾਂ ਨੂੰ ਚਲਾਉਣ ਲਈ ਅਤੇ ਘਰਾਂ ਨੂੰ ਰੁਸ਼ਨਾਉਣ ਲਈ ਬਿਜਲੀ ਪ੍ਰਦਾਨ ਕਰਦਾ ਹੈ। ਇਹ ਇੱਕ ਟੂਰਿਸਟ ਸਥਾਨ ਵੀ ਬਣਦਾ ਜਾ ਰਿਹਾ ਹੈ ਜਿੱਥੇ ਅੰਦਾਜਨ ਪੰਜ ਲੱਖ ਟੂਰਿਸਟ ਹਰ ਸਾਲ ਇਸਨੂੰ ਵੇਖਣ ਲਈ ਪਹੁੰਚਦੇ ਹਨ। ਪਿਛਲੇ ਕਈ ਸਾਲਾਂ ਤੋਂ ਸੁਰੱਖਿਆ ਕਾਰਨਾਂ ਕਰਕੇ ਡੈਮ ਦੇ ਅੰਦਰ ਜਾਣ ਦੀ ਮਨਾਹੀ ਹੈ ਅਤੇ ਇੱਥੇ ਜਾਣ ਲਈ ਸਵੇਰੇ 8 ਵਜੇ ਤੋਂ ਲੈਕੇ ਦੁਪਿਹਰ 3 ਵਜੇ ਤੱਕ ਹੀ ਸਥਾਨਕ ਲੋਕ ਸੰਪਰਕ ਵਿਭਾਗ ਤੋਂ ਪਾਸ ਬਣਦੇ ਹਨ। ਇਸ ਪ੍ਰੋਜੈਕਟ ਨੂੰ ਬਣਾਉਣ ਦਾ ਖਿਆਲ ਬੇਸ਼ੱਕ ਅਜ਼ਾਦੀ ਤੋਂ ਪਹਿਲਾਂ ਹੀ ਆਇਆ ਸੀ ਪਰੰਤੂ ਇਸ ਪ੍ਰੋਜੈਕਟ ਦਾ ਨਿਰਮਾਣ ਅਜ਼ਾਦੀ ਤੋਂ ਬਾਦ ਹੀ ਸ਼ੁਰੂ ਹੋਇਆ ਸੀ। ਮੌਜੂਦਾ ਹਿਮਾਚਲ ਪ੍ਰਦੇਸ਼ ਦੇ ਬਿਲਾਸਪੁਰ ਜਿਲ੍ਹੇ ਵਿੱਚ ਸਥਿਤ ਭਾਖੜ੍ਹਾ ਡੈਮ ਪ੍ਰੋਜੈਕਟ ਨੂੰ ਬਣਾਉਣ ਦਾ ਵਿਚਾਰ ਸਭ ਤੋਂ ਪਹਿਲਾਂ ਸਰ ਲੂਈਸ ਡੈਨੇ ਦੁਆਰਾ 8 ਨਵੰਬਰ, 1908 ਨੂੰ ਦਿਤਾ ਗਿਆ ਸੀ ਅਤੇ ਇਸ ਸਬੰਧੀ ਵਿਸਥਾਰ ਰਿਪੋਰਟ ਮਾਰਚ 1919 ਵਿੱਚ ਪੇਸ਼ ਕੀਤੀ ਗਈ। 1920 ਤੋਂ ਲੈਕੇ 1938 ਤੱਕ ਇਸ ਸਬੰਧੀ ਵੱਖ ਵੱਖ ਤਰਾਂ ਦੇ ਸਰਵੇਖਣ ਹੋਏ ਅਤੇ 1939 ਤੋਂ 1942 ਤੱਕ ਇਸ ਪ੍ਰੋਜੈਕਟ ਸਬੰਧੀ ਰਿਪੋਰਟਾਂ ਤਿਆਰ ਕੀਤੀਆਂ ਗਈਆਂ। ਸ਼ੁਰੂ ਵਿੱਚ ਇਸ ਪ੍ਰੋਜੈਕਟ ਦਾ ਉਦੇਸ਼ ਸਿਰਫ ਸਿੰਚਾਈ ਲਈ ਪਾਣੀ ਇਕੱਠਾ ਕਰਨਾ ਸੀ ਅਤੇ ਇਸ ਪ੍ਰੋਜੈਕਟ ਵਿੱਚ ਭਾਖੜਾ ਬੰਨ, ਅਪਰ ਸਰਹਿੰਦ ਨਹਿਰ, ਹੇਠਲੀ ਸਰਹਿੰਦ ਨਹਿਰ ਅਤੇ ਪੱਛਮੀ ਯਮੁਨਾ ਨਹਿਰ ਦਾ ਵਿਸਥਾਰ ਸ਼ਾਮਿਲ ਸਨ। ਉਸ ਵੇਲੇ ਪ੍ਰਸਤਾਵਿਤ ਭਾਖੜਾ ਬੰਨ ਦੀ ਉਚਾਈ 395 ਫੁੱਟ ਹੋਣੀ ਸੀ ਅਤੇ ਵੱਧ ਤੋਂ ਵੱਧ 2.58 ਮਿਲੀਅਨ ਏਕੜ ਫੁੱਟ ਪਾਣੀ ਭੰਡਾਰਨ ਦੀ ਵਿਵਸਥਾ ਹੋਣੀ ਸੀ। ਸਾਲ 1944 ਵਿੱਚ ਡਾਕਟਰ ਜੇ. ਐਲ. ਸੈਵੇਜ ਜੋ ਅਮਰੀਕਾ ਦੀ ਬਿਊਰੋ ਫਾਰ ਰੈਕਲੇਮੇਸ਼ਨ ਦਾ ਚੀਫ਼ ਇੰਜੀਨੀਅਰ ਸੀ ਨੇ 1600 ਫੁੱਟ ਉਚਾਈ ਤੱਕ ਪਾਣੀ ਭੰਡਾਰਣ ਦੀ ਸਮੱਰਥਾ ਵਾਲਾ ਡੈਮ ਬਣਾਉਣ ਦਾ ਸੁਝਾਅ ਦਿਤਾ। ਯੂ.ਐਸ.ਏ. ਦੀ ਅੰਤਰਰਾਸ਼ਟਰੀ ਡੈਨਵਰ ਨਾਂਅ ਦੀ ਕੰਪਨੀ ਨੇ ਇਹ ਉਚਾਈ 1580 ਫੁੱਟ ਰੱਖਣ ਦੀ ਤਜਵੀਜ਼ ਰੱਖੀ ਜਿਸਦਾ ਮੁੱਖ ਕਾਰਨ ਇਹ ਸੀ ਕਿ ਉਚਾਈ ਵਧਾਉਣ ਨਾਲ ਰਾਜਾ ਬਿਲਾਸਪੁਰ ਦੇ ਮਹਿਲ ਅਤੇ ਕੁਝ ਮੰਦਿਰ ਡੈਮ ਦੀ ਝੀਲ ਵਿੱਚ ਡੁਬਦੇ ਸਨ ਅਤੇ ਰਾਜਾ ਬਿਲਾਸਪੁਰ ਨੇ ਇਸ ਸਬੰਧੀ ਇਤਰਾਜ਼ ਕੀਤਾ ਸੀ। ਆਜ਼ਾਦੀ ਤੋਂ ਬਾਦ ਦੇਸ਼ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਦੇ ਇਸ ਮਾਮਲੇ ਵਿੱਚ ਨਿੱਜੀ ਤੌਰ ਤੇ ਦਖਲ ਦੇਣ ਤੋਂ ਬਾਦ ਬਿਲਾਸਪੁਰ ਦੇ ਰਾਜਾ ਨੇ ਆਪਣੇ ਇਤਰਾਜ਼ਾਂ ਨੂੰ ਵਾਪਸ ਲੈ ਲਿਆ ਅਤੇ ਡੈਮ ਦੇ ਪਾਣੀ ਦਾ ਵੱਧ ਤੋਂ ਵੱਧ ਪੱਧਰ 1680 ਫੁੱਟ ਤੱਕ ਰੱਖਿਆ ਗਿਆ। 1948 ਤੋਂ 1951 ਦੌਰਾਨ ਇਸ ਪ੍ਰੋਜੈਕਟ ਨੂੰ ਪਾਸ ਕੀਤਾ ਗਿਆ। ਪੰਜਾਬ ਦੇ ਲੋਕ ਨਿਰਮਾਣ ਵਿਭਾਗ ਦੀ ਸਿੰਚਾਈ ਸ਼ਾਖਾ ਅਤੇ ਅੰਤਰ-ਰਾਸ਼ਟਰੀ ਕੰਪਨੀ ਆਈਐਨਸੀ ਯੂ ਐਸ ਏ ਵਿੱਚ 14 ਨਵੰਬਰ, 1948 ਨੂੰ ਹੋਏ ਸਮਝੋਤੇ ਅਨੁਸਾਰ ਇਸ ਪ੍ਰੋਜੈਕਟ ਸਬੰਧੀ ਦਸਤਾਵੇਜ਼ ਅਤੇ ਡਿਜਾਇਨ ਸਮੇਤ ਦਿਸ਼ਾ ਨਿਰਦੇਸ਼ ਕੰਪਨੀ ਨੂੰ ਸੋਂਪੇ ਗਏ। ਅਪ੍ਰੈਲ 1952 ਵਿੱਚ ਐਮ ਹਾਰਵੇ ਸਲੋਕਮ ਅਮਰੀਕਾ ਤੋਂ ਅਪਣੇ ਤਕਨੀਕੀ ਮਾਹਿਰਾਂ ਅਤੇ ਇੰਜਨੀਅਰਾਂ ਦੀ ਟੀਮ ਨਾਲ ਆਏ ਅਤੇ ਇਸ ਪ੍ਰੋਜੈਕਟ ਦਾ ਕੰਮ ਸ਼ੁਰੂ ਕਰਵਾਇਆ। ਇਸ ਪ੍ਰੋਜੈਕਟ ਦੇ ਨਿਰਿਖਣ ਅਤੇ ਪ੍ਰਗਤੀ ਸਬੰਧੀ ਭਾਖੜਾ ਨਿਯੰਤਰਣ ਬੋਰਡ ਦਾ ਗਠਨ ਕੀਤਾ ਗਿਆ ਜਿਸ ਵਿੱਚ ਕੇਂਦਰ ਸਰਕਾਰ, ਪੰਜਾਬ ਸਰਕਾਰ, ਰਾਜਸਥਾਨ ਅਤੇ ਪੈਪਸੂ ਦੇ ਪ੍ਰਤੀਨਿਧੀ ਸ਼ਾਮਿਲ ਸਨ। ਇਸ ਵਿੱਚ ਪੰਜਾਬ ਦੇ ਰਾਜਪਾਲ ਨੂੰ ਕਮੇਟੀ ਦਾ ਚੇਅਰਮੈਨ, ਭਾਰਤ ਸਰਕਾਰ ਦੇ ਵਿੱਤ ਮੰਤਰਾਲਿਆ ਦੇ ਸਕੱਤਰ ਨੂੰ ਉਪੱ ਚੇਅਰਮੈਨ, ਕੇਂਦਰੀ ਜਲ ਅਤੇ ਊਰਜਾ ਆਯੋਗ ਭਾਰਤ ਸਰਕਾਰ ਦੇ ਚੇਅਰਮੈਨ ਨੂੰ ਮੈਂਬਰ, ਵੱਖ ਵੱਖ ਰਾਜ ਸਰਕਾਰਾਂ ਦੇ ਸਿੰਚਾਈ ਵਿਭਾਗ ਦੇ ਸਕੱਤਰਾਂ ਅਤੇ ਊਰਜਾ ਵਿਭਾਗ ਦੇ ਇੰਚਾਰਜਾਂ ਨੂੰ ਵਿੱਤੀ ਮੈਂਬਰ, ਭਾਖੜਾ ਡੈਮ ਦੇ ਨਿਰਮਾਣ ਵਿੱਚ ਲੱਗੇ ਹੋਏ ਸਾਰੇ ਮੁੱਖ ਇੰਜਨੀਅਰਾਂ ਨੂੰ ਮੈਂਬਰ ਅਤੇ ਸੰਯੁਕਤ ਸਕੱਤਰ ਵਿੱਤ ਮੰਤਰਾਲਿਆ ਭਾਰਤ ਸਰਕਾਰ ਨੂੰ ਮੈਂਬਰ ਬਣਾਇਆ ਗਿਆ ਸੀ। 1952 ਵਿੱਚ ਡਾਕਟਰ ਏ ਐਨ ਖੋਸਲਾ ਦੀ ਚੇਅਰਮੈਨਸ਼ਿਪ ਅਧੀਨ ਬੋਰਡ



ਆਫ ਕਾਂਸਿਊਲੇਟਸ ਦੀ ਸਥਾਪਨਾ ਵੀ ਕੀਤੀ ਗਈ। 18 ਨਵੰਬਰ, 1955 ਨੂੰ ਪ੍ਰਧਾਨ ਮੰਤਰੀ ਪੰਡਤ ਜਵਾਹਰ ਲਾਲ ਨਹਿਰੂ ਨੇ ਕੰਕਰੀਟ ਦੀ ਪਹਿਲੀ ਟੋਕਰੀ ਪਾਕੇ ਇਸ ਪ੍ਰੋਜੈਕਟ ਦੇ ਨਿਰਮਾਣ ਕਾਰਜ ਦੀ ਸ਼ੁਰੂਆਤ ਕੀਤੀ। ਇਸ ਪ੍ਰੋਜੈਕਟ ਦੇ ਨਿਰਮਾਣ ਵਿੱਚ ਮੁੱਖ ਤੋਰ ਤੇ ਭਾਖੜ੍ਹਾ ਬੰਨ ਅਤੇ ਊਰਜਾ ਸੰਚਾਲਣ ਯੰਤਰ, ਨੰਗਲ ਬੰਨ, ਨੰਗਲ ਹਾਇਡਲ ਚੈਨਲ, ਗੰਗੂਵਾਲ ਅਤੇ ਕੋਟਲਾ ਪਾਵਰ ਹਾਊਸਿਜ਼, ਰੋਪੜ੍ਹ ਹੈਡ ਵਰਕਸ ਦਾ ਪੁਨਰ-ਨਿਰਮਾਣ, ਸਰਹੰਦ ਨਹਿਰ ਦਾ ਪੁਨਰ-ਨਿਰਮਾਣ, ਭਾਖੜ੍ਹਾ ਨਹਿਰ, ਬਿਸਤ-ਦੋਆਬ ਨਹਿਰ, ਬਿਜਲੀ ਦੀ ਪੈਦਾਵਰ ਅਤੇ ਵਿਤਰਣ ਪ੍ਰਣਾਲੀ, ਭਾਖੜ੍ਹਾ-ਨੰਗਲ ਖੇਤਰ ਦੀ ਮਾਰਕੀਟ ਅਤੇ ਸੰਚਾਰ ਦਾ ਵਿਕਾਸ ਆਦਿ ਯੂਨਿਟ ਸ਼ਾਮਲ ਸਨ। ਭਾਖੜਾ ਬੰਨ ਦੀ ਉਚਾਈ ਦਿੱਲੀ ਵਿੱਚ ਸਥਿਤ ਕੁਤਬ ਮੀਨਾਰ ਦੀ ਉਚਾਈ ਤੋਂ ਵੀ 3 ਗੁਣਾ ਵੱਧ ਹੈ। ਇਸ ਡੈਮ ਦੀ ਉਸਾਰੀ ਲਈ ਵੱਖ ਵੱਖ ਤਰਾਂ ਦੀ ਮਸ਼ੀਨਰੀ ਤੋਂ ਇਲਾਵਾ ਲੱਗਭੱਗ 13000 ਕਾਮੇ, 300 ਇੰਜੀਨੀਅਰ, 30 ਅਮਰੀਕਨ ਮਾਹਿਰ ਲਗਾਏ ਗਏ ਜਿਨ੍ਹਾਂ ਨੇ ਦਿਨ-ਰਾਤ ਕੰਮ ਕੀਤਾ। ਭਾਖੜਾ ਬੰਨ ਦੇ ਨਿਰਮਾਣ ਵਿੱਚ ਵਰਤੀ ਗਈ ਸੀਮੇਂਟ, ਕੰਕਰੀਟ ਦੀ ਮਾਤਰਾ ਧਰਤੀ ਦੇ ਭੂ-ਮੱਧ ਰੇਖਾ ਤੇ 2.44 ਮੀਟਰ ਚੋੜੀ ਸੜਕ ਬਣਾਉਣ ਵਿੱਚ ਸਮਰੱਥ ਸੀ। ਇਸਦੇ ਨਿਰਮਾਣ ਵਿੱਚ ਕੁੱਲ ਇੱਕ ਲੱਖ ਟਨ ਸਰੀਏ ਦਾ ਇਸਤੇਮਾਲ ਕੀਤਾ ਗਿਆ ਸੀ। ਇੰਜਨੀਅਰਾਂ ਦੀ ਤਕਨੀਕ ਦਾ ਹੀ ਕਮਾਲ ਹੈ ਕਿ ਭਾਖੜਾ ਬੰਨ ਵਿੱਚ ਲੱਚਕਤਾ ਰੱਖੀ ਗਈ ਹੈ ਜਿਸ ਨਾਲ ਪਾਣੀ ਦਾ ਪੱਧਰ 1680 ਫੁੱਟ ਪਹੁੰਚਣ ਤੇ ਭਾਖੜਾ ਬੰਨ 2 ਇੰਚ ਤੱਕ ਝੁਕਣ ਦੀ ਸਮਰੱਥਾ ਰੱਖਦਾ ਹੈ ਅਤੇ ਪਾਣੀ ਦਾ ਪੱਧਰ ਘੱਟਣ ਤੋਂ ਬਾਅਦ ਡੈਮ ਆਪਣੀ ਪਹਿਲਾਂ ਵਾਲੀ ਸਥਿਤੀ ਵਿੱਚ ਆ ਜਾਂਦਾ ਹੈ। ਸਾਬਕਾ ਪ੍ਰਧਾਨ ਮੰਤਰੀ ਪੰਡਤ ਜਵਾਹਰ ਲਾਲ ਨਹਿਰੂ ਨੇ ਇਸ ਪ੍ਰੋਜੈਕਟ ਦੇ ਨਿਰਮਾਣ ਦੌਰਾਨ 10 ਵਾਰ ਦੌਰਾ ਕੀਤਾ। ਵਰਣਨਯੋਗ ਹੈ ਕਿ ਉਨ੍ਹਾਂ ਨੇ ਇਸ ਪਰਿਯੋਜਨਾ ਦੀ ਸਾਈਟ ਤੇ ਹੀ ਪੰਚਸ਼ੀਲ ਸਮਝੋਤੇ ਤੇ ਚੀਨ ਦੇ ਪ੍ਰਧਾਨਮੰਤਰੀ ਚਾਓ ਇਨ ਲਾਈ ਦੇ ਨਾਲ ਗੱਲਬਾਤ ਕੀਤੀ ਸੀ। ਇਸ ਪ੍ਰੋਜੈਕਟ ਦਾ ਦੇਸ਼ ਦੇ ਮਹਿਮਾਨਾਂ ਤੋਂ ਇਲਾਵਾ ਬਹੁਤ ਸਾਰੇ ਵਿਦੇਸ਼ੀ ਮਹਿਮਾਨਾਂ ਜਿਵੇਂ ਕਿ ਮਿਸਰ ਦੇ ਰਾਸ਼ਟਰਪਤੀ ਕਰਨਲ ਨਾਸਰ, ਯੂਗੋਸਲਾਵੀਆ ਦੇ ਰਾਸ਼ਟਰਪਤੀ ਜੋਸਫ਼ ਟੀਟੋ, ਚੀਨ ਦੇ ਪ੍ਰਧਾਨ ਮੰਤਰੀ ਚੂਇਨ ਲਾਈ, ਉੱਤਰੀ ਵੀਅਤਨਾਮ ਦੇ ਰਾਸ਼ਟਰਪਤੀ ਹੋਚੀ ਮਿਨ, ਕਲੈਮੈਂਟ ਐਂਟਲੀ, ਇੰਗਲੈਂਡ ਦੇ ਪ੍ਰਧਾਨ ਮੰਤਰੀ, ਸੋਵੀਅਤ ਰੂਸ ਦੇ ਪ੍ਰਧਾਨ ਮੰਤਰੀ ਖੁਰਸ਼ਚੇਵ, ਸੋਵੀਅਤ ਰੂਸ ਦੇ ਪ੍ਰਿੰਸ ਫਿਲਪ ਡਯੂਕ ਆਫ਼ ਐਡਨਸਰਾ, ਬੋਧ ਗੁਰੂ ਦਲਾਈਲਾਮਾ, ਪੰਚਨਲਾਮਾ, ਈਰਾਨ ਦੇ ਬਾਦਸ਼ਾਹ ਰਜ਼ਾ ਸ਼ਾਹ ਪਹਿਲਵੀ ਆਦਿ ਇਸ ਡੈਮ ਦਾ ਦੌਰਾ ਕਰ ਚੁੱਕੇ ਹਨ। ਭਾਖੜਾ ਬੰਨ ਦੇ ਪਿੱਛੇ ਬਣੀ ਝੀਲ ਦਾ ਨਾਮ ਗੋਬਿੰਦ ਸਾਗਰ ਝੀਲ ਰੱਖਿਆ ਗਿਆ ਹੈ ਜੋਕਿ 96.56 ਕਿਲੀਮੀਟਰ ਲੰਬੀ ਹੈ ਅਤੇ 168.35 ਵਰਗ ਕਿਲੋਮੀਟਰ ਖੇਤਰ ਵਿੱਚ ਫੈਲੀ ਹੋਈ ਹੈ। ਸਤਲੁਜ ਦਰਿਆ ਦਾ ਕੁੱਲ ਕੈਚਮੈਂਟ ਏਰੀਆਂ 56980 ਵਰਗ ਕਿਲੋਮੀਟਰ ਹੈ ਜਿਸ ਵਿੱਚ 37050 ਵਰਗ ਕਿਲੋਮੀਟਰ ਖੇਤਰ ਤਿੱਬਤ ਅਤੇ ਬਾਕੀ 19930 ਵਰਗ ਕਿਲੋਮੀਟਰ ਭਾਰਤ ਵਿੱਚ ਹੈ। ਗਰਮੀਆਂ ਦੇ ਮੌਸਮ ਵਿੱਚ ਮਾਨ ਸਰੋਵਰ ਝੀਲ ਅਤੇ ਰਸਤੇ ਦੀ ਬਰਫ ਦਾ ਪਿਘਲਿਆ ਹੋਇਆ ਪਾਣੀ ਅਤੇ ਬਾਰਿਸ਼ ਦੀ ਰੁੱਤ ਵਿੱਚ ਕੈਚਮੈਂਟ ਏਰੀਆਂ ਤੋਂ ਆਉਣ ਵਾਲਾ ਵਰਖਾ ਦਾ ਪਾਣੀ ਬੰਨ ਵਿੱਚ ਇਕੱਠਾ ਕੀਤਾ ਜਾਂਦਾ ਹੈ। ਇਸ ਬੰਨ ਵਿੱਚ 50 ਤੋਂ 60 ਫੀਸਦੀ ਪਾਣੀ ਬਰਫ ਦੇ ਪਿਘਲਣ ਕਾਰਨ ਆਉਂਦਾ ਹੈ ਅਤੇ ਬਾਕੀ ਬਾਰਿਸ਼ ਤੋਂ। ਝੀਲ ਵਿੱਚ 1680 ਫੁੱਟ ਤੱਕ 93400 ਲੱਖ ਘਣਮੀਟਰ ਪਾਣੀ ਇਕੱਠਾ ਕੀਤਾ ਜਾਂਦਾ ਹੈ। ਇਸ ਝੀਲ ਤੋਂ ਪੰਜਾਬ, ਹਰਿਆਣਾ ਅਤੇ ਰਾਜਸਥਾਨ ਦੀ ਲੱਗਭੱਗ 65 ਲੱਖ ਹੈਕ-ਟੇਅਰ ਭੂਮੀ ਦੀ ਸਿੰਚਾਈ ਹੁੰਦੀ ਹੈ। ਭਾਖੜਾ ਬੰਨ ਤੋਂ ਪੰਜਾਬ, ਹਰਿਆਣਾ, ਪੱਛਮੀ ਰਾਜਸਥਾਨ, ਚੰਡੀਗੜ ਅਤੇ ਦਿੱਲੀ ਦੇ ਮੁੱਖ ਸ਼ਹਿਰਾਂ ਦੇ ਲਈ ਪੀਣ ਦੇ ਪਾਣੀ ਦੀ ਪੂਰਤੀ ਵੀ ਕੀਤੀ ਜਾਂਦੀ ਹੈ। ਭਾਖੜਾ ਡੈਮ ਤੋਂ ਬਾਦ ਨੰਗਲ ਡੈਮ ਬਣਾਇਆ ਗਿਆ ਜਿਸ ਵਿੱਚ ਭਾਖੜਾ ਡੈਮ ਤੋਂ ਆਣ ਵਾਲੇ ਪਾਣੀ ਨੂੰ ਰੋਕਕੇ ਅੱਗੇ ਵੱਖ ਵੱਖ ਨਹਿਰਾਂ ਵਿੱਚ ਛੱਡਿਆ ਜਾਂਦਾ ਹੈ। ਭਾਖੜਾ ਬੰਨ ਕਾਰਨ ਦੇਸ਼ ਵਿੱਚ ਹਰੀ ਕ੍ਰਾਂਤੀ ਦਾ ਸੁਪਨਾ ਸਾਕਾਰ ਹੋ ਸਕਿਆ ਹੈ। 283.90 ਕਰੋੜ ਰੁਪਏ ਦੀ ਲਾਗਤ ਨਾਲ ਸਾਲ 1962 ਵਿੱਚ ਬਣ ਕੇ ਤਿਆਰ ਹੋਇਆ ਭਾਖੜਾ ਬੰਨ ਉਸ ਵੇਲੇ ਏਸ਼ੀਆਂ ਵਿੱਚ ਸਭ ਤੋਂ ਉੱਚਾ ਅਤੇ ਵਿਸ਼ਵ ਵਿੱਚ ਦੂਜੇ ਨੰਬਰ ਤੇ ਸੀ। ਭਾਖੜਾ ਡੈਮ ਦੇ ਦੋਨੋਂ ਪਾਸੇ ਪਾਵਰ ਪਲਾਂਟ ਬਣਾਏ ਗਏ ਹਨ ਜਿੱਥੇ ਟਰਵਾਇਨਾਂ ਰਾਹੀਂ ਸਿਰਫ 20 ਪੈਸੇ ਪ੍ਰਤੀ ਯੂਨਿਟ ਦੀ ਲਾਗਤ ਨਾਲ ਬਿਜ਼ਲੀ ਪੈਦਾ ਕੀਤੀ ਜਾਂਦੀ ਹੈ ਅਤੇ ਦੇਸ਼ ਦੇ ਵੱਖ ਵੱਖ ਭਾਗਾਂ ਨੂੰ ਸਪਲਾਈ ਕੀਤੀ ਜਾਂਦੀ ਹੈ। ਪਿਛਲੇ ਕਈ ਸਾਲਾਂ ਤੋਂ ਭਾਖੜਾ ਬਿਆਸ ਪ੍ਰਬੰਧਕੀ ਬੋਰਡ ਦਾ ਬਿਜਲੀ ਉਦਪਾਦਨ ਕੇਂਦਰੀ ਬਿਜਲੀ ਅਥਾਰਟੀ (ਸੀਈਏ) ਦੁਆਰਾ ਨਿਰਧਾਰਤ ਟੀਚਿਆਂ ਤੋਂ ਲਗਾਤਾਰ ਵੱਧ ਰਿਹਾ ਹੈ। ਇਸਦਾ ਜਲ ਭੰਡਾਰਨ ਦੇਸ਼ ਦੇ ਸਭ ਤੋਂ ਵੱਡੇ ਜਲ ਭੰਡਾਰਾ ਵਿੱਚੋਂ ਇੱਕ ਹੈ। ਜਿਸਦੀ ਸਮਰੱਥਾ 9620 ਅਤੇ 8570 ਮਿਲੀਅਨ ਘਣਮੀਟਰ ਹੈ। ਅੱਜ ਦੇ ਦਿਨ 22 ਅਕਤੂਬਰ 1963 ਨੂੰ ਦੇਸ਼ ਦੇ ਪਹਿਲੇ ਪ੍ਰਧਾਨ ਮੰਤਰੀ ਸਵਰਗੀ ਜਵਾਹਰ ਲਾਲ ਨਹਿਰੂ ਨੇ ਇਸ ਡੈਮ ਨੂੰ ਰਾਸ਼ਟਰ ਨੂੰ ਸਮਰਪਿਤ ਕੀਤਾ ਅਤੇ ਇਸ ਬਾਰੇ ਕਿਹਾ ਕਿ ਭਾਖੜ੍ਹਾ ਨੰਗਲ ਪ੍ਰੋਜੈਕਟ ਕੁੱਝ ਹੈਰਾਨੀਜਨਕ ਹੈ, ਕੁੱਝ ਚਮਤਕਾਰੀ ਹੈ, ਕੁੱਝ ਅਜਿਹਾ ਹੈ ਜਿਸਨੂੰ ਵੇਖਕੇ ਤੁਹਾਡੇ ਦਿਲ ਵਿੱਚ ਤੁਫਾਨ ਉਠਦਾ ਹੈ। ਭਾਖੜ੍ਹਾ ਡੈਮ ਅਜਾਦ ਭਾਰਤ ਦਾ ਨਵਾਂ ਮੰਦਿਰ ਹੈ ਅਤੇ ਭਾਰਤ ਦੀ ਤਰੱਕੀ ਦਾ ਪ੍ਰਤੀਕ ਹੈ।

ਭਾਖੜਾ ਬੰਨ ਅਜ਼ਾਦੀ ਤੋਂ ਬਾਅਦ ਅਜਿਹਾ ਪ੍ਰੋਜੈਕਟ ਹੈ ਜਿਸਨੂੰ ਡਾਕ ਵਿਭਾਗ ਵਲੋਂ ਦੂਸਰੇ ਸਮਾਰਕ ਟਿਕਟ ਦੇਣ ਦਾ ਸਨਮਾਨ ਦਿੱਤਾ ਗਿਆ ਹੈ। ਅੱਜ ਹਰ ਸਾਲ ਵਾਂਗ ਬੀਬੀਐਮਬੀ ਅਧਿਕਾਰੀਆਂ ਵਲੋਂ ਭਾਖੜ੍ਹਾ ਸਥਾਪਨਾ ਦਿਵਸ ਮਨਾਇਆ ਜਾ ਰਿਹਾ ਹੈ ਪਰ ਸਰਕਾਰਾਂ ਦੀ ਲਾਪਰਵਾਹੀ ਅਤੇ ਕੁੱਝ ਅਧਿਕਾਰੀਆਂ ਦੇ ਭ੍ਰਿਸ਼ਟਾਚਾਰ ਕਾਰਨ ਇਸ ਡੈਮ ਦੀ ਤਰੱਕੀ ਲਈ ਲਈ ਕੋਈ ਠੋਸ ਯੋਜਨਾ ਲਾਗੂ ਨਹੀਂ ਹੋਈ ਹੈ ਅਤੇ ਇਸ ਡੈਮ ਕਾਰਨ ਵਸਿਆ ਨੰਗਲ ਸ਼ਹਿਰ ਉੱਜੜ ਰਿਹਾ ਹੈ। ਕੇਂਦਰ ਸਰਕਾਰ ਅਧੀਨ ਚੱਲ ਰਹੇ ਇਸ ਅਦਾਰੇ ਨੂੰ ਹੋਰ ਵਿਕਸਿਤ ਕਰਨ ਲਈ ਠੋਸ ਯੋਜਨਾਬਣਾਕੇ ਅਮਲੀ ਜਾਮਾ ਪਹਿਨਾਉਣ ਦੀ ਜਰੂਰਤ ਹੈ ਤਾਂ ਜੋ ਇਸ ਮਹੱਤਵਪੂਰਨ ਡੈਮ ਦੀ ਪਹਿਚਾਣ ਕਾਇਮ ਰਹਿ ਸਕੇ।

# ਸੰਘਰਸ਼ ਦਾ ਦੂਜਾ ਨਾਂ ਐ-ਸੁਨੀਤਾ ਰਾਣੀ ਮੋਗਾ



ਕੁੱਝ ਸ਼ਖ਼ਸੀਅਤਾਂ ਤਪਨੀ ਮਿੱਟੀ ਵਾਂਗ ਸਾਰੀ ਜ਼ਿੰਦਗੀ ਤਪਦੀਆਂ ਹਨ ਤੇ ਸੰਘਰਸ਼ ਈ ਉਹਨਾਂ ਦਾ ਜੀਵਨ ਬਣ ਜਾਦਾ ਐ ਜਾਂ ਇਉਂ ਕਹੋ ਕਿ ਉਹਨਾਂ ਦੀ ਜ਼ਿੰਦਗੀ ਹੀ ਇਕ ਸੰਘਰਸ਼ ਬਣ ਕੇ ਰਹਿ ਜਾਂਦੀ ਹੈ। ਅਜਿਹੀਆਂ ਸਖਸੀਅਤਾਂ ਵਿਚੋਂ ਇਕ ਸ਼ਖ਼ਸੀਅਤ ਹੈ- ਮੈਡਮ ਸੁਨੀਤਾ ਰਾਣੀ। ਉਹ 1987-88 'ਚ ਅਜੇ ਨੌਵੀਂ ਜਮਾਤ 'ਚ ਈ ਪੜ੍ਹਦੀ ਸੀ ਜਦੋਂ ਸਾਹਿਬ ਕਾਂਸ਼ੀ ਰਾਮ ਦੀ ਲਹਿਰ ਮਾਲਵੇ ਵਿਚ ਬੜੀ ਤੇਜ਼ੀ ਨਾਲ ਵਧ ਫੁੱਲ ਰਹੀ ਸੀ। ਸੁਲਹਾਣੀ ਪਰਵਾਰ ਰਾਹੀਂ ਬਾਬਾ ਸਾਹਿਬ ਦੀ ਸੁੱਚੀ ਮਾਨਵੀ ਵਿਚਾਰਧਾਰਾ ਨਾਲ ਨਾਤਾ ਜੁੜਨ ਤੋਂ ਬਾਅਦ ਫਿਰ ਉਹਨੇ ਪਿੱਛੇ ਮੁੜ ਕੇ ਨਹੀਂ ਦੇਖਿਆ। ਉਹ ਸਕੂਲ ਚੋਂ ਛੁੱਟੀ ਕਰਕੇ ਵੀ ਪਿੰਡਾਂ ਚ ਪਾਰਟੀ ਵਲੋਂ ਚਲਾਈ ਜਾਗ੍ਰਤੀ ਲਹਿਰ ਵਿਚ ਚਲੀ ਜਾਂਦੀ। ਪਲਸ ਟੂ ਪਾਸ ਕਰਕੇ ਉਹਨੇ ਆਪਣਾ ਆਪਾ ਲਹਿਰ ਸਮਾਜਕ ਪਰਿਵਰਤਨ ਤੇ ਆਰਥਿਕ ਮੁਕਤੀ ਅੰਦੋਲਨ ਨੂੰ ਸਮਰਪਿਤ ਈ ਕਰ ਦਿਤਾ। ਜੁਆਨੀ ਦੀ ਦਹਿਲੀਜ਼ ਤੇ ਪੈਰ ਧਰਦਿਆਂ ਇਕ ਲੜਕੀ ਸਮਾਜਕ ਤੇ ਰਾਜਨੀਤਕ ਪਿੜ ਵਿਚ ਪ੍ਰਵੇਸ਼ ਕਰੇ , ਨਾ ਪਰਵਾਰ ਨੂੰ ਇਹ ਮਨਜ਼ੂਰ ਸੀ ਨਾ ਸਮਾਜ ਨੂੰ। ਰਿਸ਼ਤੇਦਾਰਾਂ ਵਲੋਂ ਖੜ੍ਹੀਆਂ ਕੀਤੀਆਂ ਗਈਆਂ ਰੁਕਾਵਟਾਂ ਦੇ ਬਾਵਜੂਦ ਉਹ ਮੰਜ਼ਲ ਨੂੰ ਸੇਧਤ ਆਪਣੀ ਡਗਰ ਤੇ ਡਟੀ ਰਹੀ। ਉਹਨੇ ਲਗਨ, ਦਿਆਨਤਦਾਰੀ ਤੇ ਮਿਹਨਤ ਸਦਕਾ ਮਾਲਵੇ ਵਿੱਚ ਆਪਣੀ ਇਕ ਪਹਿਚਾਣ ਬਣਾ ਲਈ ਤੇ ਪੰਜਾਬ ਬਸਪਾ ਦੇ ਇਸਤਰੀ ਵਿੰਗ ਦੀ ਪ੍ਰਧਾਨ ਬੀਬੀ ਸੁਰਿੰਦਰ ਕੌਰ ਸਰਹਿੰਦ ਨਾਲ ਪੰਜਾਬ ਵਿਚ ਆਪਣੀਆਂ ਸਰਗਰਮੀਆਂ ਦਾ ਪਸਾਰ ਕੀਤਾ। ਪੰਜਾਬ ਚ ਬਸਪਾ ਦੇ ਹਰ ਸੰਘਰਸ਼ ਸਮੇਂ ਉਹਨੇ ਹਮੇਸ਼ਾ ਅਗੇ ਵਧ ਕੇ ਯੋਗਦਾਨ ਪਾਇਆ। ਹਰ ਮੀਟਿੰਗ ਤੇ ਰੈਲੀ ਚ ਭਰਵਾਂ ਸਹਿਯੋਗ ਦਿੱਤਾ। ਦੂਰ ਦਰਸ਼ਨ ਦਿੱਲੀ ਦੇ ਬਾਹਰ ਲਾਏ ਲੰਮੇ ਸਮੇਂ ਦੇ ਧਰਨੇ ਸਮੇਂ ਉਹਨੇ ਫਿਰੋਜ਼ਪੁਰ ਦੇ ਕਾਰਜਕਰਤਾਵਾਂ ਨਾਲ ਲਗਾਤਾਰ ਹਾਜ਼ਰੀ ਭਰੀ। ਇਸ ਸਮੇਂ ਦੌਰਾਨ ਬਸਪਾ ਸੁਪ੍ਰੀਮੋ ਸਾਹਿਬ ਕਾਂਸ਼ੀ ਰਾਮ ਜੀ ਤੇ ਭੈਣ ਕੁਮਾਰੀ ਮਾਇਆਵਤੀ ਜੀ ਦਾ ਸਾਥ ਮਾਨਣ ਦਾ ਸੁਭਾਗ ਪ੍ਰਾਪਤ ਹੋਇਆ। ਵਿਆਹ ਉਪਰੰਤ ਉਹਨੇ ਆਪਣਾ ਕਾਰਜ ਖੇਤਰ ਫਿਰੋਜ਼ਪੁਰ ਦੀ ਬਜਾਏ ਮੋਗਾ ਬਣਾ ਲਿਆ ਤੇ ਏਥੇ ਵੀ ਉਹਨੇ ਆਪਣੀ ਲਾਇਕੀ ਤੇ ਮਿਹਨਤ ਸਦਕਾ ਬਸਪਾ ਆਗੂ ਵਜੋਂ ਆਪਣੀ ਥਾਂ ਬਣਾ ਲਈ। ਕਰੀਮ ਪੁਰੀ ਤੇ ਕਸ਼ਿਅਪ ਸਮੇਂ ਵੀ ਪਾਰਟੀ ਸਫ਼ਾਂ ਚ ਉਹਦੀ ਪੰਜਾਬ ਦੀਆਂ ਸਿਰਕਢ ਇਸਤਰੀ ਆਗੂਆਂ ਚ ਚਰਚਿਤ ਹਸਤੀ ਵਜੋਂ ਪਛਾਣ ਸੀ।

ਉਹਦੇ ਪਤੀ ਸੁਖਜਿੰਦਰ ਦੇ ਅਚਨਚੇਤ ਸਦੀਵੀ ਵਿਛੋੜੇ ਨਾਲ ਉਸਤੇ ਪਰਵਾਰਕ ਮੁਸੀਬਤਾਂ ਦਾ ਪਹਾੜ ਟੁੱਟ ਪਿਆ। ਪੱਤਾ ਪੱਤਾ ਦੁਸ਼ਮਣ ਬਣ ਜਾਣ ਦੇ ਬਾਵਜੂਦ ਸਭ ਮੁਸ਼ਕਲਾਂ/ ਮੁਸੀਬਤਾਂ ਸਹਿਣ ਕਰਦਿਆਂ ਉਹਨੇ ਜਥੇਬੰਦੀ, ਬਹੁਜਨ ਸਮਾਜ ਪਾਰਟੀ ਤੇ ਸਮਾਜਕ ਸਰੋਕਾਰਾਂ ਤੋਂ ਆਪਣਾ ਮੋਹ ਭੰਗ ਨਹੀਂ ਹੋਣ ਦਿੱਤਾ। ਆਰਥਿਕ ਤੰਗੀਆਂ ਤੁਰਸ਼ੀਆਂ, ਨਾ ਸਹਿਣਯੋਗ ਪ੍ਰਵਾਰਕ ਝਮੇਲਿਆਂ ਤੇ ਪਾਰਟੀ ਵਿਚਲੇ ਕੁੱਝ ਸੁਆਰਥੀ ਤੱਤਾਂ ਵਲੋਂ ਪੈਦਾ ਕੀਤੀਆਂ ਪ੍ਰੇਸ਼ਾਨੀਆਂ ਦੇ ਬਾਵਜੂਦ ਵੀ ਬਹੁਜਨ ਸਮਾਜ ਪਾਰਟੀ ਦੇ ਕਾਜ ਨਾਲ ਨਿਰ ਸੁਆਰਥ ਤੇ ਸਮਰਪਿਤ ਭਾਵਨਾ ਤਹਿਤ ਲਗਾਤਾਰ ਉਹਨੇ ਆਪਣਾ ਨਾਤਾ ਜੋੜੀ ਰੱਖਿਆ। ਸਾਹਿਬ ਕਾਂਸ਼ੀ ਰਾਮ ਜੀ ਨੂੰ ਇਕ ਵਾਰ ਉਹਨੇ ਆਪਣੇ ਗਰੀਬਖਾਨੇ ਚਾਹ ਪੀਣ ਲਈ ਬੇਨਤੀ ਕੀਤੀ ਤਾਂ ਸਾਹਿਬ ਨੇ "ਚਾਹ ਨਹੀਂ ਮੈਂ ਪ੍ਰਸ਼ਾਦਾ ਛਕਾਂਗਾ" ਆਖਕੇ ਉਸ ਦਾ ਮਾਣ ਵਧਾ ਦਿੱਤਾ। ਇਸ ਜ਼ਰਾ ਨਿਵਾਜ਼ੀ ਨੂੰ ਉਹ ਆਪਣੀ ਜ਼ਿੰਦਗੀ ਦਾ ਵਡਮੁੱਲਾ ਤਮਗ਼ਾ ਸਮਝਦੀ ਐ ।

ਗਰੀਬੀ ਤੇ ਮੁਫਲਸੀ ਉਹਦਾ ਰਾਹ ਨਹੀਂ ਰੋਕ ਸਕੀ। ਉਹ ਹੌਸਲੇ ਵਾਲੀ, ਨਿਡਰ ਤੇ ਬੇਬਾਕ ਔਰਤ ਹੈ। ਉਹ ਵਧੀਆ ਬੁਲਾਰਾ ਤੇ ਦੂਰ ਅੰਦੇਸ਼ ਆਗੂ ਹੈ। ਗ਼ੁਰਬਤ ਦੇ ਬਾਵਜੂਦ ਉਹਦੇ ਦੋਵਾਂ ਬੱਚਿਆਂ ਵੱਲੋਂ ਉਹਨੂੰ ਜਥੇਬੰਦਕ ਕਾਰਜਾਂ ਲਈ ਹਰ ਤਰ੍ਹਾਂ ਦਾ ਸਹਯੋਗ ਦਿੱਤਾ ਜਾ ਰਿਹਾ ਹੈ। ਪਤਾ ਨਹੀਂ ਉਹਦਾ ਸੰਘਰਸ਼ ਕਦੋਂ ਮੁੱਕੇਗਾ। ਮੁੱਕੇਗਾ ਵੀ ਕਿ ਨਹੀਂ? ਇਸ ਸਮੇਂ ਉਹ ਮੋਗਾ ਜ਼ਿਲ੍ਹੇ ਦੀ ਇਸਤਰੀ ਵਿੰਗ ਦੀ ਪ੍ਰਧਾਨ ਵਜੋਂ ਕਾਰਜਸ਼ੀਲ ਹੈ। ਅਜਿਹੀ ਸਿਰੜੀ, ਮਿਹਨਤੀ, ਦਿਆਨਤਦਾਰ ਤੇ ਲਗਨ ਵਾਲੀ ਸਮਰਪਿਤ ਭਾਵਨਾ ਵਾਲੀ ਸੰਘਰਸ਼ ਸ਼ੀਲ ਹਸਤੀ ਨੂੰ ਪਾਰਟੀ ਵਲੋਂ ਢੁਕਵਾਂ ਸਨਮਾਨ ਦੇਕੇ ਨਿਵਾਜਣਾ ਚਾਹੀਦਾ ਹੈ ਤਾਂਕਿ ਹੋਰਨਾਂ ਔਰਤਾਂ ਦਾ ਵੀ ਸਮਾਜਕ ਖੇਤਰ ਵਿਚ ਅੱਗੇ ਵਧਣ ਲਈ ਹੌਸਲਾ ਵਧ ਸਕੇ।

**Ranvijay Singh Chouhan**

# ਦੁਨੀਆ ਦਾ ਪਹਿਲਾ ਬ੍ਰਹਮ-ਗਿਆਨੀ

**ਆਚਾਰਿਆ ਰਵਿੰਦਰ ਕੁਮਾਰ**
ਮਹਾਂਰਿਸ਼ੀ ਵਾਲਮੀਕੀ ਚੇਅਰ,
ਪੰਜਾਬੀ ਯੂਨੀਵਰਸਿਟੀ ਪਟਿਆਲਾ

**ਬ੍ਰਹਮ ਦਾ ਵਰਣਨ–**

ਭਗਵਾਨ ਵਾਲਮੀਕ ਜੀ ਨੇ ਬ੍ਰਹਮ ਨੂੰ ਸੰਸਕ੍ਰਿਤ ਭਾਸ਼ਾ ਵਿਚ ਸੱਤ,ਚਿੱਤ,ਅਤੇ ਆਨੰਦ ਦਾ ਨਾਮ ਦਿਤਾ ਹੈ।ਉਨ੍ਹਾਂ ਨੇ ਸਾਰੀ ਦੁਨੀਆ ਨੂੰ ਗਿਆਨ ਦਿਤਾ, ਸਾਰੀ ਸ੍ਰਿਸ਼ਟੀ ਪੰਜ ਤੱਤਾ ਦੀ ਬਣੀ ਹੈ, ਇਹ ਪੰਜ ਤੱਤ ਸਥਿਤੀਕਾਲ ਵਿਚ ਸਥਿਰ ਰਹਿੰਦੇ ਹਨ, ਜਦੋਂ ਪਰਲੈ ਕਾਲ ਜਾਂ ਵਿਨਾਸ਼ਕਾਲ ਆਉਦਾ ਹੈ, ਤਾਂ ਪੰਜ ਤੱਤ ਉਸ ਪਰਲੋ ਵਿਚ ਵਿਲੀਨ ਹੋ ਜਾਦੇ ਹਨ। ਉਸ ਪਰਲੋ ਅਰਥਾਤ ਵਿਨ-ਾਸ਼ਕਾਲ ਵਿਚ ਜ਼ੋ ਆਤਮਾਵਾ ਵਿਲੀਨ ਜਾਂ ਖਤਮ ਹੁੰਦੀਆ ਹਨ। ਉਨ੍ਹਾਂ ਨੂੰ "ਸੱਤ-ਆਤਮਾ" ਕਿਹਾ ਜਾਦਾ ਹੈ।ਇਹ ਨਾਮ ਭਗਵਾਨ ਵਾਲਮੀਕ ਜੀ ਨੇ ਦਿਤਾ ਹੈ। ਇਹ ਗਿਆਤਾ ਹੈ, ਜਿਸ ਨੇ ਬ੍ਰਹਮ ਆਤਮਾ ਨੂੰ ਜਾਣਨ ਦੀ ਕੋਸ਼ਿਸ ਕੀਤੀ ਹੈ, ਜਿਸ ਨੇ ਵਿਸ਼ੇ ਨੂੰ ਜਾਣਿਆ ਉਹ ਗਿਆਨੀ ਹੈ,ਅਤੇ ਹੋਰ ਜਾਣਨਾ ਚਾਹੁੰਦਾ ਹੈ। ਇਸ ਨੂੰ ਹੀ ਦ੍ਰਸ਼ਟਾ, ਦਰਸ਼ਨ, ਅਤੇ ਦ੍ਰਿਸ਼ ਵੀ ਕਿਹਾ ਹੈ। ਇਹੀ ਕਰਤਾ, ਹੇਤੂ, ਕਿਰਿਆ ਹੈ, ਜਿਸ ਵਿਚ ਗਿਆਨ ਦੀਆ ਸਾਰੀਆ ਕਿ-ਰਆਵਾ ਗੂੰਜਦੀਆ ਹਨ, ਇਸ ਨੂੰ ਹੀ "ਗਿਆਪਤ-ਆਤਮਾ" ਅਤੇ "ਬ੍ਰਹਮ-ਆਨੰਦ-ਆਤਮਾ" ਕਿਹਾ ਜਾਦਾ ਹੈ। ਇਸ ਨੂੰ ਹੀ ਸੱਤ (ਆਤਮਾ), ਚਿਤ (ਮਨ), ਆਨੰਦ (ਖੁਸੀ-ਗਮ) ਆਤਮਾ ਕਿਹਾ ਜਾਦਾ ਹੈ। ਪੰਜਾਬੀ ਭਾਸ਼ਾ ਗੁਰਬਾਣੀ ਵਿਚ ਕਰਤਾ-ਪੁਰਖ, ਸਿਰ-ਜਣਹਾਰ, ਸਰਵਵਿਆਪਕ, ਸਰਵਸ਼ਕਤੀਮਾਨ ਵਜੋਂ ਜਾਣਿਆ ਜਾਦਾ ਹੈ। ਯੋਗਵਸ਼ਿਸ਼ਟ ਮੋਕਸ਼ਪਾਏ ਗ੍ਰੰਥ ਦੇ ਅਨੁਸਾਰ ਧਰਤੀ ਉਤੇ ਸਾਰੇ ਜੀਵ ਬ੍ਰਹਮ ਦੁਆਰਾ ਉਤਪੰਨ ਹੁੰਦੇ ਹਨ। ਦੁਨੀਆ ਵਿੱਚ ਸਾਰੇ ਜੀਵਾਂ ਦੀ ਉੱਤਪਤੀ ਬ੍ਰਹਮ ਦੁਆਰਾ ਇਸ ਤਰ੍ਹਾਂ ਹੁੰਦੀ ਹੈ। ਇਸ ਦਾ ਵਰਨਣ ਨਿਮਨ ਅਨੁਸਾਰ ਹੈ :-

1. ਜਿਵੇਂ ਕਿ ਨਦੀ ਦੇ ਚਲਦੇ ਪਾਣੀ ਦੁਆਰਾ ਲਹਿਰਾਂ ਦੀ ਉਤਪਤੀ,
2. ਜਲਦੀ ਹੋਈ ਅੱਗ ਤੋਂ ਚਿੰਗਾਰੀਆਂ ਦੀ ਉਤਪਤੀ,
3. ਦੀਵੇ ਦੀ ਰੋਸਨੀ ਤੋਂ ਨਿਕਲਦੀ ਹੋਈ ਕਿਰਨਾਂ,
4. ਚੰਦਰਮਾ ਦੀ ਚਾਦਨੀ ਤੋਂ ਨਿਕਲਦੀਆ ਕਿਰਨਾ,
5. ਸੋਨੇ ਤੋਂ ਗਹਣਿਆਂ ਦੀ ਉਤਪਤੀ,
6. ਦੱਰਖਤ ਤੋਂ ਉਸ ਦੀ ਅਦਭੁਤ ਵਿਚਿੱਤਰ ਸੋਭਾ ਦੀ ਉਤਪਤੀ ਹੁੰਦੀ ਹੈ।
7. ਠੀਕ ਉਸੇ ਤਰ੍ਹਾਂ ਬ੍ਰਹਮ ਦੀ ਉਤਪਤੀ ਵੀ ਬ੍ਰਹਮ ਤੋਂ ਹੁੰਦੀ ਹੈ।

ਉਸੀ ਤਰ੍ਹਾਂ ਕੀੜੇ ਦੀ ਉਤਪਤੀ ਹੁੰਦੀ ਹੈ ਅਤੇ ਬ੍ਰਹਮ ਤੋਂ ਲੈ ਕੇ ਕੀੜੀ ਤੱਕ ਸਭ ਜੀਵਾਂ ਦੀ ਉਤਪਤੀ ਕੇਵਲ ਸਦਗਿਆਨ ਦੁਆਰਾ ਹੁੰਦੀ ਹੈ।

**ਚਿੱਤ ਆਤਮਾ :–**

ਸੰਸਾਰ ਦੀ ਸਾਰੀਆਂ ਵਸਤੂਆ ਤੇ ਅੰਦਰ ਚਿੱਤ ਵਿਰਾਜਮਾਨ ਹੁੰਦਾ ਹੈ। ਜੜ੍ਹ ਪਦਾਰਥਾ ਵਿੱਚ ਵਾਸਨਾ ਇਸ ਤਰ੍ਹਾਂ ਮੌਜੂਦ ਹੁੰਦੀ ਹੈ। ਜਿਸ ਤਰ੍ਹਾਂ ਬੀਜ ਦੇ ਅੰਦਰ ਫੁੱਲ ਵਿਰਾਜਮਾਨ ਹੰਦਾ ਹੈ।ਜਾਂ ਇਸ ਤਰ੍ਹਾਂ ਕਹਿ ਲਉ ਕਿ ਮਿੱਟੀ ਦੇ ਅੰਦਰ ਘੜ੍ਹਾ ਵਿਰਾਜਮਾਨ ਹੰਦਾ ਹੈ। ਜੜ ਪਦਾਰਥਾ ਦੇ ਅੰਦਰ ਵਾਸਨਾ ਰੂਪੀ ਚਿੱਤਸਕਤੀ ਸੋਈ ਹੋਈ ਅਵਸਥਾ ਵਿਚ ਹੁੰਦੀ ਹੈ। ਉਹ ਉਨ੍ਹਾਂ ਦੇ ਅੰਦਰ ਰਸ ਰੂਪ ਵਿੱਚ ਸਦਾ ਵਿਰਾਜਮਾਨ ਰਹਿੰਦੀ ਹੈ। ਇਹ ਸਕਤੀ ਬੀਜਾਂ ਵਿੱਚ ਉਲਾਸ ਰੂਪ ਵਿੱਚ, ਦ੍ਰਵਾ ਵਿੱਚ ਦ੍ਰਵਯਮਾਨ ਅਵਸਥਾ ਵਿੱਚ ਅਤੇ ਕਠਿਨ ਵਸਤੂਆਂ ਵਿਚ ਕਾਠਨਿਆ ਰੂਪ ਵਿੱਚ ਪਰਗਟ ਹੰਦੀ ਹੈ। ਜਿਸ ਤਰ੍ਹਾਂ ਲਤਾ ਦੇ ਅੰਦਰ ਰਹਿਣ ਵਾਲਾ ਰਸ, ਫੁੱਲ ਅਤੇ ਫਲ ਦੇ ਆਕਾਰ ਵਿਚ ਵਿਕਸਿਤ ਹੁੰਦਾ ਹੈ। ਠੀਕ ਉਸੀ ਤਰ੍ਹਾਂ ਪ੍ਰਾਣੀਆ ਦੇ ਵਿਰਯੈ ਨਾਂ ਦੇ ਰਸ ਦੇ ਅੰਦਰ ਵਾਸ ਕਰਦੀ ਹੋਈ ਚਿੱਤੀ ਸਭ ਚੇਤਨ ਵਸਤੂਆਂ ਦਾ ਵਿਕਾਸ ਕਰਦੀ ਹੈ।

ਮਨ ਅਪਣੇ ਆਪ ਹੀ ਸੁਵੰਤਤਰਤਾ ਪੂਰਵਕ ਸਰੀਰ ਦੀ ਰਚਨਾ ਕਰਦਾ ਹੈ। ਦੇਹ ਭਾਵ ਨੂੰ ਧਾਰਣ ਕਰਕੇ ਉਹ ਜਗਤ ਰੂਪੀ ਜਾਲ ਦੀ ਰਚਨਾ ਕਰਦਾ ਹੈ। ਜੀਵ ਦੇ ਅੰਦਰ ਸਭ ਕੁਝ ਪ੍ਰਾਪਤ ਕਰਨ ਦੀ ਸਕਤੀ ਹੁੰਦੀ ਹੈ।ਜਿਸ ਤਰ੍ਹਾਂ ਦਾ ਮਨ, ਉਸੀ ਤਰ੍ਹਾਂ ਦੀ ਗਤੀ, ਅਰਥਾਤ ਜੜ੍ਹ ਅਤੇ ਚੇਤਨ ਸਾਰਾ ਸੰਸਾਰ, ਚਿੱਤ ਦੇ ਅਧੀਨ ਹੈ। ਜਿਸ ਤਰ੍ਹਾਂ ਰੇਸਮ ਦਾ ਕੀੜ੍ਹਾ ਅਪਣੇ ਆਪ ਹੀ ਕੋਸ਼ ਤਿਆਰ ਕਰ ਲੈਂਦਾ ਹੈ। ਠੀਕ ਉਸੀ ਤਰ੍ਹਾਂ ਹੀ ਮਨ ਨੇ ਇਹ ਸਰੀਰ ਅਪਣੀ ਵਾਸਨਾਵਾਂ ਦੀ ਪੂਰਤੀ ਲਈ ਬਣਾਇਆਂ ਹੈ। ਮਨ ਸਰੀਰ ਨੂੰ ਅਪਣੇ ਸੰਕਲਪਾ ਦੇ ਨਾਲ ਇਸ ਤਰ੍ਹਾਂ ਬਣਾਓਦਾ ਹੈ। ਜਿਸ ਤਰ੍ਹਾਂ ਘੁਮਿਆਰ ਘੜੇ ਨੂੰ ਅਪਣੀ ਰੁਚੀ ਅਨੁਸਾਰ ਬਣਾਉਦਾ ਹੈ।

**ਮਨ ਸੰਸਾਰ ਦਾ ਰਚਨਾ ਕਰਦਾ :** ਇਸ ਸੰਸਾਰ ਨੂੰ ਉਤਪੰਨ ਕਰਨ ਵਾਲਾ ਮੁੱਖ ਉਪਾਦਾਨ ਕੇਵਲ "ਮਨ" ਹੀ ਹੈ। ਭਗਵਾਨ ਵਾਲਮੀਕ ਜੀ ਨੇ ਕਿਹਾ ਹੈ ਕਿ "ਤਮਾ ਸਤਵ ਰਜਾਹ ਸਗਿੰਆ ਕਾਰਨਮ ਜਗਤਾ ਸਥਿਤੇ" ਇਸ ਸਲੋਕ ਵਿੱਚ ਭਗਵਾਨ ਵਾਲਮੀਕ ਜੀ ਨੇ ਦੱਸਿਆ ਹੈ ਕਿ ਇਸ ਜਗਤ ਨੂੰ ਉਤਪੰਨ ਕਰਨ ਵਾਲੇ ਤਿੰਨ ਗੁਣ ਹਨ–

1. ਸਤਵ,
2. ਰਜਸ,
3. ਤਮਸ।


ਇਸ ਦਾ ਪਰਿਣਾਮ ਹੀ ਜਗਤ ਹੈ। ਜਿਥੇ ਕੀਟ-ਪਤੰਗ ਰੂਪੀ ਸ੍ਰਿਸ਼ਟੀ ਵਿੱਚ "ਤਮਸ" ਗੁਣ ਹੈ। ਲੋਕ-ਵਿਵਹਾਰ ਦਾ ਕਾਰਣ "ਰਜਸ ਗੁਣ" ਅਤੇ ਉਥੇ ਹੀ ਧਰਮ, ਗਿਆਨ-ਪ੍ਰਯਾਨ "ਸਤਵਗੁਣ" ਹੀ ਪਰਿਣਾਮ ਹੈ। ਭਗਵਾਨ ਵਾਲਮੀਕ ਜੀ ਦੁਆਰਾ ਦੱਸਿਆ ਗਿਆ ਹੈ ਕਿ "ਮਨ ਦੇ ਜੋ ਭੋਗ ਸੰਕਲਪ ਦੀਆਂ ਅਲੱਗ-ਅਲੱਗ ਵਿਰਤੀਆਂ ਹਨ, ਉਹ ਹੀ ਸੰਸਾਰ ਰੂਪੀ "ਜਹਿਰ ਵਾਲੇ ਦਰੱਖਤ" ਨੂੰ ਜਨਮ ਦਿੰਦੀਆਂ ਹਨ।

ਇਹ ਪੰਜ ਭੂਤਾਂ ਦਾ ਬਣਿਆ, ਮਾਸ ਅਤੇ ਹੱਡੀਆ ਦਾ ਬਣਾ ਪੁਤਲਾ ਦਿਖਾਈ ਦਿੰਦਾ ਹੈ। ਉਹ ਸਰੀਰ ਨਹੀ ਹੈ। ਬਲਕਿ ਮਨ ਦੀ ਕਲਪਨਾ ਦੁਆਰਾ ਕੀਤੀ ਗਈ ਰਚਨਾ ਹੈ।ਭਗਵਾਨ ਵਾਲਮੀਕ ਜੀ ਦੇ ਅਨੁਸਾਰ ਸੰਪੂਰਨ ਸੰਸਾਰ ਵਿਚ ਇੱਕ ਸਰਵ ਵਿਆਪਕ ਅਤੇ ਅਟੱਲ ਇੱਕ ਸਚਾਈ ਹੈ। ਜਿਸ ਨੂੰ ਆਤਮਾ, ਬ੍ਰਹਮ, ਪਰਮਪਦ ਆਦਿ ਅਨੇਕਾ ਨਾਮਾਂ ਨਾਲ ਪੁਕਾਰ ਸਕਦੇ ਹਾਂ। ਆਤਮਾ ਦਾ ਕੋਈ ਮੂਰਤ ਰੂਪ ਨਹੀ ਹੈ। ਅਤੇ ਨਾ ਹੀ ਉਸ ਦੀ ਕੋਈ ਸੰਗਯਾ ਹੈ,ਅਤੇ ਨਾ ਹੀ ਕੋਈ ਦੇਖਣ ਦਾ ਵਿਸਾ ਹੈ। ਆਤਮਾ ਕੇਵਲ ਅਨੁਭੂਤੀ ਜਾਂ ਮਹਿਸੂਸ ਦਾ ਵਿਸਾ ਹੈ।

**ਆਤਮਾ ਚਿਨਮਈ ਹੈ:** ਆਤਮਾ ਨਾ ਤਾਂ ਅਸਤ ਹੁੰਦੀ ਹੈ। ਨਾ ਹੀ ਉਦਿਤ ਹੁੰਦੀ ਹੈ।ਨਾ ਕਿਧਰੋਂ ਆਉਂਦੀ ਹੈ। ਨਾ ਕਿਧਰੇ ਜਾਂਦੀ ਹੈ।ਨਾ ਬੈਠਦੀ ਹੈ। ਨਾ ਹੀ ਖੜੀ ਹੁੰਦੀ ਹੈ। ਇਹ ਇਥੇ ਨਹੀ ਹੈ, ਇਹ ਨਹੀ ਕਿਹਾ ਜਾ ਸਕਦਾ ਹੈ।ਇਹ ਚਿੰਨਮਈ (ਅਤਿ-ਸੂਖਮ) ਹੋਣ ਕਾਰਣ ਇਥੇ ਹੈ। ਤੁਹਾਡੇ ਵਿੱਚ, ਮੇਰੇ ਵਿਚ ਅਤੇ ਸਾ-ਰਆ ਜੀਵਾ ਵਿਚ ਆਤਮਾ ਵਿਰਾਜਮਾਨ ਹੈ। ਆਤਮਾ ਚੈਤਨ ਤਤਵ ਹੈ। ਇਹ ਸਭ ਜਗਾ ਅਤੇ ਸਦਾ ਵਿਰਾਜਮਾਨ ਰਹਿੰਦੀ ਹੈ। ਇਸ ਦੇ ਹੋਣ(ਅਸਤੀਤਵ) ਦੀ ਅਨੁਭੂਤੀ ਸਥੂਲ ਸਰੀਰ ਦੇ ਮਾਧਿਅਮ ਦੁਆਰਾ

1. ਤਨ-ਮਾਤਰਾਵਾਂ,
2. ਸਬਦ,
3. ਸ਼ੱਪਰਸ਼,
4. ਰੂਪ,
5. ਰਸ਼,
6. ਗੰਧ ਦੁਆਰਾ ਹੰਦੀ ਹੈ।

ਮਨੁੱਖੀ ਸਰੀਰ ਦਾ ਹਰੇਕ ਅੰਗ ਵਿਨਾਸ਼ਸ਼ੀਲ ਹੈ, ਪ੍ਰੰਤੂ



ਤਵਚਾ (ਚਮੜੀ), ਸ਼ੱਪਰਸ਼ (ਛੂਹਣ), ਜਿਹਵਾ (ਜੀਭ) ਦੇ ਦੁਆਰਾ ਰਸ ਸਵਾਦ, ਹਿਰਦੇ ਦੇ ਦਰਸਨ, ਨੱਕ ਦੁਆਰਾ ਸੁਗੰਧ ਅਤੇ ਦੁਰਗੰਧ (ਖੁਸਬੂ ਅਤੇ ਬਦਬੂ) ਨਾਲ ਵਿਅਕਤੀ ਅਪਣੇ ਆਪ ਨੂੰ ਜੀਵਿਤ ਮਹਿਸੂਸ ਕਰਦਾ ਹੈ।

ਇਹ ਚੇਤਨਾ ਹੀ ਬ੍ਰਹਮ ਹੈ।ਜਿਸ ਦੇ ਨਾਲ ਸਰੀਰ ਵਿਚ ਹਰ ਇਕ ਪ੍ਰਤੀਕ੍ਰਿਆ ਹੋ ਰਹੀ ਹੈ। ਦੂਜੀ ਤਰਫ ਜਦੋਂ ਹਿਰਦੇ ਵਿਚ ਕੋਈ ਭਾਵਨਾ ਆਕਾਰ ਰੂਪ ਵਿਚ ਨਹੀ, ਮਨ ਵਿਚ ਵਾਸਨਾ ਨਹੀ, ਮਨ ਵਿਚ ਸੰਕਲਪ ਨਹੀ, ਨਿਰਵਿਸੇਸ ਜੋ ਰੂਪ ਹੈ।ਆਤਮਾ ਹੀ ਹੈ। ਵੋਹਿ ਇਕ ਬ੍ਰਹਮ ਹੈ। ਇਹ ਸਭ ਜਗਾ ਵਿਰਾਜਮਾਨ ਹੈ। ਪੂਰੀ ਸ੍ਰਿਸ਼ਟੀ ਤੇ ਇਸ ਦੀ ਸੱਤਾ ਮੌਜੁਦ ਹੈ।

ਜਿਸ ਤਰ੍ਹਾਂ ਸੋਨੇ ਤੋਂ ਅਲੱਗ ਸਵਰਨ ਭੂਸਨ(ਕੜ) ਜਾ ਕਹਿ ਲਵੋ ਪੀਲੇ ਰੰਗ ਦੀ ਵਸਤੂ ਦਾ ਕੋਈ ਰੂਪ ਨਹੀ ਹੈ। ਠੀਕ ਉਸੀ ਤਰ੍ਹਾਂ ਇਸ ਸੰਸਾਰ (ਜਗਤ) ਵਿਚ ਬ੍ਰਹਮ ਤੋਂ ਅਲੱਗ ਕੋਈ ਵਸਤੂ ਨਹੀ ਹੈ। ਬ੍ਰਹਮ ਵਿਚ ਵਿਰਾਜਮਾਨ ਸਕਤੀ ਨੂੰ ਜਗਤ ਜਾਂ ਸੰਸਾਰ ਕਿਹਾ ਜਾਦਾ ਹੈ। ਜਗਤ ਬ੍ਰਹਮ ਦਾ ਬ੍ਰਹਿਣ ਰੂਪ ਹੈ। ਠੀਕ ਉਸੀ ਤਰ੍ਹਾਂ ਜਿਵੇਂ ਹਵਾ ਅਤੇ ਉਸ ਦਾ ਸੰਪਾਦਨ ਦੋ ਅਲੱਗ-ਅਲੱਗ ਵਸਤਾ ਨਹੀ ਹੈ। ਕੇਵਲ ਨਾਮ ਮਾਤਰ ਦਾ ਹੀ ਫਰਕ ਹੈ। ਠੀਕ ਉਸੀ ਤਰ੍ਹਾਂ ਆਤਮਾ ਅਤੇ ਪ੍ਰਕ੍ਰਿਤੀ ਦੋ ਅਲੱਗ-ਅਲੱਗ ਵਸਤੂਆ ਨਹੀ ਹੈ। ਵੋਹਿ ਏਕ ਬ੍ਰਹਮ ਹੈ।ਇਸ ਤਰ੍ਹਾਂ ਬ੍ਰਹਮ ਦਾ ਧਾਰਨ ਕਰਨ ਵਾਲਾ ਜੀਵ ਬ੍ਰਹਮ ਹੈ।ਇਸ ਪ੍ਰਾਣੀ ਜਾਂ ਜੀਵ ਜਾਂ ਬ੍ਰਹਮ ਦੀਆਂ ਅਵਸਥਾਵਾਂ ਹਨ।

ਜਿਵੇਂ ਕਿ ਜੀਵ। ਅੰਹਕਾਰ। ਬੁੱਧੀ। ਮਨ। ਪ੍ਰਕ੍ਰਿਤੀ। ਸਥਿਤ। ਜੜ੍ਹ। ਚੇਤਨ ਆਦਿ ਦੀ ਪ੍ਰਧਾਨਤਾ ਨਾਲ ਹੀ ਚੇਤਨ ਆਦਿ ਦੀ ਪ੍ਰਧਾਨਤਾ ਨਾਲ ਹੀ ਚੇਤਨ ਤੱਤ ਕਹਿਲਾਉਦੀ ਹੈ। ਜੋ ਕਿ ਵੋਹਿ ਇਕ ਬ੍ਰਹਮ ਹੈ।ਜੋ ਅਜਰ ਹੈ, ਅਰਮ ਹੈ, ਅਡੋਲ ਹੈ, ਨਿਸਚਲ ਹੈ, ਸਰਵਵਿਆਪੀ ਹੈ, ਅਨੰਤ ਹੈ, ਪਰਮ ਬ੍ਰਹਮ ਹੈ।ਜੋ ਕਿ ਤਿੰਨੇ ਲੋਕਾਂ ਦੇ ਸਰੀਰ ਰੂਪੀ ਮੋਤੀਆਂ ਵਿੱਚ ਉੱਚੀ ਕਿਸਮ ਦੇ ਧਾਗੇ ਦੀ ਤਰ੍ਹਾਂ ਪਰੋਇਆ ਹੋਇਆ ਹੈ। ਜੋ ਇਸ ਬ੍ਰਹਿਮੰਡ ਦਾ ਵਿਸਥਾਰ ਅਤੇ ਵਿਨਾਸ ਕਰਨ ਵਾਲਾ ਹੈ। ਉਸ ਚਿਦਾਕਾਰ ਬ੍ਰਹਮ ਆਤਮਾ ਦੀ ਉਸਤਤੀ ਜਾ ਉਪਾਸਨਾ ਜਾਂ ਪੂਜਾ ਕਰਨੀ ਚਾਹੀਦੀ ਹੈ।ਜਿਸ ਦੀ ਸੱਤਾ ਨਾਲ ਤਿੰਨੋਂ ਲੋਕ ਚਮਕ ਰਹੇ ਹਨ।

ਯੋਗਵਸ਼ਿਸ਼ਟ ਦੇ ਜੀਵ ਅਤੇ ਜਗਤ ਸੰਬੰਧੀ ਵਿਚਾਰ ਪਾਠਕਾਂ ਦੇ ਸਾਹਮਣੇ ਵਿਸਤ੍ਰਿਤ ਆਕਾਰ ਵਿੱਚ ਰੱਖੇ ਜਾ ਚੁੱਕੇ ਹਨ। ਹੁਣ ਸਾਨੂੰ ਇਹ ਦੱਸਣਾ ਹੈ ਕਿ ਯੋਗਵਸ਼ਿਸ਼ਟ ਦੇ ਅਨੁਸਾਰ ਜਗਤ ਦਾ ਕਾਰਣ ਕੀ ਹੈ। ਜਗਤ ਦੀ ਰਚਨਾ ਕੋਣ ਕਰਦਾ ਹੈ ਅਤੇ ਕਿਸ ਤੋਂ ਜਗਤ ਅਤੇ ਜੀਵ ਉਦੈ ਹੁੰਦੇ ਹਨ, ਕਿੱਥੇ ਰਹਿੰਦੇ ਹਨ ਅਤੇ ਕਿਸ ਵਿੱਚ ਵਿਲੀਨ ਹੋ ਜਾਂਦੇ ਹਨ? ਯੋਗਵਸ਼ਿਸ਼ਟ ਵਿੱਚ ਜਗਤ ਦੀ ਸ੍ਰਿਸ਼ਟੀ ਕਰਨ ਵਾਲੇ ਦਾ ਨਾਮ ਬ੍ਰਹਮ ਹੈ। ਉਹ ਬ੍ਰਹਮ ਨਿਤਯ ਅਤੇ ਅਨੰਤ ਪਰਮ ਤੱਤਵ ਬ੍ਰਹਮ ਦੀ ਸਰਜਨ ਸ਼ਕਤੀ ਦਾ ਮੂਰਤੀਮਾਨ ਆਕਾਰ ਹੈ। ਬ੍ਰਹਮ ਦੀ ਸਪੰਦਨ ਸ਼ਕਤੀ ਹੀ ਬ੍ਰਹਮਾ ਦੇ ਆਕਾਰ ਵਿੱਚ ਪ੍ਰਕਟ ਹੋਕੇ ਜਗਤ ਦੀ ਸ੍ਰਿਸ਼ਟੀ ਕਰਦੀ ਹੈ। ਸਭ ਤੋਂ ਪਹਿਲਾਂ ਇੱਥੇ ਬ੍ਰਹਮ ਦਾ ਵਰਣਨ ਕੀਤਾ ਜਾਵੇਗਾ।

**ਜਗਤ ਦੀ ਉਤਪੱਤੀ ਬ੍ਰਹਮ ਤੋਂ ਹੋਈ :**

ਸ੍ਰਿਸ਼ਟੀ ਦੇ ਆਦਿ ਵਿੱਚ ਅਰਥਾਤ ਅਰੰਭ ਵਿਚ ਸਵਪਨ ਪੁਰਸ਼ ਦੀ ਤਰ੍ਹਾਂ ਜੋ ਆਦਿ ਪ੍ਰਜਾਪਤੀ (ਪਹਿਲਾ ਸ੍ਰਿਸ਼ਟੀ ਕਰਤਾ ਬ੍ਰਹਮ) ਉਤਪੰਨ ਹੋਇਆ ਸੀ ਉਹ ਸਥਿਤੀ ਕਾਲ ਵਿਚ ਹੁਣ ਵੀ ਸਥਿਤ ਹੈ।1 ਉਹ ਆਦਿ ਪ੍ਰਜਾਪਤੀ ਜਿਸ ਤਰ੍ਹਾਂ ਦਾ ਸੰਕਲਪ ਕਰਦਾ ਹੈ, ਅਰਥਾਤ ਮਨ ਵਿਚ ਧਾਰਣ ਕਰਦਾ ਹੈ। ਉਸੀ ਤਰ੍ਹਾਂ ਦੀ ਸ੍ਰਿਸ਼ਟੀ ਉਤਪੰਨ ਹੁੰਦੀ ਹੈ। ਇਹ ਸਾਰਾ ਜਗਤ ਉਸੀ ਦੀ ਕਲਪਨਾ ਹੈ। 2 ਭਗਵਾਨ ਵਾਲਮੀਕ ਜੀ ਨੇ ਸਧਾਰਨ ਅਰਥਾਂ ਵਿਚ ਸਮਝਾਇਆ ਹੈ, ਕਿ ਆਦਿ ਪ੍ਰਜਾਪਤੀ ਜਿਸ ਨੂੰ ਸ੍ਰਿਸ਼ਟੀ ਦਾ ਪਹਿਲਾ ਪੁਰਸ਼ ਵੀ ਕਿਹਾ ਜਾਦਾ ਹੈ, ਉਹ ਸੰਸ਼ਾਰ ਪ੍ਰਤੀ ਜੋਜ਼ ਵੀ ਸੰਕਲਪ ਕਰਦਾ ਹੈ। ਉਸੀ ਪ੍ਰਕਾਰ ਦੀ ਸ੍ਰਿਸ਼ਟੀ ਹੋ ਜਾਦੀ ਹੈ। ਇਹ ਸਾਰਾ ਜਗਤ ਉਸ ਦੀ ਹੀ ਕਲਪਨਾ ਸਕਤੀ ਹੈ।

ਉਪਰੋਕਤ ਸਾਰੇ ਵਰਣਨ ਦਾ ਸਾਰ ਇਹ ਹੈ ਕਿ ਅਨੰਤ ਅਤੇ ਸਰਵ ਸ਼ਕਤੀਮਾਨ ਬ੍ਰਹਮ ਵਿੱਚ ਆਪਣੇ ਹੀ ਸੁਭਾਅ ਤੋਂ, ਬਿਨ੍ਹਾਂ ਹੋਰ ਕਿਸੀ ਕਾਰਣ ਦੇ ਲੀਲਾ ਰੂਪ ਨਾਲ, ਇਕ ਸ੍ਰਿਸ਼ਟੀਕਾਰਕ ਜੀਵ ਦਾ ਉਦੈ ਹੁੰਦਾ ਹੈ। ਉਹ ਮਨ ਦੇ ਆਕਾਰ ਦਾ, ਬਿਨ੍ਹਾਂ ਕਿਸੀ ਸਥੂਲ ਸਰੀਰ ਦੇ, ਹੁੰਦਾ ਹੈ।ਉਸ ਨੂੰ ਬ੍ਰਹਮ ਕਹਿੰਦੇ ਹਨ। ਉਸੀ ਨਾਲ ਕਲਪਨਾ ਦੁਆਰਾ ਇਸ ਸਾਰੀ ਸ੍ਰਿਸ਼ਟੀ ਦਾ ਨਿ-ਰਮਾਣ ਹੁੰਦਾ ਹੈ ਅਤੇ ਉਦੈ ਹੋ ਕੇ ਸੱਚ ਜਿਹਾ ਪ੍ਰਤੀਤ ਹੁੰਦਾ ਹੈ। ਉਸ ਸੰਸਾਰ ਨੂੰ ਯੁੱਗ ਦਾ ਨਾਮ ਦਿਤਾ ਗਿਆ ਹੈ। ਜਿਸ ਦਾ ਅਰਥ ਇਹ ਕਿ ਸੱਚੀਆ ਆਤਮਾ ਦਾ ਵਾਸ ਸਥਾਨ ਜਾਂ ਯੁੱਗ ਵੀ ਕਿਹਾ ਜਾਦਾ ਹੈ।

**ਬ੍ਰਹਮ ਦਾ ਸਵਰੂਪ ਮਨ :**

ਮਨ ਹੀ ਬ੍ਰਹਮ ਦਾ ਰੂਪ ਧਾਰਣ ਕਰਦਾ ਹੈ। ਬ੍ਰਹਮ ਸੰਕਲਪ ਕਰਨ ਵਾਲਾ ਕੇਵਲ ਮਨ ਹੀ ਹੈ। ਮਨ ਹੀ ਆਪਣੇ ਆਪ ਦਾ ਵਿਸਤਾਰ ਕਰਕੇ ਇਸ ਸੰਸ਼ਾਰ ਦੀ ਰਚਨਾ ਕਰਦਾ ਹੈ। ਮਨ ਬ੍ਰਹਮ ਦਾ ਸਵਰੂਪ ਹੈ ਅਤੇ ਬ੍ਰਹਮ ਮਨ ਦਾ ਸਵਰੂਪ ਹੈ। ਮਨ ਦਾ ਰੂਪ ਧਾਰਣ ਕਰਕੇ ਹੀ ਬ੍ਰਹਮਾ ਸ੍ਰਿਸ਼ਟੀ ਉਤਪੰਨ ਕਰਦਾ ਹੈ।

**ਬ੍ਰਹਮ ਦੀ ਉਤਪਤੀ ਪਰਮਬ੍ਰਹਮ ਨਾਲ :**

ਜਿਵੇਂ ਸਾਂਤ ਮਹਾਂ ਸਮੁੰਦਰ ਤੋਂ ਚੰਚਲ ਲਹਿਰਾਂ ਉਦੈ ਜਨਮ ਲੈਂਦੀਆਂ ਹਨ, ਵੈਸੇ ਹੀ ਮਹਾਨ ਪਰਮਾਤਮਾ ਨਾਲ ਮਨ ਦਾ ਉਦੈ ਹੁੰਦਾ ਹੈ। ਜਿਵੇਂ ਨਿਰਮਲ ਅਤੇ ਕੋਸਭ ਰਹਿਤ ਸਮੁੰਦਰ ਵਿੱਚ ਸਪੰਦਨ ਹੋ ਜਾਂਦਾ ਹੈ ਵੈਸੇ ਹੀ ਸੰਸਾਰ ਦਾ ਕਾਰਣ ਜੀਵ (ਬ੍ਰਹਮਾ) ਪਰਮਾਤਮਾ ਵਿੱਚ ਉਦੈ ਹੋ ਜਾਂਦਾ ਹੈ। ਜਿਵੇਂ ਸ਼ਾਂਤ ਸਮੁੰਦਰ ਵਿੱਚ ਸਪੰਦ ਹੋਣ ਨਾਲ ਉਸਦੇ ਇਕ ਭਾਗ ਵਿੱਚ ਘਣਤਾ ਆਉਂਦੀ ਹੈ ਵੈਸੇ ਹੀ ਸਪੰਦ ਰਹਿਤ ਬ੍ਰਹਮ ਵਿੱਚ ਸਪੰਦ ਨਾ ਹੋਣ ਤੇ ਉਸਦੇ ਇੱਕ ਪ੍ਰਦੇਸ਼ ਵਿੱਚ ਘਣਤਾ ਆ ਜਾਂਦੀ ਹੈ। ਜਿਵੇਂ ਸਮੁੰਦਰ ਦੇ ਜਲ ਦੇ ਅੰਦਰ ਸਪੰਦਨ ਅਤੇ ਸ਼ਾਂਤੀ ਦੋਨੋਂ ਹੀ ਵਰਤਮਾਨ ਰਹਿੰਦੇ ਹਨ। ਵੈਸੇ ਹੀ ਸਰਵ ਸ਼ਕਤੀ ਬ੍ਰਹਮ ਵਿੱਚ ਸਪੰਦ ਸ਼ਕਤੀ ਪ੍ਰਗਟ ਹੁੰਦੀ ਹੈ। ਜਿਵੇਂ ਆਕਾਸ਼ ਮੰਡਲ ਵਿੱਚ ਤੁਸੀਂ ਤੋਂ ਤੁਸੀਂ ਹੀ ਵਾਯੂ ਦੀ ਗਤੀ ਆਰੰਭ ਹੋ ਜਾਂਦੀ ਹੈ ਵੈਸੇ ਹੀ ਬ੍ਰਹਮ ਵਿੱਚ ਆਪਣੀ ਸ਼ਕਤੀ ਨਾਲ ਹੀ ਚੰਚਲਤਾ ਉਤਪੰਨ ਹੋ ਜਾਂਦੀ ਹੈ। ਜਿਵੇਂ ਦੀਪਕ ਦੀ ਸਥਿਰ ਲੋ ਆਪਣੀ ਅੰਦਰਲੀ ਸ਼ਕਤੀ ਦੁਆਰਾ ਹੀ ਚੰਚਲਤਾ ਨੂੰ ਧਾਰਣ ਕਰ ਲੈਂਦੀ ਹੈ ਵੈਸੇ ਹੀ ਬ੍ਰਹਮ ਆਪਣੇ ਆਪ ਹੀ ਸ੍ਰਿਸ਼ਟੀ ਕਰਨ ਲੱਗਦਾ ਹੈ। ਇਸ ਪ੍ਰਕਾਰ ਚਿਤਿ ਦਾ ਅਨੁਭਵ ਯੁਕਤ ਸਪੰਨਦਨ ਜੋ ਜੀਵ ਕਾਰਣ ਅਤੇ ਕਰਮ ਆਦਿ ਨਾਮਾਂ ਵਾਲਾ ਹੈ ਉਹੀ ਸ੍ਰਿਸ਼ਟੀ ਦਾ ਬੀਜ ਹੈ। ਜਿਵੇਂ ਛਣ ਭਰ(ਇਕ ਪਲ ਵਿਚ) ਵਿੱਚ ਸ਼ਾਂਤ ਸਮੁੰਦਰ ਵਿੱਚ ਜਲ ਦਾ ਸਪੰਦਨ ਉਦੈ ਹੋ ਜਾਂਦਾ ਹੈ ਵੈਸੇ ਹੀ ਬਿਨ੍ਹਾਂ ਕਿਸੀ ਪੂਰਬ(ਪਹਿਲਾ) ਕਾਰਣ ਦੇ ਚਿਤਿ ਵਿੱਚ ਚੈਤਯ ਦੇ ਵੱਲ ਪ੍ਰਵਿਰਤੀ ਉਦੈ ਹੋ ਜਾਂਦੀ ਹੈ। ਬ੍ਰਹਮ ਰੂਪੀ ਸਮੁੰਦਰ ਵਿੱਚ ਚਿਤਿ ਰੂਪੀ ਜਲ ਚਿੱਤ (ਮਨ) ਰੂਪੀ ਲਹਿਰਾਂ ਨੂੰ ਉਠਾਉਂਦਾ ਹੋਇਆ ਸਪੰਦਨ ਨਾਲ ਜੀਵ ਰੂਪੀ ਭੰਵਰਾਂ ਨੂੰ ਉਤਪੰਨ ਕਰਦਾ ਹੋਇਆ ਅਨੇਕ ਸ੍ਰਿਸ਼ਟੀ ਰੂਪੀ ਬੁਲਬਲਿਆਂ ਨੂੰ ਜਨਮ ਦਿੰਦਾ ਹੈ।

**ਬ੍ਰਹਮ ਦਾ ਇਹ ਸਪੰਦਨ ਸੁਭਾਵਿਕ:**

ਜਿਵੇਂ ਹਵਾ ਦਾ ਸੁਭਾਅ ਚਲਣਾ, ਅਗਨੀ ਦੀ ਗਰਮੀ ਅਤੇ ਬਰਫ ਦੀ ਸ਼ੀਤਲਤਾ (ਸੁਭਾਵਿਕ) ਹੈ ਵੈਸੇ ਹੀ ਆਤਮਾ ਦਾ ਜੀਵਤਵ ਬ੍ਰਹਮ ਹੈ। ਚਿਤਿਰੂਪ ਆਤਮDELਤੱਤਵ (ਬ੍ਰਹਮ) ਦੇ ਆਪਣੇ ਸੁਭਾਅ ਦੁਆਰਾ ਚੇਤਨ ਹੋਣ ਦਾ ਨਾਮ ਜੀਵ ਜਾਂ ਬ੍ਰਹਮ ਹੈ।

**ਬ੍ਰਹਮ ਵਿੱਚ ਸਪੰਦਨ ਹੋਣਾ ਉਸਦੀ ਆਪਣੀ ਲੀਲਾ:**

ਦੇਸ਼ ਕਾਲ ਆਦਿ ਨਾਲ ਅਪਰਿਮਿਤ ਆਤਮ ਤੱਤਵ ਆਪਣੀ ਹੀ ਸ਼ਕਤੀ ਨਾਲ ਲੀਲਾ ਦੁਆਰਾ ਦੇਸ਼ ਅਤੇ ਕਾਲ ਨਾਲ ਪਰਿਮਿਤ ਰੂਪ ਨੂੰ ਧਾਰਣ ਕਰ ਲੈਂਦਾ ਹੈ। ਜਿਵੇਂ ਜਲ ਵਿੱਚ ਚੰਚਲ ਜਲ ਵਾਲਾ ਭੰਵਰ ਆਪਣੇ ਆਪ ਹੀ ਉਦੈ ਹੋ ਜਾਂਦਾ ਹੈ ਵੈਸੇ ਹੀ ਉਸ ਪਰਮ ਤੱਤਵ ਵਿੱਚ ਆਪਣੇ ਆਪ ਹੀ ਸ੍ਰਿਸ਼ਟੀ ਕਰਨ ਵਾਲੀ ਕਲਾ ਦਾ ਉਦੈ ਹੋ ਜਾਂਦਾ ਹੈ। ਜਦੋਂ ਆਤਮਾ (ਬ੍ਰਹਮ) ਆਪਣੇ ਆਪ ਹੀ ਆਪਣੀ ਸੰਕਲਪ ਨਾਮਕ ਸ਼ਕਤੀ ਦਾ ਪ੍ਰਕਾਸ਼ ਇਸ ਪ੍ਰਕਾਰ ਕਰਦਾ ਹੈ। ਜਿਵੇਂ ਕਿ ਵਾਯੂ ਆਪਣੀ ਸਪੰਦ ਸ਼ਕਤੀ ਦਾ, ਉਦੋਂ ਆਕਾਰ ਦੀ ਭਾਵਨਾ ਕਰਕੇ ਉਹ ਵਿੰਵ ਦਾ ਆਤਮਾ (ਬ੍ਰਹਮ) ਸੰਕਲਪ ਕਰਨ ਵਾਲਾ ਪ੍ਰਿਥਕ ਆਕਾਰ ਵਾਲਾ ਮਨ ਬਣ ਜਾਂਦਾ ਹੈ।

ਬ੍ਰਹਮ ਦਾ ਸਪੰਦਨ ਬ੍ਰਹਮ ਨਾਲ ਹੋਰ ਰੂਪ ਧਾਰਣ ਕਰ ਲੈਂਦਾ: ਪਰਮਬ੍ਰਹਮ ਆਪਣੇ ਸੁਭਾਅ ਦੁਆਰਾ ਆਪਣੇ ਆਪ ਹੀ ਇਹ ਭਾਵਨਾ ਕਰਕੇ ਕਿ ਮੇਰੀ ਸੰਕਲਪ ਵਿਕਲਪ ਕਰਨ ਵਾਲੀ ਸ਼ਕਤੀ ਮੇਰੇ ਤੋਂ ਹੋਰ ਹੈ, ਆਪਣਾ ਇਕ ਹੋਰ ਜਿਹਾ ਰੂਪ ਧਾਰਣ ਕਰ ਲੈਂਦਾ ਹੈ। ਇਹ ਇੰਝ ਹੀ ਹੁੰਦਾ ਹੈ ਜਿਵੇਂ ਕੋਈ ਪੁਰਸ਼ ਆਪਣੀ ਭਾਵਨਾ ਦੁਆਰਾ ਸੂਰਜ ਦੀਆਂ ਕਿਰਣਾਂ ਨੂੰ ਸੂਰਜ ਤੋਂ ਅਲੱਗ, ਸੋਨੇ ਦੇ ਗਹਿਣੇ ਤੋਂ ਅਲੱਗ, ਜਲ ਦੀ ਤਰੰਗ ਨੂੰ ਜਲ ਤੋਂ ਅਲੱਗ, ਅਗਨੀ ਦੀ ਜਵਾਲਾ ਨੂੰ ਅਗਨੀ ਤੋਂ ਅਲੱਗ ਸਮਝਣ ਲੱਗੇ। ਚਿਤ ਸ਼ਕਤੀ ਚਿਤਿ ਰੂਪੀ ਸਮੁੰਦਰ ਵਿੱਚ ਕੁੱਝ ਸ਼ੋਭਾ ਯੁਕਤ ਹੋਕੇ ਆਤਮਾ ਤੋਂ ਇਲਾਵਾ ਦੂਜੇ ਆਕਾਰ ਨੂੰ ਧਾਰਣ ਕਰ ਲੈਂਦੀ ਹੈ।

**ਮਨ ਬ੍ਰਹਮ ਦੀ ਸੰਕਲਪ ਸ਼ਕਤੀ ਦਾ ਰਚਿਆ ਹੋਇਆ ਰੂਪ:**

ਸਾਰੀਆਂ ਸਕਤੀਆਂ ਵਾਲੇ ਮਹਾਨ ਅਤੇ ਅਨੰਤ ਆਤਮ ਤੱਤਵ ਬ੍ਰਹਮ ਦੀ ਸੰਕਲਪ ਸ਼ਕਤੀ ਦੁਆਰਾ ਰਚੇ ਹੋਏ ਰੂਪ ਨੂੰ ਮਨ ਜਾਂ ਬ੍ਰਹਮ ਕਹਿੰਦੇ ਹਨ। ਇਸ ਦਿਖਾਈ ਦੇਣ ਵਾਲੇ ਸੰਸਾਰ ਦੀ ਕਲਪਨਾ ਦਾ ਨਤੀਜਾ ਕੇਵਲ ਮਨ ਹੀ ਹੈ।ਇਹ ਮਨ ਦੀ ਕਲਪਨਾ ਨਾਲ ਹੀ ਸੰਸਾਰ ਦੀ ਰਚਨਾ ਹੋਈ ਹੈ।ਜਦੋਂ ਵਿਅਕਤੀ ਦੇ ਮਨ ਵਿਚ ਸੰਕਲਪ ਆਉਦਾ ਹੈ, ਤਾਂ ਹੀ ਸ੍ਰਿਸ਼ਟੀ ਦੀ ਰਚਨਾ ਦਾ ਆਰੰਭ ਹੁੰਦਾ ਹੈ। ਉਸ ਪੁਰਸ਼ ਦੀ ਸਕੰਲਪ ਸ਼ਕਤੀ ਨਾਲ ਹੀ ਸ੍ਰਿਸ਼ਟੀ ਦੀ ਰਚਨਾ ਹੰਦੀ ਹੈ।

**ਬ੍ਰਹਮ ਦੀ ਉਤਪਤੀ ਕੋਈ ਵਿਸੇਸ ਵਸਤੂ ਨਹੀਂ ਹੈ :** ਬ੍ਰਹਮ ਦੀ ਸ਼ਕਤੀ ਦਾ ਬ੍ਰਹਮ ਦੇ ਅੰਦਰ ਬਿਨ੍ਹਾਂ ਕਿਸੀ ਹੇਤੂ ਦੇ ਸਫੁਰਣ ਹੁੰਦਾ ਹੈ। ਸਵਯਭੁ (ਬ੍ਰਹਮਾ) ਜਾਂ ਤਾਂ ਬਿਨ੍ਹਾਂ ਕਾਰਣ, ਨਾ ਆਪਣੇ ਹੀ ਮਨ ਨਾਲ ਜਾਂ ਆਪਣੇ ਆਪ ਹੀ ਪ੍ਰਕਟ ਹੁੰਦਾ ਹੈ। ਸਾਰੀਆਂ ਵਸਤੂਆਂ ਦਾ ਕਾਰਣ ਬ੍ਰਹਮਾ ਬ੍ਰਹਮ ਦੇ ਸੁਭਾਅ ਤੋਂ ਹੀ (ਬਿਨ੍ਹਾਂ ਹੋਰ ਕਿਸੀ ਕਾਰਣ ਦੇ) ਉਦੈ ਹੁੰਦਾ ਹੈ। ਉਦੈ ਹੋਕੇ ਸ੍ਰਿਸ਼ਟੀ ਵਿੱਚ ਕਾਰਜ ਕਾਰਣ ਦੇ ਨਿਯਮ ਦੀ ਸਥਾਪਨਾ ਕਰਦਾ ਹੈ। ਪੂਰਵ ਕਰਮਾਂ ਦੇ ਅਭਾਵ ਨਾਲ ਆਦਿ ਪ੍ਰਜਾਪਤੀ (ਬ੍ਰਹਮਾ) ਆਪਣੇ ਆਪ ਹੀ, ਬਿਨ੍ਹਾਂ ਕਿਸੀ ਕਾਰਣ ਦੇ ਉਤਪੰਨ ਹੁੰਦਾ ਹੈ। ਪਿਛਲੀ (ਪੂਰਬ ਕਲਪ ਦੀ) ਕੋਈ ਸਿਮ੍ਰਤੀ ਵੀ ਬ੍ਰਹਮਾ ਦੀ ਉਤਪੱਤੀ ਦਾ ਕਾਰਣ ਨਹੀਂ ਹੈ।

**ਬ੍ਰਹਮ ਕਰਮਬੰਧਨ ਤੋਂ ਮੁਕਤ :**

ਬ੍ਰਹਮਾ ਦੇ ਨਾ ਤਾਂ ਪੂਰਵ ਜਨਮ ਅਦੇ ਕਰਮ ਹਨ ਅਤੇ ਨਾ ਹੁਣ ਉਹ (ਅਜਿਹੇ) ਕਰਮ ਕਰਦਾ ਹੈ (ਜਿਨ੍ਹਾਂ ਦਾ ਫਲ ਉਸ ਨੂੰ ਭੋਗਨਾ ਪਵੇ)। ਅਸੀਂ ਲੋਕਾਂ ਨੂੰ ਜੋ ਉਸਦਾ ਪ੍ਰਾਣ ਆਦਿ ਦੀ ਕਿਰਿਆ ਰੂਪੀ ਕਰਮ ਦਿਖਾਈ ਪੈਂਦਾ ਹੈ ਉਸ ਵਿੱਚ ਉਸਦੀ ਕਰਮ ਬੁੱਧੀ ਨਹੀਂ ਹੈ।

**ਬ੍ਰਹਮ ਦਾ ਸਰੀਰ ਕੇਵਲ ਸੂਖਮ ਹੈ ਸਥੂਲ ਨਹੀਂ :** ਜਿਸ ਮਨ ਨੂੰ ਬ੍ਰਹਮ ਕਹਿੰਦੇ ਹਨ ਉਹ ਸੰਕਲਪ ਮਾਤਰ ਹੈ, ਉਹ ਸੰਕਲਪ ਦੇ ਆਕਾਸ਼ ਵਿੱਚ ਰਹਿਣ ਵਾਲਾ ਜੀਵ ਹੈ, ਉਸ ਵਿੱਚ ਕੋਈ ਸਥੂਲ ਤੱਤਵ, ਪ੍ਰਿਥਵੀ ਆਦਿ ਨਹੀਂ ਹੈ। ਜਿਵੇਂ ਚਿੱਤਰਕਾਰ ਦੇ ਮਨ ਦੇ ਅੰਦਰ ਰਹਿਣ ਵਾਲੀ ਪ੍ਰਤਿਮਾ ਸਥੂਲ ਸਰੀਰ ਤੋਂ ਰਹਿਤ ਹੁੰਦੀ ਹੈ ਵੈਸੇ ਹੀ ਬ੍ਰਹਮ ਵੀ ਬਿਨ੍ਹਾਂ ਕਿਸੀ ਪ੍ਰਕਾਰ ਦੀ ਸਥੂਲਤਾ ਦੇ ਸ਼ੁੱਧ ਚਿਦਾਕਾਸ਼ ਰੂਪ ਵਿੱਚ ਰਹਿੰਦਾ ਹੈ। ਬ੍ਰਹਮ ਦਾ ਸਰੀਰ ਕੇਵਲ ਆਤਿਵਾਹਿਕ ਹੈ, ਆਧਿਭੌਤਿਕ ਨਹੀਂ ਹੈ।ਜਿਨ੍ਹਾਂ ਪ੍ਰਾਣੀਆਂ ਦੀ ਉਤਪੱਤੀ ਕਾਰਣ ਦੁਆਰਾ ਹੁੰਦੀ ਹੈ ਉਨ੍ਹਾਂ ਸਾਰਿਆਂ ਦੇ ਦੋ ਸਰੀਰ (ਇੱਕ ਸੂਖਮ ਦੂਜਾ ਸਥੂਲ) ਹੁੰਦੇ ਹਨ, ਕਿੰਤੂ ਬ੍ਰਹਮ ਦਾ, ਜਿਸਦੀ ਉਤਪਤੀ ਕਿਸੀ ਕਾਰਣ ਦੁਆਰਾ ਨਹੀਂ ਹੁੰਦੀ, ਸੂਖਮ ਸਰੀਰ ਹੀ ਇਕ ਸਰੀਰ ਹੁੰਦਾ ਹੈ। ਸਾਰੇ ਪ੍ਰਾਣੀਆਂ ਦਾ ਇਕ ਪਰਮ ਕਾਰਣ ਬ੍ਰਹਮ ਹੈ। ਉਸਦਾ ਕੋਈ ਕਾਰਣ ਨਹੀਂ ਹੈ, ਇਸ ਲਈ ਬ੍ਰਹਮ ਕੇਵਲ ਇਕ ਸਰੀਰ ਵਾਲਾ ਹੈ।ਆਦਿ ਪ੍ਰਜਾਪਤੀ (ਬ੍ਰਹਮ) ਦਾ ਭੌਤਿਕ ਸਰੀਰ ਨਹੀਂ ਹੁੰਦਾ, ਉਹ ਤਾਂ ਸ਼ੂੰਨਯ ਸਵਰੂਪ ਸੂਖਮ ਦੇਹ ਯੁਕਤ ਹੁੰਦਾ ਹੈ।ਆਦਿ ਪ੍ਰਜਾਪਤੀ ਕੇਵਲ ਮਾਨਸਿਕ ਸਰੀਰ ਵਾਲਾ ਹੁੰਦਾ ਹੈ, ਭੌਤਿਕ ਸਰੀਰ ਵਾਲਾ ਨਹੀਂ।ਸੂਖਮ ਰੂਪ ਵਾਲਾ ਰਹਿ ਕੇ ਹੀ ਉਹ ਪ੍ਰਜਾ ਦੀ ਸ੍ਰਿਸ਼ਟੀ ਕਰਦਾ ਹੈ।

**ਕੀ ਬ੍ਰਹਮ ਹੀ ਸਾਰੇ ਸੰਸਾਰ ਦੀ ਰਚਨਾ ਕਰਦਾ ਹੈ?**

ਇਹ ਜਗਤ ਬ੍ਰਹਮਾ ਦਾ ਆਕਾਰ ਧਾਰਣ ਕਰਨ ਵਾਲਾ ਮਨ ਨਾਮਕ ਜੀਵ (ਬ੍ਰਹਮਾ) ਦਾ ਮਨੋਰਾਜ (ਕਲਪਨਾ) ਹੈ, ਕਿੰਤੂ ਸੱਚ ਪ੍ਰਤੀਤ ਹੁੰਦਾ ਹੈ। ਅਹੰਯੁਕਤ ਬ੍ਰਹਮਰੂਪੀ ਭਾਵਨਾ ਸੰਕਲਪਾਂ ਦੁਅਰਾ ਸ੍ਰਿਸ਼ਟੀ ਦੀ ਰਚਨਾ ਕਰਦੀ ਹੈ।ਇਹ ਚਿਤਿ ਆਪਣੇ ਅੰਦਰ ਹੀ ਨਿਮੇਸ਼ ਦੇ ਵੀ ਕਰੋੜਵੇਂ ਹਿੱਸੇ ਵਿੱਚ ਯੁਗਾਂ ਦੇ ਅੰਤ ਤਕ ਦਾ ਅਨੁਭਵ ਕਰ ਲੈਂਦੀ ਹੈ। ਮਨ ਦਾ ਰੂਪ ਧਾਰਣ ਕਰਕੇ ਬ੍ਰਹਮ ਇਸ ਸ੍ਰਿਸ਼ਟੀ ਦੀ ਜੋ ਕਿ ਆਤਮਾ ਨਾਲ ਹੋਰ ਨਹੀਂ ਹੈ, ਇੰਝ ਰਚਨਾ ਕਰਦਾ ਹੈ ਜਿਵੇਂ ਸਮੁੰਦਰ ਜਲ ਵਿੱਚ ਬਹਿੰਦੇ ਹੋਏ ਜਲ ਦੀ ਰਚਨਾ ਹੋ ਜਾਂਦੀ ਹੈ। ਜਿਵੇਂ ਵਾਯੂ ਮੰਡਲ ਵਿੱਚ ਹਵਾ ਚਲਣ ਲੱਗਦੀ ਹੈ ਵੈਸੇ ਹੀ ਬ੍ਰਹਮ ਦੇ ਸਰਵ ਪ੍ਰਥਮ ਸਪੰਦ ਬ੍ਰਹਮ ਨਾਲ ਉਸਤੋਂ ਅਨਨਯ ਸਵਰੂਪ ਵਾਲੀ ਸ੍ਰਿਸ਼ਟੀ ਉਦੈ ਹੁੰਦੀ ਹੈ।

**ਕੀ ਬ੍ਰਹਮ ਤੋਂ ਉਤਪੰਨ ਜਗਤ ਮਨ ਦੀ ਕਲਪਨਾ ਹੈ?**

ਜੋ ਵਸਤੂ ਜਿਸ ਵਸਤੂ ਤੋਂ ਉਤਪੰਨ ਹੁੰਦੀ ਹੈ ਉਹ ਉਸੀ ਪ੍ਰਕਾਰ ਦੀ ਹੁੰਦੀ ਹੈ, ਇਸ ਲਈ ਬ੍ਰਹਮ ਤੋਂ ਉਤਪੰਨ ਹੋਇਆ ਜਗਤ ਮਨ ਮਾਤਰ ਹੈ ਕਿਉਂਕਿ ਬ੍ਰਹਮਾ ਖੁਦ ਮਨਮਾਤਰ ਹੀ ਹਨ, ਉਸ ਵਿੱਚ ਸਥੂਲਤਾ ਤਨਿਕ, ਥੋੜੀ ਜਿਹੀ ਵੀ ਨਹੀਂ ਹੈ।

**ਕੀ ਹਰੇਕ ਸ੍ਰਿਸ਼ਟੀ ਨਵੀਂ ਹੈ ?**

ਇਸ ਅਰਥ ਨੂੰ ਸਮਝਣ ਲਈ ਪਹਿਲਾ ਸਾਨੂੰ ਸ੍ਰਿਸ਼ਟੀ ਦਾ ਅਰਥ ਸਮਝਣਾ ਪਏਗਾ, ਜਿਵੇਂ ਕਿ ਨਿਰਮਾਣ, ਪ੍ਰਕ੍ਰਿਤੀ, ਪ੍ਰਿਥਵੀ,ਰਚਨਾ ਆਦਿ ਸਭ ਸ੍ਰਿਸ਼ਟੀ ਦੇ ਰੂਪ ਹਨ ਇਹਨ੍ਹਾਂ ਰੂਪਾਂ ਤੋਂ ਅਨੁਭਵ ਵਿੱਚ ਆਉਣ ਵਾਲਾ ਸੁਪਨਾ ਅਪੂਰਵ ਹੈ। ਮਹਾਕਲਪ ਦੇ ਅੰਤ ਵਿੱਚ ਬ੍ਰਹਮ ਆਦਿ ਸਾਰਿਆਂ ਦੀ ਮੁਕਤੀ ਹੋ ਜਾਣ ਦੇ ਕਾਰਣ ਪੂਰਵ ਕਾਲ ਦੀ ਕੋਈ ਸਿਮਰਤੀ ਵੀ ਬ੍ਰਹਮ ਦਾ ਕਾਰਣ ਨਹੀਂ ਹੋ ਸਕਦੀ।

## 19 ਅਕਤੂਬਰ ਜਨਮ ਦਿਨ

# ਇਸਲਾਮੀ ਜਗਤ ਵਿਚ ਸਤਿਕਾਰਯੋਗ ਸਥਾਨ ਰੱਖਣ ਵਾਲੇ ਪੈਗ਼ੰਬਰ ਹਜ਼ਰਤ ਮੁਹੰਮਦ ਸਾਹਿਬ ਜੀ

ਰਮੇਸ਼ ਬੱਗਾ ਚੋਹਲਾ
91-94631-32719

ਧਰਮ ਕੋਈ ਵੀ ਹੋਵੇ ਮਨੁੱਖ ਨੂੰ ਮਨੁੱਖਤਾ ਦਾ ਸਬਕ ਪੜ੍ਹਾ ਕੇ ਜਿਥੇ ਉਸ (ਮਨੁੱਖ) ਦੇ ਮਨਵਾਵਾਦੀ ਬਣਨ ਦੀ ਹਾਮੀ ਭਰਦਾ ਹੈ,ਉਥੇ ਨਾਲ ਹੀ ਰੱਬੀ ਸੰਦੇਸ਼ ਅਤੇ ਰੂਹਾਨੀ ਉਪਦੇਸ਼ ਸਦਕਾ ਮਨੁੱਖ ਦੇ ਆਤਮਿਕ ਜੀਵਨ ਵਿਚ ਨਿਖ਼ਾਰ ਲਿਆਉਣ ਦਾ ਯਤਨ ਵੀ ਕਰਦਾ ਹੈ।ਹਰੇਕ ਧਰਮ ਆਪੋ ਆਪਣੀ ਧਾਰਮਿਕ-ਮਰਯਾਦਾ ਅਤੇ ਪੂਜਾ-ਪੱਧਤੀ ਅਨੁਸਾਰ ਆਤਮਾ ਅਤੇ ਪਰਮਾਤਮਾ ਵਿਚ ਨੇੜਤਾ ਸਥਾਪਿਤ ਕਰਕੇ ਆਪਸੀ ਅਭੇਦਤਾ ਦੀ ਅਜਿਹੀ ਅਵਸਥਾ ਪੈਦਾ ਕਰਦਾ ਹੈ ਜਿਸ ਤੱਕ ਪਹੁੰਚ ਕਿ ਕੋਈ ਵੀ ਸਾਧਕ ਆਵਾਗਮਨ (ਜਨਮ-ਮਰਨ) ਦੇ ਚੱਕਰ ਤੋਂ ਛੁਟਕਾਰਾ ਪਾ ਸਕਦਾ ਹੈ।ਪਰ ਇਲਾਹੀ ਆਨੰਦ ਦੀ ਇਹ ਉੱਚਤਮ ਅਵਸ਼ਥਾ ਕੁੱਝ ਵਿਰਲਿਆਂ ਵਿਅਕਤੀਆਂ ਨੂੰ ਹੀ ਪ੍ਰਾਪਤ ਹੁੰਦੀ।ਰੂਹਾਨੀਅਤ ਦੀ ਇਸ ਉਚਤਮ ਅਤੇ ਆਨੰਦ-ਵਰਧਕ ਅਵਸਥਾ ਦੀ ਪ੍ਰਾਪਤੀ ਦਾ ਲਈ ਸਾਡੇ ਗੁਰੂ, ਪੀਰ ਪੈਗੰਬਰ,ਮੁਰਸ਼ਦ ਅਤੇ ਰਹਿਬਰ ਸਮੇਂ-ਸਮੇਂ ਆਪਣਾ ਬਣਦਾ-ਸਰਦਾ ਯੋਗਦਾਨ ਪਾਉਂਦੇ ਰਹੇ ਹਨ।ਉਨ੍ਹਾਂ ਦੇ ਇਸ ਬੇਸ਼ਕੀਮਤੀ ਅਤੇ ਮਹੱਤਵਪੂਰਨ ਯੋਗਦਾਨ ਬਦਲੇ ਲੋਕਾਈ (ਵਿਸ਼ੇਸ਼ ਕਰਕੇ ਉਨ੍ਹਾਂ ਦੇ ਪੈਰੋਕਾਰਾਂ) ਵੱਲੋਂ ਉਨ੍ਹਾਂ ਮਹਾਂਪੁਰਖਾਂ ਨੂੰ ਰੱਜਵਾਂ ਮਾਣ ਅਤੇ ਸਤਿਕਾਰ ਦਿੱਤਾ ਜਾਂਦਾ ਰਿਹਾ ਹੈ।ਮਨੁੱਖੀ ਮਾਰਗ ਨੂੰ ਰੁਸ਼ਨਾਉਣ ਵਾਲੀਆਂ ਆਪਣੀਆਂ ਸਦੀਵੀ ਸਿੱਖਿਆਵਾਂ ਕਾਰਨ ਉਹ ਇਸ ਫ਼ਾਨੀ ਦੁਨੀਆਂ ਤੋਂ ਵਫ਼ਾਤ ਪਾ ਜਾਣ ਤੋਂ ਬਾਅਦ ਵੀ ਆਪਣੇ ਮੁਰੀਦਾਂ ਦੇ ਮਨਾਂ ਉਪਰ ਸਦੀਆਂ ਤੱਕ ਆਪਣਾ ਪ੍ਰਭਾਵ ਬਣਾਈ ਰੱਖਦੇ ਹਨ।ਇਸ ਤਰ੍ਹਾਂ ਦਾ ਹੀ ਪ੍ਰਭਾਵ ਬਣਾਉਣ ਵਾਲਿਆਂ ਵਿਚ ਸ਼ਾਮਿਲ ਹੈ ਇਸਲਾਮ ਦੇ ਬਾਨੀ ਹਜ਼ਰਤ ਮੁਹੰਮਦ ਸਾਹਿਬ ਦਾ ਨਾਮ।

ਏਸ਼ੀਆ ਦੇ ਵੱਡੇ ਧਰਮਾਂ ਵਿਚ ਸ਼ੁਮਾਰ ਕੀਤੇ ਜਾਂਦੇ ਇਸਲਮ ਧਰਮ ਦੀ ਸਤਿਕਰਯੋਗ ਹਸਤੀ ਹਜ਼ਰਤ ਮੁਹੰਮਦ ਸਾਹਿਬ ਦਾ ਜਨਮ 570 ਈ: ਨੂੰ ਮੱਕੇ ਦੇ ਇੱਕ ਪੁਜਾਰੀ ਬਨੀ ਹਾਸ਼ਮ ਦੇ ਖ਼ਾਨਦਾਨ ਨਾਲ ਸਬੰਧ ਰੱਖਣ ਵਾਲੇ ਅਬਦੁੱਲਾ ਕੁਰੈਸ਼ੀ ਅਤੇ ਬੀਬੀ ਆਮਨਾ ਦੇ ਗ੍ਰਹਿ ਵਿਖੇ ਹੋਇਆ।ਮੁਹੰਮਦ ਸਾਹਿਬ ਦੇ ਜਨਮ ਤੋਂ ਪਹਿਲਾਂ ਹੀ ਉਨ੍ਹਾਂ ਦੇ ਪਿਤਾ ਦਾ ਦੇਹਾਂਤ ਹੋ ਗਿਆ ਜਿਸ ਕਰਕੇ ਉਨ੍ਹਾਂ ਦੇ ਪਾਲਣ-ਪੋਸ਼ਣ ਦੀ ਜ਼ਿੰਮੇਵਾਰੀ ਉਨ੍ਹਾਂ ਦਾਦਾ ਅਬਦੁੱਲ ਮੁਤਲਿਬ ਨੂੰ ਨਿਭਾਉਣੀ ਪਈ। ਜਦੋਂ ਮੁਹੰਮਦ ਸਾਹਿਬ ਦੀ ਉਮਰ ਛੇ ਸਾਲ ਦੀ ਹੋਈ ਤਾਂ ਬੀਬੀ ਆਮਨਾ ਉਨ੍ਹਾਂ ਨੂੰ ਆਪਣੇ ਪੇਕੇ ਮਦੀਨੇ ਲੈ ਗਈ ਪਰ ਮਦੀਨੇ ਤੋਂ ਵਾਪਸੀ ਦੇ ਸਮੇਂ ਅਬੋਹਾ ਨਾਮ ਦੇ ਇੱਕ ਪਿੰਡ ਕੋਲ ਬੀਬੀ ਆਮਨਾ ਅੱਲ੍ਹਾ ਨੂੰ ਪਿਆਰੀ ਹੋ ਗਈ।ਮਾਤਾ ਦੇ ਫ਼ੌਤ ਹੋ ਜਾਣ ਨਾਲ ਹਜ਼ਰਤ ਮੁਹੰਮਦ ਸਾਹਿਬ ਯਤੀਮ ਹੋ ਗਏ।ਅੱਠ ਸਾਲ ਦੀ ਉਮਰ ਤੱਕ ਪਹੁੰਚਦਿਆਂ ਦਾਦਾ ਅਬਦੁਲ ਮੁਤਲਿਬ ਦਾ (ਮੌਤ ਹੋ ਜਾਣ ਕਾਰਨ) ਸਾਥ ਵੀ ਛੁੱਟ ਗਿਆ।ਇਨ੍ਹਾਂ ਦੁਖ਼ਾਂਤਕ ਵਰਤਾਰਿਆਂ ਤੋਂ ਬਾਅਦ ਮੁਹੰਮਦ ਸਾਹਿਬ ਦੀ ਦੇਖਭਾਲ ਦਾ ਜ਼ਿੰਮਾ ਚਾਚਾ ਅਬੂ ਤਾਲਿਬ ਨੇ ਲੈ ਲਿਆ ਜਿਸ ਨੂੰ ਉਨ੍ਹਾਂ ਵੱਲੋਂ ਬਾਖ਼ੂਬੀ ਨਾਲ ਨਿਭਾਇਆ ਗਿਆ।

ਚਾਚਾ ਅਬੂ ਤਾਲਿਬ ਇੱਕ ਚੰਗੇ ਵਪਾਰੀ ਸਨ ਅਤੇ ਉਹ ਵਪਾਰ ਲਈ ਆਪਣੇ ਭਤੀਜੇ ਮੁਹੰਮਦ ਸਾਹਿਬ ਨੂੰ ਵੀ ਨਾਲ ਲੈ ਜਾਂਦੇ ਸਨ।ਚਾਚੇ ਨਾਲ ਜਾਣ ਕਰਕੇ ਜਿੱਥੇ ਉਨ੍ਹਾਂ ਨੂੰ ਵਪਾਰ ਦੀਆਂ ਬਰੀਕੀਆਂ ਦੀ ਸਮਝ ਆ ਗਈ ਉੱਥੇ ਨਾਲ ਹੀ ਦੂਸਰੇ ਦੇਸ਼ਾਂ ਦੇ ਧਰਮ ਅਤੇ ਰੀਤੀ-ਰਿਵਾਜ਼ਾਂ ਨੂੰ ਜਾਣਨ ਦਾ ਸੁਨਿਹਰੀ ਮੌਕਾ ਵੀ ਮਿਲ ਗਿਆ।ਇਸ ਸਮੇਂ ਦੌਰਾਨ ਉਨ੍ਹਾਂ ਨੇ ਈਸਾਈ ਪਾ-ਦਰੀਆਂ ਨਾਲ ਵੀਚਾਰ-ਗੋਸ਼ਟੀਆਂ ਕੀਤੀਆਂ ਅਤੇ ਉਨ੍ਹਾਂ ਦੇ ਨਿਸ-ਚਆਂ ਅਤੇ ਸਿਧਾਤਾਂ ਦੀ ਵਾਕਫ਼ੀਅਤ ਹਾਸਲ ਕੀਤੀ। ਈਸਾਈ ਅਤੇ ਮੂਸਾਈ ਪ੍ਰਚਾਰਕਾਂ ਤੋਂ ਹਜ਼ਰਤ ਨੇ ਬਹੁਤ ਸਾਰੇ ਧਾਰਮਿਕ ਨੁਕਤਿਆਂ ਨੂੰ ਹਾਸਲ ਕੀਤਾ ਜਿਹੜੇ ਬਾਅਦ ਵਿਚ ਇਸਲਾਮ ਵਿਚ ਰੂਪਾਂਤਰਿਤ ਹੋਏ ਹਨ। ਪੈਗੰਬਰ ਹਜ਼ਰਤ ਮੁਹੰਮਦ ਸਾਹਿਬ ਤੀਖਣ ਬੁੱਧੀ ਅਤੇ ਚੰਗਾ ਤਜਰਬਾ ਰੱਖਦੇ ਸਨ।ਭਲੇ ਪੁਰਸ਼ ਅਤੇ ਇਮਾਨਦਾਰ ਵੀ ਪੂਰੇ ਸਨ।ਇਸ ਕਰਕੇ ਲੋਕ ਉਨਾਂ ਨੂੰ 'ਸਾਦਕ' ਜਾਂ ਅਮੀਨ ਕਹਿੰਦੇ ਸਨ।। ਇੱਕ ਚੰਗੇ ਵਪਾਰੀ ਵੱਜੋਂ ਹਜ਼ਰਤ ਸਾਹਿਬ ਦਾ ਨਾਮ ਕਾਫ਼ੀ ਚਰਚਿਤ ਹੋ ਗਿਆ ਜਿਸ ਕਰਕੇ ਮੱਕੇ ਦੀ ਇੱਕ ਅਮੀਰ ਵਿਧਵਾ ਖਦੀਜਾ ਨੇ ਉਨ੍ਹਾਂ ਨਾਲ ਸ਼ਾਦੀ ਕਰ ਲਈ।ਉਸ ਸਮੇਂ ਖਦੀਜਾ ਦੀ ਉਮਰ 40 ਸਾਲ ਅਤੇ ਉਨ੍ਹਾਂ ਦੀ ਉਮਰ 25 ਸਾਲ ਸੀ। ਖਦੀਜਾ ਦੀ ਕੁੱਖੋਂ ਚਾਰ ਲੜਕੀਆਂ ਅਤੇ ਚਾਰ ਲੜਕੇ ਪੈਦਾ ਹੋਏ।

ਹਜ਼ਰਤ ਮੁਹੰਮਦ ਸਾਹਿਬ ਅੱਲ੍ਹਾ ਦੀ ਬੰਦਗੀ ਕਰਨ ਵਾਲੇ ਪੁਰਖ ਸਨ।ਬੰਦਗੀ ਦੇ ਸਮੇਂ ਉਹ ਇੱਕ ਪਹਾੜ ਉਪਰ ਬਣੀ ਹੋਈ ਹਿਰਾ ਨਾਮੀ ਗ਼ੁਫ਼ਾ ਵਿਚ ਚਲੇ ਜਾਂਦੇ ਸਨ ਅਤੇ ਗੁਜ਼ਾਰੇ ਲਈ ਕੁੱਝ ਸਤੂ ਅਤੇ ਪਾਣੀ ਵੀ ਆਪਣੇ ਨਾਲ ਲੈ ਜਾਂਦੇ ਸਨ।ਲਗਾਤਾਰ ਕਈ ਸਾਲਾਂ ਦੀ ਸਾਧਨਾ ਦੇ ਬਾਅਦ ਇੱਕ ਰੋਜ਼ ਅਚਨਚੇਤ ਉਨ੍ਹਾਂ ਨੂੰ ਇੱਕ ਫ਼ਰਿਸ਼ਤੇ ਦੇ ਦਰਸਨ ਹੋਏ ਜਿਸ ਨੇ ਮੁਹੰਮਦ ਸਾਹਿਬ ਨੂੰ ਅੱਲ੍ਹਾ ਦੇ ਰਸੂਲ ਹੋਣ 'ਤੇ ਮੁਬਾਰਕਬਾਦ ਦਿੱਤੀ। ਉਸ ਸਮੇਂ ਉਨ੍ਹਾਂ ਦੀ ਉਮਰ ਚਾਲੀ ਸਾਲ ਦੇ ਨੇੜੇ ਸੀ।ਜਦੋਂ ਉਹ ਆਪਣੇ ਘਰ ਆਏ ਤਾਂ ਉਨ੍ਹਾਂ ਦੇ ਚਿਹਰੇ 'ਤੇ ਕੁੱਝ ਘਬਰਾਹਟ ਸੀ। ਜਦੋਂ ਉਨ੍ਹਾਂ ਦੀ ਸ਼ਰੀਕ-ਏ-ਹਯਾਤ ਖ਼ਦੀਜਾ ਨੇ ਘਬਰਾਹਟ ਦਾ ਕਾਰਨ ਪੁੱਛਿਆ ਤਾਂ ਉਨ੍ਹਾਂ ਨੇ ਕਿਹਾ, ਉਮੈਂ ਪਹਾੜ ਦੀ ਕੰਦਰਾ ਵਿਚ ਬੈਠਾ ਹੋਇਆ ਸੀ ਕਿ ਇੱਕ ਫ਼ਰਿਸ਼ਤਾ ਮੇਰੇ ਸਾਹਮਣੇ ਆ ਗਿਆ ਅਤੇ ਉਸ ਨੇ ਜ਼ੋਰ ਨਾਲ ਘੁੱਟ ਕੇ ਮੈਨੂੰ ਕਿਹਾ, ਉਪੜ੍ਹ।" ਮੈਂ ਉਸ ਫ਼ਰਿਸ਼ਤੇ ਨੂੰ ਕਿਹਾ ਉਮੈ ਅਨਪੜ੍ਹ ਹਾਂ।"

ਉਸ ਨੇ ਮੈਨੂੰ ਫਿਰ ਹਿਲਾਇਆ ਅਤੇ ਕਿਹਾ,ਉਪੜ੍ਹ, ਆਪਣੇ ਪਾਲਣਹਾਰ ਦੇ ਨਾਮ ਨਾਲ,ਜਿਸ ਨੇ ਸਿਖਾਇਆ ਆਦਮ ਨੂੰ ਜੋ ਕੁੱਝ ਨਹੀਂ ਜਾਣਦਾ ਸੀ।" ਸਾਰੀ ਵਾਰਤਾ ਸੁਣ ਕੇ ਉਨ੍ਹਾਂ ਦੀ ਪਤਨੀ ਖ਼ਦੀਜਾ ਨੇ ਉਨ੍ਹਾਂ ਨੂੰ ਹੌਂਸਲਾ ਦਿੱਤਾ ਅਤੇ ਕਿਹਾ ਕਿ ਇਸ ਵਿਚ ਘਬਰਾਉਣ ਵਾਲੀ ਕੋਈ ਗੱਲ ਨਹੀਂ।ਖ਼ਦੀਜਾ ਦੇ ਹੌਂਸਲੇ ਨਾਲ ਮੁਹੰਮਦ ਸਾਹਿਬ ਦੀ ਤਸੱਲੀ ਨਹੀਂ ਹੋਈ। ਅਖ਼ੀਰ ਉਹ ਉਨ੍ਹਾਂ ਨੂੰ ਆਪਣੇ ਚਾਚੇ ਦੇ ਲੜਕੇ ਵਰਕਾ ਕੋਲ ਲੈ ਗਈ।ਵਰਕਾ ਇਸਾਈ ਸੀ।


ਉਸ ਨੇ ਮੁਹੰਮਦ ਸਾਹਿਬ ਨੂੰ ਕਿਹਾ, "ਰੱਬ ਤਹਾਨੂੰ ਪੈਗ਼ੰਬਰ ਬਣਾਉਣ ਲੱਗਾ ਹੈ।" ਇਹ ਗੱਲ ਸੁਣ ਕੇ ਉਨ੍ਹਾਂ ਨੂੰ ਕੁੱਝ ਧੀਰਜ ਹੋ ਗਿਆ। ਇੱਕ ਦਿਨ ਹਜ਼ਰਤ ਸਾਹਿਬ ਫਿਰ ਦੌੜੇ ਹੋਏ ਬਾਹਰੋਂ ਆਏ।

ਖ਼ਦੀਜਾ ਨੇ ਕਪੜੇ ਪਾ ਕੇ ਛੁਪਾ ਦਿੱਤਾ ਅਤੇ ਪੁੱਛਿਆ ਉਅੱਜ ਕੀ ਭਾਣਾ ਵਰਤਿਆ ਹੈ।"ਮੁਹੰਮਦ ਸਾਹਿਬ ਨੇ ਦੱਸਿਆ,ਉਅੱਜ ਫਿਰ ਉਸੇ ਤਰ੍ਹਾਂ ਦੀਆਂ ਆਵਾਜਾਂ ਆਉਂਦੀਆਂ ਸਨ।" ਫ਼ਰਿਸ਼ਤੇ ਨੇ ਕਿਹਾ ਉਐ ਆਪਣੇ ਉਪਰ ਕਪੜਾ ਲੈਣ ਵਾਲਿਆ! ਖੜਾ ਹੋ ਤੇ ਆਪਣੇ ਪਾਲਣਹਾਰ ਦੀ ਵਡਿਆਈ ਕਰ।ਗੰਦਗੀ ਛੱਡ ਕੇ ਆਪਣੇ ਕਪੜਿਆਂ ਨੂੰ ਪਵਿੱਤਰ ਕਰ।" ਇਹ ਸੁਣ ਕੇ ਖ਼ਦੀਜਾ ਉਨ੍ਹਾਂ ਨੂੰ ਫਿਰ ਆਪਣੇ ਚਾਚੇ ਦੇ ਪੁੱਤਰ ਵਰਕਾ ਪਾਸ ਲੈ ਗਈ।

ਮੁਹੰਮਦ ਸਾਹਿਬ ਨੇ ਉਸ ਨੂੰ ਸਾਰੀ ਵਿਥਿਆ ਕਹਿ ਸੁਣਾਈ।ਵਰਕਾ ਨੇ ਕਿਹਾ, ਉਅਜਿਹੇ ਫ਼ਰਿਸ਼ਤੇ ਸਿਰਫ ਪੈਗ਼ੰਬਰਾਂ ਕੋਲ ਹੀ ਆਉਂਦੇ ਹਨ।" ਪੈਗ਼ੰਬਰੀ ਦਾ ਯਕੀਨ ਹੋ ਜਾਣ 'ਤੇ ਹਜ਼ਰਤ ਮੁਹੰਮਦ ਸਾਹਿਬ ਨੇ ਇਸਲਾਮ ਦਾ ਪ੍ਰਚਾਰ ਆਰੰਭ ਕਰ ਦਿੱਤਾ। ਸਭ ਤੋਂ ਪਹਿਲਾਂ ਜ਼ੈਦ ਨਾਮੇ ਗ਼ੁਲਾਮ ਨੇ ਇਸਲਾਮ ਕਬੂਲ ਕੀਤਾ। ਉਸ ਤੋਂ ਬਾਅਦ ਉਨ੍ਹਾਂ ਦੀ ਪਤਨੀ ਮੋਮਨ ਬਣੀ। ਇਸ ਤੋਂ ਪਿਛੋਂ ਵਰਕਾ ਦੀਨ ਵਿਚ ਆਇਆ।ਫਿਰ ਚਾਚੇ ਦੇ ਪੁੱਤਰ ਅਲੀ ਨੇ ਵੀ ਉਨ੍ਹਾਂ ਉਪਰ ਈਮਾਨ ਲੈ ਆਂਦਾ। ਤਿੰਨ ਸਾਲ ਤੱਕ ਹਜ਼ਰਤ ਮੁਹੰਮਦ ਸਾਹਿਬ ਨੂੰ ਕੋਈ ਆਇਤ ਨਹੀਂ ਉਤਰੀ। ਤਰਤਾਲੀ ਸਾਲ ਦੇ ਹੋਣ 'ਤੇ ਉਨ੍ਹਾਂ ਨੇ ਇਸਲਾਮ ਦਾ ਪ੍ਰਚਾਰ ਸ਼ੁਰੂ ਕੀਤਾ। ਤਿੰਨ ਸਾਲ ਤੱਕ ਕੇਵਲ 40 ਆਦਮੀ ਹੀ ਮੁਸਲਮਾਨ ਹੋਏ।

ਹਜ਼ਰਤ ਮੁਹੰਮਦ ਦੇ ਆਪਣੇ ਘਰਾਣੇ ਦਾ ਮਜ਼੍ਹਬ ਮੂਰਤੀ-ਪੂਜਾ ਸੀ। ਮੱਕਾ ਕੁਰੈਸ਼ ਦਾ ਧਾਰਮਿਕ ਮੰਦਰ ਸੀ ਜਿਥੇ 360 ਦੇਵਤਿਆਂ ਦੀਆਂ ਮੂਰਤੀਆਂ ਤੇ ਕਿਸੇ ਟੁੱਟੇ ਹੋਏ ਤਾਰੇ ਦਾ ਇਕ ਟੁੱਕੜਾ ਕਾਲੇ ਰੰਗ ਦਾ ਪੱਥਰ (ਸੰਗ-ਏ-ਅਸਵਦ) ਸਨ, ਜਿੰਨ੍ਹਾ ਦੀ ਪੂਜਾ-ਅਰਚਨਾ ਕੀਤੀ ਜਾਂਦੀ ਸੀ। ਮੱਕੇ ਦੇ 'ਮਜਾਵਰ' ਆਪਣੀ ਪੂਜਾ-ਭੇਟਾ ਕਾਇਮ ਰੱਖਣ ਲਈ ਪੁਰਾਣੇ ਮਜ਼੍ਹਬ ਵਿਚ ਕਿਸੇ ਤਬਦੀਲੀ ਲਈ ਤਿਆਰ ਨਹੀਂ ਸਨ ਪਰ ਹਜ਼ਰਤ ਮੁਹੰਮਦ ਸਾਹਿਬ ਇੱਕ ਈਸ਼ਵਰਵਾਦੀ ਹੋਣ ਕਰਕੇ ਚਾਹੁੰਦੇ ਸਨ ਕਿ ਉੱਥੇ ਇੱਕ ਖ਼ੁਦਾ ਦੀ ਬੰਦਗੀ ਕੀਤੀ ਜਾਵੇ। ਇਹ ਕਾਰਜ ਹੀ ਉਨ੍ਹਾਂ ਦਾ ਜੀਵਨ-ਉਦੇਸ਼ ਬਣ ਗਿਆ।ਪਰ ਇਹ ਇੱਕ ਔਖਾ ਅਤੇ ਸੰਵੇਦਨਸ਼ੀਲ ਕਾਰਜ ਸੀ।ਇਸ ਨੂੰ ਨੇਪਰ੍ਹੇ ਚਾੜਨ ਲਈ ਸਭ ਤੋਂ ਵੱਧ ਵਿਰੋਧ ਉਨ੍ਹਾਂ ਨੂੰ ਆਪਣੇ ਕਬੀਲੇ ਕੁਰੈਸ਼ ਦਾ ਹੀ ਸਹਿਣਾ ਪਿਆ।

ਉਨ੍ਹਾਂ ਦੇ ਇਸ ਅੜੀਅਲ ਰਵੱਈਏ ਕਾਰਨ ਮੁਹੰਮਦ ਸਾਹਿਬ ਨੂੰ ਉਨ੍ਹਾਂ ਨਾਲ ਧਰਮ-ਯੁੱਧ ਵੀ ਕਰਨੇ ਪਏ।ਇਨ੍ਹਾਂ ਯੁੱਧਾਂ ਤੋਂ ਬਾਅਦ ਅਖ਼ੀਰ ਉਹ ਆਪਣੇ ਮਿਸ਼ਨ ਵਿਚ ਕਾਮਯਾਬ ਹੋ ਗਏ। ਇਸ ਕਾਮਯਾਬੀ ਕਾਰਨ ਇਸਲਾਮ ਜਗਤ ਵਿਚ ਉਨ੍ਹਾਂ ਦਾ ਨਾਂ ਬਹੁਤ ਹੀ ਅਦਬ ਨਾਲ ਲਿਆ ਜਾਂਦਾ ਹੈ। ਪਿਆਰ, ਸਦਭਾਵਨਾ ਅਤੇ ਆਪਸੀ ਭਾਈਚਾਰੇ ਦਾ ਸੁਨੇਹਾ ਦੇਣ ਵਾਲੇ ਇਹ ਮਹਾਂਪੁਰਖ 632 ਈ. ਵਿਚ (ਕੁਝ ਸਮਾਂ ਬਿਮਾਰ ਰਹਿਣ ਕਾਰਨ) ਅੱਲ੍ਹਾ ਨੂੰ ਪਿਆਰੇ ਹੋ ਗਏ।




# ਬਾਬਾ ਸਾਹਿਬ ਦੀ ਪੰਜਾਬੀ ਦਲਿਤਾਂ ਨੂੰ ਦੇਣ






ਸੰਤੋਖ ਸਿੰਘ ਜੱਸੀ
91-70876-19800

ਪੰਜਾਬ ਭਾਰਤ ਦਾ ਸੱਭ ਤੋਂ ਖੁਸ਼ਹਾਲ ਸੂਬਾ ਹੈ। ਕੁਦਰਤ ਮਾਂ ਦੀ ਬਹੁਤ ਕਿਰਪਾ ਹੈ ਪੰਜਾਬ 'ਤੇ। ਜਿਸ ਕਾਰਨ ਪੰਜਾਬ ਦੀ ਧਰਤੀ ਬਹੁਤ ਉਪਜਾਊ ਹੈ। ਪੰਜਾਬ ਵਿੱਚ ਮੈਦਾਨੀ ਇਲਾਕੇ ਵੀ ਹਨ ਅਤੇ ਪਹਾੜੀ ਖੇਤਰ ਵੀ ਹਨ। ਸਿੰਚਾਈ ਦੇ ਸਾਧਨ ਵੀ ਹਨ ਜ਼ਮੀਨ ਹੇਠਲਾ ਪਾਣੀ ਬਹੁਤ ਸ਼ੁੱਧ ਅਤੇ ਹਾਲ ਦੀ ਘੜੀ ਪਰਿਆਪਤ ਮਾਤਰਾ ਵਿੱਚ ਹੈ। ਜਿਸ ਕਾਰਨ ਹਰ ਪ੍ਰਕਾਰ ਦੀਆਂ ਫਸਲਾਂ ਦੀ ਪੈਦਾਵਾਰ ਵਧੀਆ ਹੁੰਦੀ ਹੈ। ਕਹਿਣ ਦਾ ਭਾਵ ਹੈ ਕਿ ਕੁਦਰਤ ਨੇ ਪੰਜਾਬੀਆਂ ਨਾਲ, ਪੰਜਾਬੀ ਸੂਬੇ ਨਾਲ ਕੋਈ ਵਿਤਕਰਾ ਨਹੀਂ ਕੀਤਾ। ਪਰ ਸਮੇਂ ਦੀ ਸਰਕਾਰਾਂ ਨੇ ਪੰਜਾਬ ਵਿਚ ਵੀ ਮਨੂੰਵਾਦੀ ਵਿਵਸਥਾ ਹੇਠ ਦਲਿਤਾਂ ਨਾਲ ਵਿਤਕਰਾ ਕਰਨ ਵਿਚ ਕੋਈ ਕਸਰ ਨਹੀਂ ਛੱਡੀ। ਪੰਜਾਬ ਵਿੱਚ ਇੱਕ ਭੰਗੀ ਨੂੰ ਦੂਸਰੀ ਜਗ੍ਹਾ ਜਾਣ ਲਈ ਜਾਂ ਦੂਸਰੇ ਲੋਕਾਂ ਤੱਕ ਪਹੁੰਚਣ ਲਈ ਉੱਚੀ ਆਵਾਜ਼ ਵਿੱਚ 'ਦੂਰ ਹਟੋ' ਭੰਗੀ ਆ ਰਿਹਾ ਹੈ, ਚਿਲਾਉਣਾ ਪੈਂਦਾ ਸੀ। ਪੰਜਾਬ ਵਿੱਚ ਦਲਿਤ ਸਰਵਜਨਕ ਖੂਹ ਤੋਂ ਜਾਂ ਖਾਸਕਰ ਉੱਚ ਜਾਤੀ ਦੇ ਖੂਹਾਂ ਤੋਂ ਪਾਣੀ ਨਹੀਂ ਲੈ ਸਕਦੇ ਸਨ।

ਜ਼ਿਲ੍ਹਾ ਲੁਧਿਆਣਾ ਦੇ ਨਗਰ ਖੰਨਾ ਵਿੱਚ ਦੋ ਅਛੂਤਾਂ ਨੇ ਸਵਰਨ ਹਿੰਦੂਆਂ ਦੇ ਖੂਹ ਤੋਂ ਪਾਣੀ ਭਰ ਲਿਆ ਤਾਂ ਡਿਪਟੀ ਕਮਿਸ਼ਨਰ ਲੁਧਿਆਣਾ ਨੇ ਉਹਨਾਂ ਨੂੰ ਅਜਿਹਾ ਕਰਨ ਤੋਂ ਮਨ੍ਹਾਂ ਕਰ ਦਿੱਤਾ। ਜਦਕਿ ਉਸਦੀ ਡਿਊਟੀ ਛੂਆਛਾਤ ਮਿਟਾਉਣ ਦੀ ਸੀ। ਹਿੰਦੂ ਕੋਡ ਬਿੱਲ ਜੋ ਖਾਸ ਕਰਕੇ ਭਾਰਤੀ ਔਰਤਾਂ ਦੀ ਗੁਲਾਮੀ ਅਤੇ ਹੋਰ ਸਮਾਜਿਕ ਬੁਰਾਈਆਂ ਵਿਰੁੱਧ ਘੋਸ਼ਣਾ ਪੱਤਰ ਸੀ, ਬਾਰੇ ਪੰਡਿਤ ਠਾਕੁਰ ਦਾਸ ਭਾਰਗਵ ਨੇ ਕਿਹਾ ਕਿ "ਇਹ ਬਿੱਲ ਪੰਜਾਬ 'ਤੇ ਲਾਗੂ ਨਾ ਕੀਤਾ ਜਾਵੇ।" ਇਹ ਵਿਤਕਰਾ ਤਾਂ ਪੰਜਾਬ ਦੇ ਨਾਲ-ਨਾਲ ਸਾਰੇ ਭਾਰਤ ਦੇ ਅਛੂਤ ਵੀ ਝੱਲ ਰਹੇ ਸਨ, ਪਰ ਪੰਜਾਬ ਦੇ ਅਛੂਤ ਜਾਤੀਵਾਦ ਦੀ ਇੱਕ ਹੋਰ ਮਾਰ ਵੀ ਝੱਲ ਰਹੇ ਸਨ। ਉਹ ਪੰਜਾਬ ਲੈਂਡ ਐਲੀਨੇਸ਼ਨ ਐਕਟ ਤਹਿਤ ਸੀ।

ਇਸ ਐਕਟ ਅਧੀਨ ਕੁੱਝ ਜਾਤੀਆਂ ਅਤੇ ਕਬੀਲਿਆਂ ਨੂੰ ਜਮੀਨ ਦੀ ਮਾਲਕੀ ਦੇ ਅਧਿਕਾਰ ਤੋਂ ਵੰਚਿਤ ਕੀਤਾ ਗਿਆ ਸੀ। ਇਸ ਐਕਟ ਨੂੰ ਬਣਾਉਣ ਦਾ ਬ੍ਰਿਟਿਸ਼ ਸਰਕਾਰ ਦਾ ਮਕਸਦ ਸ਼ਾਹੂਕਾਰਾਂ ਹੱਥੋਂ ਪੰਜਾਬ ਦੇ ਗਰੀਬ ਅਤੇ ਕਮਜੋਰ ਕਿਸਾਨਾਂ ਦੀ ਹੋ ਰਹੀ ਲੁੱਟ-ਖਸੁੱਟ ਤੋਂ ਰਾਖੀ ਕਰਨਾ ਸੀ। ਜਿਨ੍ਹਾਂ ਦੇ ਉਹ ਕਰਜਾਈ ਸਨ ਅਤੇ ਜਿਨ੍ਹਾਂ ਦੀਆਂ ਜਮੀਨਾਂ ਨੂੰ ਸ਼ਾਹੂਕਾਰ ਹੜੱਪ ਰਹੇ ਸਨ। ਇਸ ਐਕਟ ਅਧੀਨ ਤਿੰਨ ਪ੍ਰਮੁੱਖ ਜਾਤੀਆਂ ਅਰੋੜੇ, ਬਾਣੀਏ ਅਤੇ ਖੱਤਰੀ ਜੋ ਕਿ ਪ੍ਰੰਪਰਾਗਤ ਤੌਰ 'ਤੇ ਸ਼ਾਹੂਕਾਰ ਹਨ, ਉੱਪਰ ਖਾਸ ਤੌਰ 'ਤੇ ਖੇਤੀਬਾੜੀ ਵਾਲੀ ਜਮੀਨ ਖਰੀਦਣ 'ਤੇ ਪਾਬੰਦੀ ਲਗਾਈ ਗਈ ਸੀ। ਇਸ ਐਕਟ ਅਧੀਨ ਇਹ ਕਾਨੂੰਨ ਬਣਾਇਆ ਗਿਆ ਸੀ ਕਿ ਖੇਤੀਬਾੜੀ ਕਰਨ ਵਾਲੇ ਕਿਸਾਨ/ਜ਼ਿਮੀਂਦਾਰ ਹੀ ਕਿਸੇ ਦੂਜੇ ਕਿਸਾਨ/ਜ਼ਿ-ਮੀਂਦਾਰ ਦੀ ਜਾਇਦਾਦ ਨੂੰ ਖਰੀਦ ਸਕਦੇ ਸਨ। ਕਿਉਂਕਿ ਪੰਜਾਬ ਦੇ ਅਛੂਤਾਂ ਨੂੰ ਉਸ ਸਮੇਂ ਕੰਮੀ/ਨੀਚ/ਨੌਕਰ ਸਮਝਿਆ ਜਾਂਦਾ ਸੀ ਅਤੇ ਉਹ ਪ੍ਰੰਪਰਾਗਤ ਤੌਰ 'ਤੇ ਗੈਰ ਜ਼ਿਮੀਂਦਾਰ ਤੇ ਬੇਜ਼ਮੀਨੇ ਸਨ ਅਤੇ ਉਕਤ ਐਕਟ ਉਹਨਾਂ ਉੱਤੇ ਵੀ ਪੂਰੀ ਤਰ੍ਹਾਂ ਲਾਗੂ ਹੁੰਦਾ ਸੀ। ਪੰਜਾਬ ਦੇ ਅਛੂਤ ਵੀ ਇਸ ਐਕਟ ਤੋਂ ਬੁਰੀ ਤਰ੍ਹਾਂ ਪ੍ਰਭਾਵਿਤ ਅਤੇ ਪੀੜਤ ਸਨ। ਐਨਾ ਹੀ ਨਹੀਂ ਜਿਹੜੇ ਰਵਾਇਤੀ ਕਾਨੂੰਨ ਜੋ ਪੰਜਾਬ ਲੈਂਡ ਐਲੀਨੇਸ਼ਨ ਐਕਟ 1901 ਦੀਆਂ ਧਾਰਾਵਾਂ ਦੇ ਨਾਲ-ਨਾਲ ਹੀ ਪੰਜਾਬ ਵਿੱਚ ਲਾਗੂ ਸਨ, ਉਨ੍ਹਾਂ ਰਵਾਇਤੀ ਕਾਨੂੰਨਾਂ ਅਧੀਨ ਅਛੂਤਾਂ ਨੂੰ ਆਪਣੀ ਰਿਹਾਇਸ਼ ਲਈ ਵੀ ਜਮੀਨ ਦਾ ਇੱਕ ਛੋਟਾ ਜਿਹਾ ਟੁੱਕੜਾ ਖਰੀਦਣ ਦਾ ਵੀ ਅਧਿਕਾਰ ਨਹੀਂ ਸੀ। ਸਿੱਟੇ ਵਜੋਂ ਅਛੂਤ ਆਪਣੀਆਂ ਛੋਟੀਆਂ ਝੌਂਪੜੀਆਂ ਬਣਾਉਣ ਲਈ ਵੀ ਹਮੇਸ਼ਾ ਜ਼ਿਮੀਦਾਰਾਂ ਦੇ ਤਰਸ 'ਤੇ ਨਿਰਭਰ ਕਰਦੇ ਸਨ।

1901 ਵਿੱਚ ਇਸ ਐਕਟ ਦੇ ਬਣਨ ਅਤੇ ਇਸ ਉਪਰੰਤ 1906 ਵਿੱਚ ਇਸ ਵਿੱਚ ਸੋਧ ਹੋਣ ਤੋਂ ਬਾਅਦ ਲਗਾਤਾਰ ਇਸ ਐਕਟ ਨੂੰ ਖਤਮ ਕਰਨ ਲਈ ਲੋਕ ਸੰਘਰਸ਼ ਕਰ ਰਹੇ ਸਨ, ਪਰ ਉਨ੍ਹਾਂ ਨੂੰ ਕੋਈ ਕਾਮਯਾਬੀ ਨਹੀਂ ਮਿਲ ਰਹੀ ਸੀ। ਜਦੋਂ ਬਾਬਾ ਸਾਹਿਬ ਡਾ. ਬੀ.ਆਰ. ਅੰਬੇਡਕਰ ਆਜ਼ਾਦ ਭਾਰਤ ਦੇ ਪਹਿਲੇ ਕਾਨੂੰਨ ਮੰਤਰੀ ਬਣੇ ਤਾਂ ਉਨ੍ਹਾਂ ਨੂੰ ਇਸ ਐਕਟ ਨੂੰ ਖਤਮ ਕਰਕੇ ਪੰਜਾਬ ਦੇ ਲੋਕਾਂ ਨੂੰ ਰਾਹਤ ਦੇਣ ਦਾ ਸੁਨਹਿਰੀ ਮੌਕਾ ਮਿਲਿਆ।

16 ਸਤੰਬਰ 1954 ਨੂੰ ਬਾਬਾ ਸਾਹਿਬ ਅੰਬੇਡਕਰ ਜੀ ਨੇ ਰਾਜ ਸਭਾ ਵਿੱਚ ਆਪਣੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਮੈਂ ਪੰਜਾਬ ਵਿੱਚ ਲੈਂਡ ਐਲੀਨੈਸ਼ਨ ਐਕਟ 1901 ਨੂੰ ਆਪਣੇ ਕਾਨੂੰਨ ਮੰਤਰੀ ਪਦ ਦੇ ਕਾਰਜਕਾਲ ਵਿੱਚ ਮੁਕੰਮਲ ਤੌਰ 'ਤੇ ਖਤਮ ਕਰਨ ਵਿੱਚ ਕਾਮਯਾਬ ਹੋਇਆ ਹਾਂ। ਜੋ ਕਿ ਸੰਵਿਧਾਨ ਦੇ ਆਰਟੀਕਲ 372 ਧਾਰਾ (2) ਦੇ ਬਿਲਕੁੱਲ ਵਿਰੁੱਧ ਸੀ। ਬਾਬਾ ਸਾਹਿਬ ਨੇ ਅੱਗੇ ਹੋਰ ਬੋਲਦਿਆਂ ਕਿਹਾ ਕਿ ਇਸ ਐਕਟ ਦੇ ਨਾਲ-ਨਾਲ ਜੋ ਰਵਾਇਤੀ ਕਾਨੂੰਨ ਪੰਜਾਬ ਵਿੱਚ ਲਾਗੂ ਸਨ, ਉਨ੍ਹਾਂ ਰਵਾਇਤੀ ਕਾਨੂੰਨਾਂ ਅਨੁਸਾਰ ਪਿੰਡ ਦੀ ਸ਼ਾਮਲਾਟ ਜਮੀਨ ਨੂੰ ਪਿੰਡ ਦੇ ਸਿਰਫ ਉਨ੍ਹਾਂ ਭਾਈਚਾਰਿਆਂ/ਜਾਤੀਆਂ ਵਿੱਚ ਹੀ ਵੰਡਿਆ ਜਾਂਦਾ ਸੀ, ਜੋ ਜੱਦੀ ਪੁਸ਼ਤੀ ਜਮੀਨਾਂ ਜਾਇਦਾਦਾਂ ਦੇ ਮਾਲਕ ਹੋਣ ਜਾਂ ਜ਼ਿਮੀਂਦਾਰ ਹੋਣ। ਉਨ੍ਹਾਂ ਤੋਂ ਇਲਾਵਾ ਬਾਕੀ ਸਾਰੇ ਗੈਰ ਜ਼ਿਮੀਂਦਾਰ ਸਨ ਅਤੇ ਉਨ੍ਹਾਂ ਨੂੰ ਕਮੀਨ ਕਿਹਾ ਜਾਂਦਾ ਸੀ, ਜਿਸ ਤੋਂ ਭਾਵ ਸੀ ਕਿ ਉਹ ਛੋਟੀਆਂ ਜਾਤੀਆਂ ਨਾਲ ਸੰਬੰਧਿਤ ਸਨ ਅਤੇ ਉਨ੍ਹਾਂ ਨੂੰ ਸ਼ਾਮਲਾਟ ਜਾਇਦਾਦ ਵਿੱਚੋਂ ਹਿੱਸੇ ਦਾ ਕੋਈ ਅਧਿਕਾਰ ਨਹੀਂ ਸੀ। ਸਿੱਟੇ ਵਜੋਂ ਉਹ ਜਮੀਨ ਦੇ ਟੁੱਕੜੇ 'ਤੇ ਰਹਿੰਦੇ ਸਨ, ਉਸ ਉੱਪਰ ਆਪਣਾ ਪੱਕਾ ਮਕਾਨ ਨਹੀਂ ਬਣਾ ਸਕਦੇ ਸਨ। ਉਨ੍ਹਾਂ ਨੂੰ ਹਮੇਸ਼ਾ ਇਹ ਡਰ ਬਣਿਆ ਰਹਿੰਦਾ ਸੀ ਕਿ ਪੰਜਾਬ ਦੇ ਜ਼ਿਮੀਂਦਾਰ ਕਿਸੇ ਵੇਲੇ ਵੀ ਉਨ੍ਹਾਂ ਨੂੰ ਜ਼ਮੀਨ ਦੇ ਟੁੱਕੜੇ ਤੋਂ ਬਾਹਰ ਦਾ ਰਾਸਤਾ ਦਿਖਾ ਸਕਦੇ ਹਨ। ਇਸ ਲਈ ਤੁਸੀਂ ਪ੍ਰੋ: ਦਵਿੰਦਰ ਕੁਮਾਰ ਦਾ 'ਵਿਹੜਾ ਆਪਣਾ ਧਰਤ ਪਰਾਈ' ਨਾਟਕ ਵੀ ਪੜ੍ਹ ਸਕਦੇ ਹੋ। ਇਸ ਪ੍ਰਕਾਰ ਇਨ੍ਹਾਂ ਕਾਨੂੰਨਾਂ ਦੇ ਚੱਲਦਿਆਂ ਪੰਜਾਬ ਦੇ ਅਛੂਤ ਆਪਣੇ ਪੱਕੇ ਘਰ ਨਹੀਂ ਬਣਾ ਸਕਦੇ ਸਨ ਅਤੇ ਨਾ ਹੀ ਰਿਹਾਇਸ਼ੀ ਜਾਂ ਖੇਤੀਬਾੜੀ ਵਾਲੀ ਜਮੀਨ ਦਾ ਕੋਈ ਟੁੱਕੜਾ ਖਰੀਦ ਸਕਦੇ ਸਨ।

ਇਸ ਤਰ੍ਹਾਂ ਬਾਬਾ ਸਾਹਿਬ ਅੰਬੇਡਕਰ ਜੀ ਨੇ ਕਾਨੂੰਨ ਮੰਤਰੀ ਹੁੰਦਿਆਂ ਸਭ ਤੋਂ ਪਹਿਲਾਂ ਐਕਟ ਜੋ ਖਤਮ ਕੀਤਾ, ਉਹ ਪੰਜਾਬ ਲੈਂਡ ਐਲੀਨੇਸ਼ਨ ਐਕਟ 1901 ਸੀ। ਉਨ੍ਹਾਂ ਨੇ ਇਸ ਐਕਟ ਨੂੰ ਬਾਕੀ ਬਹੁਤ ਸਾਰੇ ਐਕਟਾਂ ਦੇ ਮੁਕਾਬਲਤਨ ਸਭ ਤੋਂ ਵੱਧ ਪੱਖਪਾਤੀ ਤੇ ਅਨਿਆਂ ਪੂਰਨ ਮੰਨਿਆਂ ਅਤੇ ਪ੍ਰਮੁੱਖ ਤੌਰ 'ਤੇ ਇਸ ਨੂੰ ਸਭ ਤੋਂ ਪਹਿਲਾਂ ਖਤਮ ਕੀਤਾ।

ਅੱਜ ਅਨੁਸੂਚਿਤ ਜਾਤੀਆਂ ਦੇ ਲੋਕ ਜੋ ਸਾਰੇ ਅਧਿਕਾਰਾਂ ਤੋਂ ਵੰਚਿਤ ਸਨ ਨੂੰ ਜ਼ਮੀਨ ਜਾਇਦਾਦ ਖਰੀਦਣ ਦਾ ਪੂਰਾ ਅਧਿਕਾਰ ਹੈ। ਪੰਜਾਬ ਵਿਚ ਉਸ ਮੌਕੇ ਦੇ ਜ਼ਿਲ੍ਹਾ ਜਲੰਧਰ ਦੀ ਤਹਿਸੀਲ ਨਵਾਂਸ਼ਹਿਰ (ਹੁਣ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ) ਵਿਚ ਇਸ ਕਾਨੂੰਨ ਤਹਿਤ ਪਹਿਲੀ ਰਜਿਸਟਰੀ ਹੋਈ ਸੀ। ਹੁਣ ਉਨ੍ਹਾਂ ਵਿੱਚੋਂ ਬਹੁਤ ਸਾਰੇ ਲੋਕ ਖੇਤਾਂ ਦੇ ਮਾਲਕ ਹਨ। ਕਈ ਲੋਕ ਜ਼ਿਮੀਂਦਾਰ ਅਤੇ ਕਿਸਾਨ ਵੀ ਬਣ ਗਏ ਸਨ। ਜਿਸ ਨਾਲ ਉਨ੍ਹਾਂ ਦੇ ਜੀਵਨ ਵਿੱਚ ਕ੍ਰਾਂਤੀਕਾਰੀ ਤਬਦੀਲੀਆਂ ਆਈਆਂ ਹਨ।

ਅੱਜ ਪੰਜਾਬ ਦੇ ਦਲਿਤ ਅਛੂਤ ਲੋਕਾਂ ਵਲੋਂ ਜੋ ਮਹਿਲਨੁਮਾ ਘਰ ਅਤੇ ਕੋਠੀਆਂ ਬਣਾਈਆਂ ਗਈਆਂ ਹਨ, ਇਹ ਸਭ ਬਾਬਾ ਸਾਹਿਬ ਡਾ. ਬੀ.ਆਰ. ਅੰਬੇਡਕਰ ਜੀ ਦੇ ਸੰਘਰਸ਼ ਅਤੇ ਕੁਰਬਾਨੀਆਂ ਕਾਰਨ ਹੀ ਸੰਭਵ ਹੋ ਸਕਿਆ ਹੈ।

## ਬਘਿਆੜ

ਚਾਰ ਚੁਫੇਰੇ ਬੈਠੇ ਹਨ ਬਘਿਆੜ ਬੜੇ।
ਦਿਲ ਵਿੱਚ ਰੱਖੀ ਬੈਠੇ ਜਿਹੜੇ ਸਾੜ ਬੜੇ।

ਚਿੜੀਆਂ ਉੱਤੇ ਬਾਜ਼ ਰੋਜ਼ਾਨਾ ਝਪਟਣ ਇਹ,
ਸੂਰਤ ਬਗਲਾ, ਖਾਸੇ ਤੋਂ ਬਘਿਆੜ ਬੜੇ।

ਮਤਲਬ ਕੱਢ ਕੇ ਤੈਨੂੰ ਮੰਦਾ ਬੋਲਣਗੇ,
ਵਰਤਣ ਖਾਤਰ ਇਹਨਾਂ ਕੋਲੇ ਆੜ ਬੜੇ।

ਕਰਦੇ ਹੈਨ ਦਲਾਲੀ ਅਕਸਰ ਕੋਇਲੇ ਦੀ,
ਬਾਹਰੋਂ ਖ਼ੁਸ਼-ਬੂ ਅੰਦਰ ਭੈੜ-ਹਵਾੜ ਬੜੇ।

ਨਟਵਰ,ਸੱਜਣ ਠੱਗ ਜਿਹੇ ਨੇ ਇਹ ਲੋਕੀਂ,
ਫ਼ੋਕੀ ਸ਼ੁਹਰਤ ਦੇ ਲਈ ਕਰਨ ਜੁਗਾੜ ਬੜੇ।

ਰਾਜਨ ਛੱਡ ਦੇ ਸੰਗ ਇਹਨਾਂ ਦਾ ਚੁੱਪ ਕਰ ਕੇ,
ਬਾਹਰੋਂ ਚਮਕਣ ਅਸਲ 'ਚ ਹੈਨ ਕਬਾੜ ਬੜੇ।

ਉੱਤੋਂ ਬਣਦੇ ਨੇ ਰਖਵਾਲੇ ਇੱਜ਼ਤ ਦੇ।
ਐਪਰ ਵਿੱਚੋਂ ਨਿਕਲਣਗੇ ਭਰਿਆੜ ਬੜੇ।

ਸਾਹਿਤ ਕਲਾ ਦੇ ਉਂਝ ਰਖਵਾਲੇ ਬਣਦੇ ਨੇ,
ਓਦਾਂ ਮਾਂ ਦੀ ਬੋਲੀ ਦੀ ਲੀਹ ਪਾੜ ਬੜੇ।

ਸੱਚ ਕਿਸੇ ਦਾ ਆਵੇ ਸਾਹਵੇਂ ਦੜ ਵੱਟਣ,
ਕਰ ਕੇ ਰੱਖਣ ਤਦ ਇਹ ਬੰਦ ਕਿਵਾੜ ਬੜੇ।

**ਰਾਜਨਦੀਪ ਕੌਰ ਮਾਨ**
91-62393-26166



## ਬਾ-ਮੁਲਾਹਜ਼ਾ ਹੋਸ਼ਿਆਰ!

ਇਕ 'ਕੱਲੇ ਦੀ ਜਗਾਹ ਜੇ 'ਦੋ' ਹੋਵਣ
ਬਣੇ 'ਗਿਆਰਾਂ' ਦੀ ਫੇਰ ਲਲਕਾਰ ਵੀਰੋ।

ਦੁਸ਼ਮਣ ਪਾੜ ਕੇ ਤੁਹਾਨੂੰ ਨਾ ਜਿੱਤ ਜਾਵੇ
ਆਪਸ ਵਿੱਚੀਂ ਨਾ ਕਰੋ ਤਕਰਾਰ ਵੀਰੋ।

ਫੁੱਟੀ ਅੱਖ ਨਾ ਭਾਉਂਦਾ ਵਿਰੋਧੀਆਂ ਨੂੰ
ਬਣਿਆਂ ਹੋਇਆ ਪੰਜਾਬ 'ਸਰਦਾਰ' ਵੀਰੋ।

ਜਦੋ ਜਹਿਦ ਤੁਹਾਡੀ ਦੀ ਗੂੰਜ ਪਹੁੰਚੀ
ਅੰਤਰਰਾਸ਼ਟਰੀ ਹੱਦਾਂ ਦੇ ਪਾਰ ਵੀਰੋ।

ਦੇਖੋ ਹਾਕਮ ਮੱਕਾਰੀ 'ਤੇ ਉੱਤਰ ਆਇਆ
ਬਾ-ਮੁਲਾਹਜ਼ਾ ਹੁਣ ਰਿਹੋ ਹੁਸ਼ਿਆਰ ਵੀਰੋ।

ਸ਼ਾਂਤਮਈ ਸੰਘਰਸ਼ ਨੂੰ 'ਗਰਮ' ਕਰਕੇ
ਪਾਉਣਾ ਔਝੜੇ ਚਾਹੁੰਦੀ ਸਰਕਾਰ ਵੀਰੋ!

**-ਤਰਲੋਚਨ ਸਿੰਘ 'ਦੁਪਾਲ ਪੁਰ'**
001-408-915-1268



## ਸੱਚ

ਸੱਚ ਕਈਆਂ ਨੂੰ ਮਾੜਾ ਲਗਦਾ।
ਨਿੰਮ ਦਾ ਕੌੜਾ ਕਾੜ੍ਹਾ ਲਗਦਾ।

ਬੋਲਣ ਤੋਂ ਸੱਚ ਹਰ ਹੀ ਡਰਦਾ
ਚਾਹੇ ਨਾ ਹੈ ਭਾੜਾ ਲਗਦਾ।

ਹਰ ਇੱਕ ਸੱਚ ਨੂੰ ਘੇਰੀ ਫਿਰਦਾ
ਮੈਨੂੰ ਤਾੜਮ ਤਾੜਾ ਲਗਦਾ।

ਸ਼ੀਤਲ ਮਨ ਤੋਂ ਮੈਂ ਸੱਚ ਬੋਲਾਂ
ਤਾਂ ਵੀ ਤੇਰੇ ਸਾੜਾ ਲਗਦਾ।

ਉਹ ਤਾਂ ਬਾਹਲਾ ਤੜਫੇ ਯਾਰੋ
ਸੱਚ ਨੂੰ ਜਿਸ ਤੋਂ ਰਾੜ੍ਹਾ ਲਗਦਾ।

ਸੱਚ ਵੀ ਕਹਿੰਦਾ ਮੌਤ ਵਿਆਹੂੰ
ਇਹ ਵੀ ਅੜਬੀ ਲਾੜਾ ਲਗਦਾ।

ਚੌਧਰ ਝੂਠੇ ਦੀ ਹੈ ਖੁਸਦੀ
ਏਸੇ ਗੱਲ ਦਾ ਪਾੜਾ ਲਗਦਾ।

ਉਸ ਦੀ ਹੋਂਦ ਮੁਕਾਉਂਦੇ ਝੂਠੇ
ਜੋ ਵੀ ਸੱਚ ਦਾ ਘਾੜਾ ਲਗਦਾ

ਝੂਠੇ ਕੰਨੀਂ ਉਂਗਲਾਂ ਦਿੰਦੇ
ਜਦ ਵੀ ਸੱਚ ਦਾ ਖਾੜਾ ਲਗਦਾ।

**ਹਰਦੀਪ ਬਿਰਦੀ**
91-90416-00900

## ਕਿਸਾਨ ਦੀ ਕਹੀ

ਅੰਨ ਉਗਾਉਣ ਵਾਲੇ ਅੱਤਵਾਦੀ ਨਹੀਂ ਹੋ ਸਕਦੇ
ਹੱਕ ਮੰਗਣ ਵਾਲੇ ਵੱਖਵਾਦੀ ਨਹੀਂ ਹੋ ਸਕਦੇ
ਸੱਚ ਅੱਗੇ ਝੂਠ ਹਿੱਕ ਤਣੇਗਾ ਕਿੱਦਾਂ
ਤੁਹਾਡੇ ਮਹਿਲਾਂ ਵਿੱਚ ਭੋਜਨ ਬਣੇਗਾ ਕਿੱਦਾਂ
ਜੇ ਉਨ੍ਹਾਂ ਬੀਜੀ ਨਾ ਫਸਣ ਰੋਵੋਗੇ ਭੁੱਖਮਰੀ ਪਈ ਨੂੰ
ਦਿਲ ਕਰਦਾ ਸੋਨੇ ਚ ਮੜ੍ਹਾ ਦਿਆਂ ਮੈਂ ਕਿਸਾਨ ਦੀ ਕਹੀ ਨੂੰ

ਕੁਰਸੀਆਂ ਤੇ ਵਹਿ ਕੇ ਹੁਕਮ ਚਲਾਉਣੇ ਸੌਖੇ ਨੇ
ਪੋਹ ਤੇ ਹਾੜ੍ਹ ਵਿੱਚ ਪਾਣੀ ਲਾਹੁਣੇ ਔਖੇ ਨੇ
ਰੇਹਾਂ ਸਪਰੇਆਂ ਜਾਨ ਕੱਢਦੀਆਂ ਨੇ
ਘਰ ਦੇ ਖਰਚੇ ਚਲਾਉਣੇ ਔਖੇ ਨੇ
ਪੱਕੀ ਫਸਲ ਤੇ ਜਦੋਂ ਬੱਦਲ ਗੱਜਦਾ ਏ
ਮੂੰਹ ਨੂੰ ਪਾਣੀ ਦੇ ਘੁੱਟ ਵੀ ਲਾਉਣੇ ਔਖੇ ਨੇ
ਕੋਈ ਸ਼ੌਕ ਨਹੀਂ ਸੜਕਾਂ ਤੇ ਧਰਨੇ ਲਾਵਣ ਦਾ
ਘਰੋਂ ਨਿਕਲੇ ਹਾਂ ਸਿਰ ਤੇ ਆਣ ਪਈ ਨੂੰ
ਦਿਲ ਕਰਦਾ ਸੋਨੇ ਚ ਮੜ੍ਹਾ ਦਿਆਂ ਮੈਂ ਕਿਸਾਨ ਦੀ ਕਹੀ ਨੂੰ

**ਮਨਦੀਪ ਖਾਨਪੁਰੀ**
97791-79060



# ਲੋਕ ਸਾਹਿਤ ਸੰਗਮ ਦੀ ਸਾਹਿਤਕ ਮਹਿਫ਼ਿਲ ਵਿਚ ਕਵੀਆਂ ਨੇ ਰੰਗ ਬੰਨਿਆ

**ਰਾਜਪੁਰਾ –** ਲੋਕ ਸਾਹਿਤ ਸੰਗਮ ਦੀ ਸਾਹਿਤਕ ਮਹਿਫ਼ਿਲ ਰੋਟਰੀ ਭਾਵਾਂ ਵਿਚ ਡਾ ਗੁਰਵਿੰਦਰ ਅਮਨ ਦੀ ਰਹਿਨੁਮਾਈ ਹੇਠ ਹੋਈ। ਸਭ ਦਾ ਆਗਾਜ਼ ਅਮਰਜੀਤ ਸਿੰਘ ਲੁਬਾਣਾ ਨੇ ਹਿੰਦੀ ਗੀਤ 'ਤੇਰੀ ਚੁੱਪ ਸੀ ਖਾਮੋਸ਼ੀ 'ਸੁਣਾਇਆ। ਕਰਮ ਸਿੰਘ ਹਕੀਰ ਨੇ 'ਮੇਰੇ ਦਿਲ ਦੀ ਸੱਖਣੀ ਮੋਮਟੀ 'ਤੇ ਕੋਈ ਦੀਵਾ ਨੀ ਪਿਆਰ ਵਾਲਾ ਧਰ ਨੀ ਗਿਆ 'ਸੁਣਾਕੇ ਚੰਗਾ ਰੰਗ ਬੰਨਿਆ। ਦਲਜੀਤ ਸਿੰਘ ਸ਼ਾਂਤ ਨੇ 'ਮਿੱਤਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ ਬਹੁਤ ਹੀ ਸੁਰੀਲੀ ਆਵਾਜ਼ ਵਿਚ ਸੁਣਾਕੇ ਮੰਤਰਮੁਗਧ ਕੀਤਾ। ਕਵੀ ਅੰਗਰੇਜ ਕਲੇਰ ਨੇ 'ਮੈ ਅੱਜ ਅਚਾਨਕ ਹੀ ਸ਼ੀਸ਼ੇ ਤੋਂ ਆਪਣਾ ਚੇਹਰਾ ਵੇਖਦਾਂ ਹਾਂ ;ਸੁਣਾਕੇ ਪ੍ਰਪੱਕਦਾ ਦਾ ਸਬੂਤ ਦਿੱਤਾ। ਨੌਜਵਾਨ ਕਵੀ ਗੁਰਵਿੰਦਰ ਆਜ਼ਾਦ ਨੇ ਮੈ ਰਾਹੀਂ ਤੁਰਿਆ ਮੰਜਲ ਨੂੰ 'ਸੁਣਾਕੇ ਮਹਿਫ਼ਿਲ ਨੂੰ ਸੰਵੇਦਨ ਮੁਦਰਾ ਵਿਚ




ਕਰ ਦਿੱਤਾ। ਭਾਈ ਮਾਨ ਸਿੰਘ ਜੰਡੋਲੀ ਨੇ ਕਿਸਾਨ ਅੰਦੋਲਨ ਨੂੰ ਸਮਰਪਿੱਤ 'ਇਕ ਦਿਨ ਮੈ ਸਹਿਜ਼ ਸੁਭਾਅ ਗਧੇ ਕੋਲ ਦੀ ਸੀ ਲੰਘਿਆ ਸੁਣਕੇ ਮਹਿਫ਼ਿਲ ਲੁੱਟ ਲਈ। ਮਧੁਰ ਆਵਾਜ਼ ਵਿਚ ਗੀਤ ਵੀ ਸੁਣਾਇਆ।

ਗੀਤਕਾਰ ਸੁਰਿੰਦਰ ਸਿੰਘ ਸੋਹਣਾ ਰਾਜੇਮਾਜਰੀਆ ਨੇ ਅਜੋਕੇ ਸਮੇ ਦੀ ਤਜਿ ਦਾਸਤਾਂ 'ਠੋਕੋ ਤਾਲੀ ਲਾ ਤਾ ਛੱਕਾ ਸੁਣਕੇ ਮਾਹੌਲ ਰੰਗੀਨ ਕਰਤਾ। ਸੰਗਮ ਦੇ ਪ੍ਰਧਾਨ ਡਾ ਗੁਰਵਿੰਦਰ ਅਮਨ ਨੇ 'ਬੋਟ ਦੀ ਆਵਾਜ਼ 'ਸੁਣਾਕੇ ਅਜੋਕੇ ਸਮੇਂ ਅੰਤਰ ਆਤਮਾ ਨੂੰ ਹਲੂਣਦਿਆਂ ਚੰਗਾ ਕਟਾਕਸ਼ ਕੀਤਾ। ਸੁਰਿੰਦਰ ਸੋਹਣਾ ਨੇ ਜਿੱਥੇ ਵਧੀਆ ਗੀਤ ਸੁਣਾਇਆ ਉੱਥੇ ਸਟੇਜ ਦੀ ਕਾਰਵਾਈ ਬਖ਼ੂਬੀ ਚਲਾਈ।

**– ਡਾ ਗੁਰਵਿੰਦਰ ਅਮਨ**

# ਨਟਾਲੀ ਰੰਗ ਮੰਚ ਰਜਿ: ਗੁਰਦਾਸਪੁਰ ਅਤੇ 'ਇਪਟਾ' ਵੱਲੋਂ ਪ੍ਰੋ: ਆਈ ਸੀ ਨੰਦਾ ਨੂੰ ਨਾਟਕਾਂ ਰਾਹੀਂ ਕੀਤਾ ਯਾਦ ਗਿਆ







**ਪ੍ਰੀਤਮ ਲੁਧਿਆਣਵੀ**
9876428641

ਨਟਾਲੀ ਰੰਗ ਮੰਚ ਰਜਿ: ਗੁਰਦਾਸਪੁਰ ਅਤੇ 'ਇਪਟਾ' (ਇੰਡੀਅਨ ਪੀਪਲਜ ਥਿਏਟਰ ਐਸੋਸੀਏਸ਼ਨ) ਗੁਰਦਾਸਪੁਰ ਵੱਲੋਂ ਪੰਜਾਬੀ ਹਿੰਦੀ ਵਿਭਾਗ ਐਸ ਡੀ ਕਾਲਜ ਫਾਰ ਵੋਮੈਨ ਦੇ ਸਹਿਯੋਗ ਨਾਲ ਪੰਜਾਬੀ ਨਾਟਕਾਂ ਦੇ ਪਿਤਾਮਾ ਨਾਟਕਕਾਰ ਪ੍ਰੋਫੈਸਰ ਈਸ਼ਵਰ ਚੰਦਰ ਸ਼ੇਖਰ ਨੰਦਾ ਜੀ ਨੂੰ ਉਨ੍ਹਾਂ ਦੇ 129 ਵੇਂ ਜਨਮ ਦਿਹਾੜੇ 'ਤੇ ਯਾਦ ਕੀਤਾ ਗਿਆ। ਉਨ੍ਹਾਂ ਦੀ ਯਾਦ ਵਿੱਚ ਸਭਿਆਚਾਰਕ ਪ੍ਰੋਗਰਾਮ ਪੰਡਤ ਮੋਹਨ ਲਾਲ ਐਸ ਡੀ ਕਾਲਜ ਫਾਰ ਵੋਮੈਨ ਗੁਰਦਾਸਪੁਰ ਵਿੱਚ ਕੀਤਾ ਗਿਆ। ਜਿਸ ਵਿੱਚ ਲੋਕ ਕਲਾ ਮੰਚ ਕਪੂਰਥਲਾ ਵਲੋਂ ਸ. ਇੰਦਰਜੀਤ ਸਿੰਘ ਰੂਪੋਵਾਲੀ ਜਨਰਲ ਸਕੱਤਰ 'ਇਪਟਾ' ਪੰਜਾਬ ਦੀ ਨਿਰਦੇਸ਼ਨਾ ਹੇਠ ਗੁਰਸ਼ਰਨ ਸਿੰਘ ਉਰਫ ਭਾਈ ਮੰਨਾ ਸਿੰਘ ਜੀ ਦਾ ਲਿਖਿਆ ਚਰਚਿਤ ਕਾਮੇਡੀ ਨਾਟਕ 'ਪਲਾਨਿੰਗ' ਖੇਡ੍ਹਿਆ ਗਿਆ। ਜਿਸ ਵਿੱਚ ਵੱਖ-ਵੱਖ ਸਰਕਾਰੀ ਤੇ ਗੈਰਸਰਕਾਰੀ ਕੰਪਨੀਆਂ ਦੇ ਏਜੰਟ ਆਪਣੇ ਮੁਫਾਦਾਂ ਲਈ ਕਿਵੇਂ ਪ੍ਰੇਸ਼ਾਨ ਕਰਦੇ ਹਨ ਦੱਸਿਆ ਗਿਆ ਹੈ। ਇਸਤੋਂ ਇਲਾਵਾ ਪੰਜਾਬੀ ਦੇ ਨਾਮਵਰ ਲੇਖਕ ਬਲਦੇਵ ਸਿੰਘ ਸੜਕਨਾਮਾ ਦਾ ਲਿਖਿਆ ਝੂਠੇ ਕਰਮ ਕਾਂਡਾਂ ਦਾ ਖੰਡਣ ਕਰਦਾ ਤਰਕਪੂਰਨ ਨਾਟਕ,'ਪੰਡਤ ਬਲਾਕੀ ਰਾਮ' ਵੀ ਬੜੀ ਸਫਲਤਾ ਪੂਰਵਕ ਖੇ-ਡਿਆ ਗਿਆ। ਸ਼ਹੀਦ ਭਗਤ ਸਿੰਘ ਜੀ ਦੇ ਸੁਪਨਿਆਂ ਤੇ ਆਧ-ਾਰਿਤ ਕੋਰੀਓਗਰਾਫੀ,'ਭਗਤ ਸਿੰਹਾਂ ਤੇਰਾ ਅਜੇ ਵੀ ਦੇਸ਼ ਆਜਾਦ ਨਹੀਂ ਹੋਇਆ' ਪੇਸ਼ਕਾਰੀ ਨੇ ਵੀ ਖ਼ੂਬ ਰੰਗ ਬੰਨ੍ਹਿਆ। ਮੰਗਲਦੀਪ ਸਟੇਟ ਐਵਾਰਡੀ ਤੇ ਪ੍ਰਿੰਸੀਪਲ ਸੁਖਬੀਰ ਸਿੰਘ ਨੇ ਗੀਤ, ਰਜਿੰਦਰ ਰਾਜ ਕਲਾਨੌਰ, ਡਾਕਟਰ ਗੁਰਚਰਨ ਗਾਂਧੀ, ਜੋਧ ਸਿੰਘ ਲੈਕਚਰਾਰ ਸਟੇਟ ਐਵਾਰਡੀ ਰਛਪਾਲ ਸਿੰਘ ਘੁੰਮਣ, ਮਾਸਟਰ ਸੰਤੋਖ ਸਿੰਘ, ਸਿਮਰਦੀਪ ਕੌਰ, ਚਰਨਪ੍ਰੀਤ ਕੌਰ, ਪ੍ਰੀਤੀ ਕੌਰ, ਸੁਰਖਾਬ ਸੈਲੀ ਅਸਿੱਸਟੈਂਟ ਪ੍ਰੋਫੈਸਰ ਤੇ ਗੁਰਮੀਤ ਸਿੰਘ ਬਾਜਵਾ ਨੇ 'ਲਾਲ ਖ਼ੂਨ ਅੱਜ ਚਿੱਟਾ ਹੋ ਰਿਹਾ ਏ, ਚਿੱਟੇ ਵਾਲ ਹੋਏ ਨੇ ਲਾਲ ਇਥੇ' ਕਵਿਤਾਵਾਂ ਪੇਸ਼ ਕੀਤੀਆਂ। ਇਸ ਸਭਿਆਚਾਰਕ ਸਮਾਗਮ ਦੀ ਪ੍ਰਧਾਨਗੀ ਵਿਸ਼ੇਸ਼ ਮਹਿਮਾਨ ਉਘੇ ਸੁਤੰਤਰਤਾ ਸੈਨਾਨੀ ਮਹਾਸ਼ਾ ਪੂਰਨ ਚੰਦ ਦੇ ਸਪੁੱਤਰ ਸ੍ਰੀ ਯੁਧਵੀਰ ਸਿੰਘ ਸੌਰੀਆ ਚੱਕਰ ਪੱਤਰ ਪ੍ਰਾਪਤ (ਬਹਾਦਰੀ ਪੁਰਸਕਾਰ) ਨੇ ਕੀਤੀ। ਪ੍ਰਿੰਸੀਪਲ ਸ੍ਰੀਮਤੀ ਨੀਰੂ ਸ਼ਰਮਾ ਨੇ ਸਮੁੱਚੇ ਸਟਾਫ ਵਲੋਂ ਆਏ ਹੋਏ ਮਹਿਮਾਨਾਂ ਨੂੰ ਜੀ ਆਇਆਂ ਕਿਹਾ ਤੇ ਧੰਨਵਾਦ ਕੀਤਾ। ਇਸ ਮੌਕੇ ਤੇ ਨਟਾਲੀ ਰੰਗ ਮੰਚ ਤੇ 'ਇਪਟਾ' ਗੁਰਦਾਸਪੁਰ ਦੇ ਪ੍ਰਧਾਨ ਜੀ ਐਸ ਪਾਹੜਾ ਨੇ ਬੱਚਿਆਂ ਨੂੰ ਆਪਣੇ ਹੱਕਾਂ ਅਤੇ ਫਰਜਾਂ ਪ੍ਰਤੀ ਸੁਚੇਤ ਰਹਿਣ ਅਤੇ ਆਪਣੇ ਹੱਕਾਂ ਲਈ ਡੱਟ ਕੇ ਪਹਿਰਾ ਦੇਣ ਲਈ ਪ੍ਰੇਰਿਤ ਕੀਤਾ। ਜਨਰਲ ਸਕੱਤਰ ਗੁਰਮੀਤ ਸਿੰਘ ਬਾਜਵਾ ਸਟੇਟ ਆਵਰਡੀ ਨੇ ਸਟੇਜ ਸੰਚਾਲਨ ਬਾਖ਼ੂਬੀ ਨਿਭਾਇਆ ਅਤੇ ਭਗਤ ਸਿੰਘ ਦੇ ਸੁਪਨਿਆਂ ਦਾ ਸੰਸਾਰ ਸਿਰਜਣ ਲਈ ਹਾਜ਼ਰੀਨ ਨੂੰ ਭਗਤ ਸਿੰਘ ਦੇ ਫਲਸਫੇ ਨੂੰ ਪੜ੍ਹਨ- ਸਮਝਣ ਅਤੇ ਉਸ ਤੇ ਚੱਲਣ ਲਈ ਲਾਮਬੰਦ ਹੋਣ ਦਾ ਸੰਦੇਸ਼ ਦਿੱਤਾ। ਪ੍ਰਿੰਸੀਪਲ ਕੁਲਵੰਤ ਸਿੰਘ, ਡਾਕਟਰ ਅਵਤਾਰ ਸਿੰਘ ਰੰਧਾਵਾ, ਅਮਰੀਕ ਸਿੰਘ ਮਾਨ, ਸਰਵਨ ਸਿੰਘ ਮਾਨ, ਮਨਪ੍ਰੀਤ ਸਿੰਘ ਵਰਸੋਲਾ, ਬਲਜਿੰਦਰ ਸਿੰਘ, ਕਸ਼ਮੀਰ ਸਿੰਘ ਮਾੜੀ, ਚਰਨਜੀਤ ਸਿੰਘ ਜੇ ਈ, ਮਾਸਟਰ ਸੁਭਾਸ਼, ਨਵਰਾਜ ਸਿੰਘ ਸੰਧੂ, ਡਾਕਟਰ ਸੁਖਵਿੰਦਰ ਕੌਰ ਤੇ ਪੁਨੀਤ ਸਹਿਗਲ ਆਦਿ ਵੀ ਇਸ ਮੌਕੇ ਤੇ ਹਾਜ਼ਰ ਸਨ।

Raja
SWEETS & CATERING
AUTHORIZED CATERER FOR MAJOR 5-STAR HOTELS



ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor

CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que

ADDITIONAL SERVICE
Warmers | Chaffing Dishes
China & Silverware
Linen Rental | Waiters
Bartenders



CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on: facebook rajasweetsandcatering
Follow us on Twitter rajasweets




INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
ਤੁਹਾਡਾ ਆਪਣਾ ਮਨਭਾਉਂਦਾ ਸਟੋਰ
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC ARTIFICIAL JEWELRY, SWEETS, FRESH VEGETABLES & MORE..


ਕਸ਼ਮੀਰ ਸਿੰਘ ਹੀਰਾ


ਬਰਿੰਦਰ ਬੈਂਗੜ

Super Eyebrow Threading Now Open
Eyebrow Threading & Henna Tattoo
7 times, Get 8th one free!




Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell : 916-798-8142
Email: IndiaMarketRoseville@gmail.com




HAPPY BAZAAR
HAPPY BAZAAR
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
CALL US
Ph: (209) 478-0285
Fax: (209) 477-3206
We sell Air Tickets ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304 E Hammer Lane # 7 Stockton CA 95212
EMAIL: indiabazaar08@yahoo.com



Kash FABRICS
ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ



ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ
ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਬ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।
KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138





# KB USED AUTO SALES



**8655 B Monterey Street Gilroy, CA 95020**

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ



Kashmiri Bhatia & his wife

## K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust

## CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

# AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



**ਪੁਰਾਣੇ ਟਾਇਰਾਂ ਦੀ ਸੇਲ**

**ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ**

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

NEW & USED
TIRES
WASH, LUBE, BRAKES

Call:
530-824-5134

LUCAS OIL LUCAS INJECTOR CLEANER $28.99

Call:
650-642-0697

**3525 Highway 99, West Corning, CA 96021**
Across the Street from TA Truck Stop